ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

ਸਾਡੇ ਲੋਕ
SADE LOK
sadelok.com

27 ਮਾਰਚ ਤੋਂ 2 ਅਪ੍ਰੈਲ 2024

ਸਾਲ 15ਵਾਂ - ਅੰਕ 13
email : info@sadelok.com
Ph. : 510-706-1300
Fax : 925-373-1300

ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਸ਼ਰਧਾ ਨਾਲ ਮਨਾਇਆ ਗਿਆ ਹੋਲੇ ਮਹੱਲਾ ਦਾ ਤਿਉਹਾਰ

(ਦੇਖੋ ਸਫ਼ਾ 38-39 'ਤੇ)

ਭਾਜਪਾ ਨੇ ਪੰਜਾਬ ਦੀ ਸਿਆਸਤ 'ਚ ਮਚਾਇਆ ਤਹਿਲਕਾ

ਕਾਂਗਰਸ ਤੇ ਆਪ ਦੇ ਐਮ.ਪੀ. ਅਤੇ ਐਮ.ਐਲ.ਏ. ਹੋਏ ਬੀ.ਜੇ.ਪੀ. 'ਚ ਸ਼ਾਮਲ

ਨਵੀਂ ਦਿੱਲੀ : ਲੁਧਿਆਣਾ ਤੋਂ ਕਾਂਗਰਸੀ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਭਾਜਪਾ ਹੈੱਡਕੁਆਰਟਰ ਵਿਖੇ ਪਾਰਟੀ 'ਚ ਸ਼ਾਮਲ ਹੋ ਗਏ। ਬਿੱਟੂ ਭਾਜਪਾ ਜਨਰਲ ਸਕੱਤਰ ਵਿਨੋਦ ਤਾਵੜੇ ਦੀ ਮੌਜੂਦਗੀ ਵਿਚ ਪਾਰਟੀ 'ਚ ਸ਼ਾਮਿਲ ਹੋਏ। ਹਾਲਾਂਕਿ ਪੰਜਾਬ ਪ੍ਰਦੇਸ਼ ਭਾਜਪਾ ਪ੍ਰਧਾਨ ਸੁਨੀਲ ਜਾਖੜ ਅਤੇ ਨਾ ਹੀ ਕੋਈ ਹੋਰ ਸੂਬਾਈ ਨੇਤਾ ਬਿੱਟੂ ਦੀ ਸ਼ਮੂਲੀਅਤ ਸਮੇਂ ਨਾਲ ਮੌਜੂਦ ਸੀ। ਕਾਂਗਰਸ ਹਲਕਿਆਂ ਮੁਤਾਬਿਕ ਬਿੱਟੂ ਪਿਛਲੇ ਤਕਰੀਬਨ ਇਕ ਮਹੀਨੇ ਤੋਂ ਭਾਜਪਾ ਆਗੂਆਂ ਨਾਲ ਸੰਪਰਕ 'ਚ ਸਨ। ਰਾਹੁਲ ਗਾਂਧੀ ਦੇ ਕਰੀਬੀ ਮੰਨੇ ਜਾਂਦੇ ਬਿੱਟੂ ਦੀ ਆਪਣੀ ਲੋਕ ਸਭਾ ਹਲਕੇ 'ਚ ਘੱਟ ਮੌਜੂਦਗੀ ਨੂੰ ਲੈ ਕੇ ਕਾਂਗਰਸ ਦੇ ਸੂਬਾਈ ਨੇਤਾਵਾਂ 'ਚ ਕਾਫ਼ੀ ਨਾਰਾਜ਼ਗੀ ਮੰਨੀ ਜਾ ਰਹੀ ਸੀ। ਹਲਕਿਆਂ ਮੁਤਾਬਿਕ ਬਿੱਟੂ ਨੂੰ ਕਾਂਗਰਸ ਵਲੋਂ ਟਿਕਟ ਮਿਲਣ ਨੂੰ ਲੈ ਕੇ ਵੀ ਸ਼ੰਕਾ ਪ੍ਰਗਟਾਈ ਜਾ ਰਹੀ ਸੀ। ਇਸ ਦੌਰਾਨ ਭਾਜਪਾ ਅਤੇ ਵਿਸ਼ੇਸ਼ ਤੌਰ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਲਗਾਤਾਰ ਸੰਪਰਕ ਕਾਰਨ ਬਿੱਟੂ ਪਾਰਟੀ 'ਚ ਸ਼ਾਮਿਲ ਹੋ ਗਏ। ਬਿੱਟੂ ਦੀ

ਪੰਜਾਬ 'ਚ ਵੱਡੀ ਤਬਦੀਲੀ ਦੀ ਸੰਭਾਵਨਾ

(ਦੇਖੋ ਸਫ਼ਾ 22-23 'ਤੇ)

ਆਨੰਦਪੁਰ ਸਾਹਿਬ ਵਿਖੇ ਖ਼ਾਲਸਾਈ ਸ਼ਾਨ ਦਾ ਪ੍ਰਤੀਕ ਹੋਲਾ ਮਹੱਲਾ ਸਜਾਇਆ ਗਿਆ

ਸੰਗਤਾਂ ਨੇ ਨਗਰ ਕੀਰਤਨ ਦਾ ਫੁੱਲਾਂ ਦੀ ਵਰਖਾ ਨਾਲ ਕੀਤਾ ਸੁਆਗਤ

(ਦੇਖੋ ਸਫ਼ਾ 24-26 'ਤੇ)

ਸ਼ਰਾਬ ਨੀਤੀ ਘਪਲੇ, ਘੁਟਾਲੇ, ਮਨੀ ਲਾਂਡਰਿੰਗ ਅਤੇ ਕਾਲੇ ਧੰਨ 'ਚ ਕੇਜਰੀਵਾਲ ਨੂੰ ਹਾਈਕੋਰਟ ਤੋਂ ਕੋਈ ਰਾਹਤ ਨਹੀਂ

ਨਵੀਂ ਦਿੱਲੀ: ਦਿੱਲੀ ਹਾਈ ਕੋਰਟ ਨੇ ਕਥਿਤ ਸ਼ਰਾਬ ਨੀਤੀ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ (ਕਾਲੇ ਧਨ ਨੂੰ ਚਿੱਟਾ ਕਰਨ ਦੇ) ਮਾਮਲੇ 'ਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਲੋਂ ਉਨ੍ਹਾਂ ਦੀ ਗ੍ਰਿਫਤਾਰੀ ਅਤੇ 6 ਦਿਨਾਂ ਦੇ ਰਿਮਾਂਡ ਨੂੰ ਚੁਨੌਤੀ ਦੇਣ ਵਾਲੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਟੀਸ਼ਨ 'ਤੇ ਅੱਜ ਨੋਟਿਸ ਜਾਰੀ ਕੀਤਾ।

ਹਾਲਾਂਕਿ ਜਸਟਿਸ ਸਵਰਨ ਕਾਂਤਾ ਸ਼ਰਮਾ ਨੇ ਮੌਜੂਦਾ ਮੁੱਖ ਮੰਤਰੀ ਨੂੰ ਫਿਲਹਾਲ ਕੋਈ ਰਾਹਤ ਦੇਣ ਤੋਂ ਇਨਕਾਰ ਕਰ ਦਿਤਾ ਅਤੇ ਤੁਰਤ ਰਿਹਾਈ ਦੀ ਮੰਗ ਕੀਤੀ ਵਾਲੀ ਉਨ੍ਹਾਂ ਦੀ ਅੰਤਰਿਮ ਅਰਜ਼ੀ 'ਤੇ ਨੋਟਿਸ ਜਾਰੀ ਕੀਤਾ। ਹਾਈ ਕੋਰਟ ਨੇ ਗ੍ਰਿਫਤਾਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ 54 ਨੂੰ ਆਪਣਾ ਜਵਾਬ ਦਾਇਰ ਕਰਨ ਲਈ 2 ਅਪ੍ਰੈਲ ਤਕ ਦਾ ਸਮਾਂ ਦਿਤਾ। ਫਿਲਹਾਲ ਕੇਜਰੀਵਾਲ ਜੇਲ੍ਹ 'ਚ ਹੀ ਰਹਿਣਗੇ। ਉਨ੍ਹਾਂ ਦੀ ਅਰਜ਼ੀ 'ਤੇ ਅਗਲੀ ਸੁਣਵਾਈ 3 ਅਪ੍ਰੈਲ ਨੂੰ ਹੋਵੇਗੀ।

(ਦੇਖੋ ਸਫ਼ਾ 21 'ਤੇ)

For your Advertisement

Please Call

510-706-1300

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Bhatia & Co, Inc
Certified Public Accountants
Our Services :
- Business Tax (C crop/S corp/LLC etc)
- Individual Tax
- Estate Tax
- Internation Tax (FBAR/FATCA/5471/5472 etc)
- Non-Profit entities
- (Formation,IRS,FTB&DOJ approval)
- Accounting & Payroll
- Sales & Other Taxes
- Financial Audit & Review
- Tax Audit & Representation (IRS/FTB/BOE etc)
- Collection, Lien & Back Taxes
- Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify,1-9 and
- Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Punjabi International Services Inc
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
Harminder Singh Samana
Bonded Immigration Consultant
bond number #10134206
ਆਫਿਸ ਮੈਨੇਜਰ
209-481-7750
209-624-3919
ਪੋਲੀਟੀਕਲ ਅਸਾਈਲਮ ਸਿਟੀਜਨਸ਼ਿਪ ਗਰੀਨਕਾਰਡ
Family Petition Immigration
Travel document Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

ਗੁਰੂਆਂ, ਸ਼ਹੀਦਾਂ, ਸੂਰਬੀਰਾਂ, ਦਾਨੀਆਂ, ਦੇ ਪਰਵਾਸੀਆਂ ਦੀ ਧਰਤੀ

ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ

ਛੇਵੇਂ ਪਾਤਿਸ਼ਾਹ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਸਰਬਤ ਦੇ ਭਲੇ ਮਨੁੱਖਤਾ ਦੀ ਸ਼ਾਂਤੀ ਪ੍ਰਵਾਰਾਂ ਵਿੱਚ ਖੇੜੇ ਖੁਸ਼ੀਆ ਅਤੇ ਪਿਆਰ ਲਈ

26 ਅਪ੍ਰੈਲ ਨੂੰ Gurdwara Sahib Turlock

ਵਿਖੇ ਸ਼੍ਰੀ ਅਖੰਡਪਾਠ ਸਾਹਿਬ ਅਰੰਭ ਹੋਣਗੇ ਅਤੇ 28 ਅਪ੍ਰੈਲ ਸ਼੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਸਮੂਹ ਸੰਗਤਾਂ ਦੇ ਚਰਨਾ ਵਿੱਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪ੍ਰਵਾਰ ਤਿੰਨ ਦਿਨ ਹੀ ਹਾਜ਼ਰੀਆਂ ਭਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

ਗੁਰਦੁਆਰਾ ਸਾਹਿਬ ਟਰਲੌਕ

1391 5th Street Turlock CA 95380

ਅਰੰਭ ਸ਼੍ਰੀ ਅਖੰਡਪਾਠ ਸਾਹਿਬ : 26, ਅਪ੍ਰੈਲ ਦਿਨ ਸ਼ੁਕਰਵਾਰ ਸਵੇਰੇ 10:00 ਵਜੇ

ਭੋਗ ਸ਼੍ਰੀ ਅਖੰਡਪਾਠ ਸਾਹਿਬ : 28, ਅਪ੍ਰੈਲ ਦਿਨ ਐਤਵਾਰ ਸਵੇਰੇ 10:00 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਪੰਥ ਦਰਦੀ ਹਾਜ਼ਰੀਆਂ ਭਰਨਗੇ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਸ. ਜੁਗਰਾਜ ਸਿੰਘ ਸਹੋਤਾ (510) 673-0825

ਸ. ਨਿਰਮਲ ਸਿੰਘ ਸਹੋਤਾ (209) 277-0113

ਸ. ਹਰਿੰਦਰ ਸਿੰਘ ਸਹੋਤਾ (209) 606-7795

ਪੱਤਰਕਾਰ ਅੰਮ੍ਰਿਤ ਸਿੰਘ ਮਾਨ ਨੂੰ 'ਉਭਰਦਾ ਪੱਤਰਕਾਰ ਪੁਰਸਕਾਰ'

ਲੰਡਨ : ਸਮਾਚਾਰ ਏਜੰਸੀ ਸਕਾਈ ਨਿਊਜ਼ ਲਈ ਕੰਮ ਕਰਨ ਵਾਲੇ ਸਲੋਹ ਦੇ ਇੱਕ ਪੱਤਰਕਾਰ ਨੂੰ ਇੱਕ ਪ੍ਰਮੁੱਖ ਉਦਯੋਗ ਅਵਾਰਡ ਸਮਾਰੋਹ ਵਿੱਚ 'ਅਪ੍ਰੈਂਟਿਸ ਆਫ ਦਿ ਈਅਰ' ਨਾਲ ਸਨਮਾਨਿਤ ਕੀਤਾ ਗਿਆ। ਅੰਮ੍ਰਿਤ ਸਿੰਘ ਮਾਨ ਨੇ ਅਪ੍ਰੈਂਟਿਸ ਆਫ ਦਿ ਈਅਰ 2024 ਦਾ ਖਿਤਾਬ ਜਿੱਤ ਕੇ ਸਭ ਤੋਂ ਵੱਡਾ ਸਨਮਾਨ ਹਾਸਲ ਕੀਤਾ। ਸਲੋਹ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਪਹਿਲਾਂ ਵੀ ਸਕਾਈ ਨਿਊਜ਼ 'ਤੇ ਮਾਨ ਦੇ ਕੰਮ ਦੀ ਸ਼ਲਾਘਾ ਕੀਤੀ ਹੈ।

ਢੇਸੀ ਨੇ ਕਿਹਾ, 'ਅੰਮ੍ਰਿਤ ਅਤੇ ਸਕਾਈ ਨਿਊਜ਼ ਦੋਵਾਂ ਦੀ ਤਾਰੀਫ਼ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਪ੍ਰਤੀਨਿਧਤਾ ਮਾਇਨੇ ਰੱਖਦੀ ਹੈ - ਇਹ ਬਿਨਾਂ ਸ਼ੱਕ ਦੂਜਿਆਂ ਨੂੰ ਅਜਿਹੀਆਂ ਉਚਾਈਆਂ 'ਤੇ ਪਹੁੰਚਣ ਲਈ ਪ੍ਰੇਰਿਤ ਕਰੇਗਾ।' ਨੈਸ਼ਨਲ ਕਾਉਂਸਿਲ ਫਾਰ ਦਿ ਟਰੇਨਿੰਗ ਆਫ਼ ਜਰਨਲਿਸਟਸ (NCTJ) ਦੁਆਰਾ ਆਯੋਜਿਤ NCTJ ਅਵਾਰਡਜ਼ ਫਾਰ ਐਕਸੀਲੈਂਸ ਵਿਚ ਪੱਤਰਕਾਰਾਂ ਨੂੰ ਇਸ ਤੋਂ ਵੀ ਅੱਗੇ ਜਾਣ ਲਈ ਉਤਸ਼ਾਹਿਤ ਕੀਤਾ ਗਿਆ।

ਖਾਲਸਾ ਸੈਕੰਡਰੀ ਅਕੈਡਮੀ ਦੇ ਸਾਬਕਾ ਵਿਦਿਆਰਥੀ ਮਾਨ ਆਪਣਾ ਏ-ਲੈਵਲ ਪੂਰਾ ਕਰਨ ਤੋਂ ਬਾਅਦ ਸਿੱਧਾ 2021 ਵਿੱਚ ਇੱਕ ਸਿਖਿਆਰਥੀ ਵਜੋਂ ਸਕਾਈ ਨਿਊਜ਼ ਵਿੱਚ ਸ਼ਾਮਲ ਹੋਇਆ। 24-ਘੰਟੇ ਦੇ ਨਿਊਜ਼ ਪਾਵਰਹਾਊਸ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਮਾਨ ਨੇ ਯੂ.ਕੇ. ਯੂਥ ਪਾਰਲੀਮੈਂਟ ਦੇ ਮੈਂਬਰ ਵਜੋਂ ਸੇਵਾ ਕੀਤੀ ਅਤੇ ਪੰਜ ਸਾਲਾਂ ਲਈ ਸਲੋ ਦੇ ਆਪਣੇ ਹਲਕੇ ਦੀ ਨੁਮਾਇੰਦਗੀ ਕੀਤੀ। ਸੋਸ਼ਲ ਮੀਡੀਆ 'ਤੇ ਆਪਣੀ ਜਿੱਤ ਦੀ ਖਬਰ ਨੂੰ ਸਾਂਝਾ ਕਰਦੇ ਹੋਏ ਮਾਨ ਨੇ ਕਿਹਾ, 'ਨੈਸ਼ਨਲ ਕੌਂਸਲ ਫਾਰ ਦੀ ਟਰੇਨਿੰਗ ਆਫ਼ ਜਰਨਲਿਸਟਸ (ਐਨ.ਸੀ.ਟੀ.ਜੇ) ਅਵਾਰਡਜ਼ ਵਿੱਚ 'ਅਪ੍ਰੈਂਟਿਸ ਆਫ ਦਿ ਈਅਰ' ਜਿੱਤ ਕੇ ਬਹੁਤ ਖੁਸ਼ੀ ਹੋਈ। ਇੱਕ ਭਰੋਸੇਮੰਦ ਅਤੇ ਵਧੀਆ ਪੱਤਰਕਾਰ ਬਣਨ ਲਈ ਮੇਰੀ ਮਿਹਨਤ ਅਤੇ ਵਚਨਬੱਧਤਾ ਨੂੰ ਮਾਨਤਾ ਪ੍ਰਾਪਤ ਦੇਖ ਕੇ ਬਹੁਤ ਮਾਣ ਹੈ।'' ਉਸ ਨੇ ਅੱਗੇ ਕਿਹਾ, 'ਪਰ ਸਕਾਈ ਨਿਊਜ਼ ਅਤੇ PA ਮੀਡੀਆ ਅਕੈਡਮੀ ਵਿੱਚ ਮੈਨੂੰ ਮਿਲੇ ਸ਼ਾਨਦਾਰ ਸਮਰਥਨ ਤੋਂ ਬਿਨਾਂ ਸਫਲਤਾ ਸੰਭਵ ਨਹੀਂ ਸੀ - ਤੁਹਾਡਾ ਧੰਨਵਾਦ!' ਦੂਜੇ ਪਾਸੇ ਪੀਏ ਮੀਡੀਆ ਅਕੈਡਮੀ ਦੇ ਉਸ ਦੇ ਸਾਬਕਾ ਟਿਊਟਰ ਸੀਨ ਹੌਵ ਨੇ ਸੋਸ਼ਲ ਮੀਡੀਆ 'ਤੇ ਪੋਸਟ ਕਰਦੇ ਹੋਏ ਇਸ ਖ਼ਬਰ ਦਾ ਜਸ਼ਨ ਮਨਾਇਆ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

Get more BENEFITS at No Cost $0 Premium

Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

Balsani Welders & Builders
We Design, Manufacture & Ship Nationwide

All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences



ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।

ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।







- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION - FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

ਸਾਡੇ ਲੋਕ

S. Iqbal Singh
844-573-3824 | 510 862 2332

433 W Scotts Ave Stockton, CA 95203
PH: (925) 487-7117

ਝੂਲਤੇ ਨਿਸ਼ਾਨ ਰਹੇਂ ਅਕਾਲ ਸਹਾਇ ਪੰਥ ਮਹਾਰਾਜ ਕੇ

ਖ਼ਾਲਸਈ ਜਾਹੋ ਜਲਾਲ ਦੇ ਪ੍ਰਤੀਕ **ਹੋਲਾ ਮਹੱਲਾ** ਦੇ ਪਾਵਨ ਦਿਹਾੜੇ ਨੂੰ ਸਮਰਪਿਤ

13ਵਾਂ ਨਗਰ ਕੀਰਤਨ

ਐਤਵਾਰ, ਅਪ੍ਰੈਲ 7,2024

ਸਾਲਾਨਾ ਸਮਾਗਮ ਮਾਰਚ 25, 2024 ਤੋਂ ਅਪ੍ਰੈਲ 7, 2024 ਤੱਕ

ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ

ਵਿਖੇ ਬੜੇ ਹੀ ਸ਼ਰਧਾ ਭਾਵਨਾ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀ ਜੱਥੇ ਅਤੇ ਵਿਦਵਾਨ ਗੁਰੂ ਜਸ ਸਰਵਣ ਕਰਾਉਣਗੇ। ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋ ਵੱਧ ਹਾਜ਼ਰੀਆਂ ਭਰ ਕੇ ਗੁਰੂ ਸਾਹਿਬਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਭਾਈ ਰਣਜਿੰਦਰ ਸਿੰਘ ਜੀ
ਸ੍ਰੀਨਗਰ ਵਾਲੇ

ਭਾਈ ਪਿੰਦਰਪਾਲ ਸਿੰਘ ਜੀ

ਭਾਈ ਸਰਬਜੀਤ ਸਿੰਘ ਜੀ ਰੰਗੀਲਾ
ਦੁਰਗ ਵਾਲੇ

ਭਾਈ ਸਰਬਜੀਤ ਸਿੰਘ ਜੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ

ਭਾਈ ਇੰਦਰਜੀਤ ਸਿੰਘ ਜੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ

ਭਾਈ ਨਿਰਮਲ ਸਿੰਘ ਜੀ ਨਾਗਪੁਰੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ

ਭਾਈ ਸ਼ਿਰੀਪਾਲ ਸਿੰਘ ਜੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ

ਭਾਈ ਸੁਖਮਨ ਸਿੰਘ ਜੀ
ਦਮਦਮੀ ਟਕਸਾਲ, ਟਰੇਸੀ

ਭਾਈ ਲਖਵਿੰਦਰ ਸਿੰਘ ਜੀ ਸੋਹਲ
ਢਾਡੀ

ਗਿ. ਦਿਲਬਾਗ ਸਿੰਘ ਜੀ
ਦਮਦਮੀ ਟਕਸਾਲ, ਟਰੇਸੀ

ਪ੍ਰੋਗਰਾਮ :

ਮਾਰਚ 25, ਸੋਮਵਾਰ ਤੋ ਅਪ੍ਰੈਲ 6, ਸ਼ਨੀਵਾਰ ਤੱਕ ਰੋਜ਼ਾਨਾ ਸ਼ਾਮ 6.00 ਤੋਂ 9:00 ਤੱਕ ਦੀਵਾਨ ਸੱਜਣਗੇ।

ਅਪ੍ਰੈਲ 7, ਐਤਵਾਰ 9:30 ਤੋਂ 12:30 ਵਜੇ ਤੱਕ ਦੀਵਾਨ ਸਜਣਗੇ।

ਨਗਰ ਕੀਰਤਨ ਦੀ ਆਰੰਭਤਾ ਅਪ੍ਰੈਲ 7, ਐਤਵਾਰ ਨੂੰ 1:00 ਵਜੇ ਹੋਵੇਗੀ।

ਦੋਵੇਂ ਹਫਤੇ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਨਿਰੰਤਰ ਜਾਰੀ ਰਹੇਗੀ ।

ਅਪ੍ਰੈਲ 7, ਐਤਵਾਰ ਨਗਰ ਕੀਰਤਨ ਵਾਲੇ ਦਿਨ
ਗੱਡੀਆਂ ਦੀ ਪਾਰਕਿੰਗ ਗੁਰੂ-ਘਰ ਦੀ ਚਾਰ-ਦਿਵਾਰੀ ਦੇ ਪਿਛਲੇ ਪਾਸੇ ਨਿਯਤ ਜਗਾ ਤੇ ਹੀ ਕੀਤੀ ਜਾਵੇ।

ਸਪੋਰਟਸ ਡੇਅ ਅਪ੍ਰੈਲ 6, ਸ਼ਨਿੱਚਰਵਾਰ ਨੂੰ ਹੋਵੇਗਾ
ਜਿਸ ਵਿੱਚ ਹਰੇਕ **AGE GROUP** ਦੀਆਂ ਵੱਖ-ਵੱਖ ਖੇਡਾਂ ਹੋਣਗੀਆਂ ।

VENDORS CAN CONTACT AT 209-607-4141 FOR STALL REGISTRATION | EMAIL : ggnptracy@gmail.com

ਅੰਮ੍ਰਿਤ ਸੰਚਾਰ

ਅਪ੍ਰੈਲ 6, ਸ਼ਨੀਵਾਰ ਨੂੰ ਸਵੇਰੇ 9 ਵਜੇ

ਪੰਜ ਪਿਆਰੇ ਸਾਹਿਬਾਨ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ। ਕਕਾਰ ਗੁਰੂ-ਘਰ ਵੱਲੋਂ ਦਿੱਤੇ ਜਾਣਗੇ।

ਵੱਲੋਂ : ਬਾਬਾ ਧਰਮ ਸਿੰਘ ਜੀ

GURDWARA GUR NANAK PARKASH DAMDAMI TAKSAL
16101 WEST GRANT LINE RD TRACY CA 95304 | TEL. 209 346 4270

ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ

ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ

ANNUAL SPORTS DAY

ਅਪ੍ਰੈਲ 6, 2024, ਦਿਨ ਸ਼ਨਿੱਚਰਵਾਰ

ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ

ਇਸ ਮੌਕੇ ਵੱਖ-ਵੱਖ ਤਰ੍ਹਾਂ ਦੇ ਲੰਗਰ ਅਤੁੱਟ ਵਰਤਣਗੇ ।

ਖਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਹੋਲਾ ਮਹੱਲਾ ਪੰਥਕ ਰਵਾਇਤ ਅਨੁਸਾਰ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ ਵਿਖੇ ਮਨਾਇਆ ਜਾ ਰਿਹਾ ਹੈ।

ਗੁਰਦੁਆਰਾ ਸਾਹਿਬ ਸੇਵਾਦਾਰਾਂ ਵੱਲੋਂ ਖੇਡਾਂ ਪ੍ਰਤੀ ਰੁਚੀ ਪੈਦਾ ਕਰਨ ਦੇ ਮਨੋਰਥ ਨਾਲ ਵਾਲੀਬਾਲ, ਹਾਕੀ, ਰੱਸਾਕਸ਼ੀ, ਗੱਤਕਾ, ਘੋੜ ਸਵਾਰੀ ਤੋਂ ਇਲਾਵਾ ਬੱਚਿਆਂ, ਬੀਬੀਆਂ ਅਤੇ ਬਜ਼ੁਰਗਾਂ ਦੀਆਂ ਦੌੜਾਂ ਕਰਵਾਈਆਂ ਜਾਣਗੀਆਂ।

ਵਿਸ਼ੇਸ਼ ਗੱਤਕਾ ਮੁਕਾਬਲਾ ਅਤੇ ਦਸਤਾਰ ਸਿਖਲਾਈ ਕੈਂਪ ਲਗਾਇਆ ਜਾਵੇਗਾ।

ਸਮੂਹ ਸੰਗਤਾਂ ਨੂੰ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।

ਹੋਲਾ ਮਹੱਲਾ

ਨਗਰ ਕੀਰਤਨ

ਅਪ੍ਰੈਲ 7, 2024

Organizer :
GURU ANGAD DEV JI KHALSA SCHOOL
DAMDAMI TAKSAL TRACY

Register your Volleyball & Rassa Kasi team at
https://tinyurl.com/volleyballtracy

FOR MORE DETAILS CONTACT :-
SARVJIT SINGH : 2097405500
SURJEET SINGH : 2097776724
PARMINDER SINGH : 5107755864

Valley Real Estate Center

Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm, office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property

Property Address : 27022 River Roadm, Newman CA 95260.

RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

ਅਮਰੀਕਾ ਵਿਚ ਗੰਭੀਰ ਦੋਸ਼ਾਂ 'ਚ ਗ੍ਰਿਫ਼ਤਾਰ ਗੁਜਰਾਤੀ ਡਾ. ਦੀਪਕ ਪਟੇਲ ਬਾਂਡ ਤੇ ਰਿਹਾਅ

ਨਿਊਯਾਰਕ (ਰਾਜ ਗੋਗਨਾ)- 11 ਮਾਰਚ ਨੂੰ ਗ੍ਰਿਫ਼ਤਾਰ ਕੀਤੇ ਗਏ ਭਾਰਤੀ ਗੁਜਰਾਤੀ ਡਾ. ਦੀਪਕ ਪਟੇਲ ਨੂੰ 18 ਮਾਰਚ ਨੂੰ 5,000 ਹਜ਼ਾਰ ਡਾਲਰ ਦੇ ਬਾਂਡ 'ਤੇ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਪਰ ਡਾਕਟਰ ਦੀ ਨੌਕਰੀ ਵੀ ਚਲੀ ਗਈ ਹੈ।



ਵਰਜੀਨੀਆ ਸੂਬੇ ਵਿੱਚ ਪ੍ਰੈਕਟਿਸ ਕਰ ਰਹੇ ਗੁਜਰਾਤੀ ਡਾ. ਦੀਪਕ ਪਟੇਲ ਨੂੰ ਗੰਭੀਰ ਦੋਸ਼ਾਂ 'ਚ ਗ੍ਰਿਫ਼ਤਾਰ ਕਰਨ ਤੋਂ ਬਾਅਦ ਅਦਾਲਤ ਨੇ ਬਾਂਡ 'ਤੇ ਰਿਹਾਅ ਕਰ ਦਿੱਤਾ। ਗੁਜਰਾਤੀ ਮੂਲ ਦਾ ਡਾਕਟਰ ਦੀਪਕ ਪਟੇਲ, ਜੋ ਕਿ ਇੱਕ ਨਬਾਲਿਗ ਨੂੰ ਇੱਕ ਮੋਟਲ ਵਿੱਚ ਲਿਜਾਣ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਸੀ ਅਤੇ ਪੇਸ਼ੇ ਤੋਂ ਬਾਲ ਰੋਗਾਂ ਦਾ ਡਾਕਟਰ ਸੀ, ਉਸ ਨੂੰ ਬਾਂਡ 'ਤੇ ਰਿਹਾਅ ਕਰ ਦਿੱਤਾ ਗਿਆ।

ਡਾ. ਦੀਪਕ ਪਟੇਲ ਨੂੰ ਵਰਜੀਨੀਆ ਰਾਜ ਦੀ ਕਲਿਪਰ ਪੁਲਸ ਨੇ 11 ਮਾਰਚ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਇਸ ਸਮੇਂ ਉਸਨੂੰ ਬਾਲ ਅਤੇ ਘਰੇਲੂ ਸਬੰਧਤ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ। ਅਮਰੀਕੀ ਮੀਡੀਆ ਰਿਪੋਰਟਾਂ ਮੁਤਾਬਕ ਡਾ. ਦੀਪਕ ਪਟੇਲ ਨੂੰ ਬੀਤੇ ਦਿਨੀਂ 18 ਮਾਰਚ ਨੂੰ 5,000 ਡਾਲਰ ਦੇ ਬਾਂਡ 'ਤੇ ਰਿਹਾਅ ਕੀਤਾ ਗਿਆ ਸੀ, ਜਿਸ ਦੀ ਅਗਲੀ ਸੁਣਵਾਈ ਹੁਣ 9 ਅਪ੍ਰੈਲ ਨੂੰ ਹੋਣੀ ਹੈ। ਡਾ. ਪਟੇਲ ਦਾ ਕੋਈ ਅਪਰਾਧਿਕ ਇਤਿਹਾਸ ਨਹੀਂ ਸੀ। ਪਰ ਉਸ 'ਤੇ ਤਿੰਨ ਵੱਖ-ਵੱਖ ਦੋਸ਼ ਲਗਾਏ ਗਏ ਹਨ, ਜੋ ਗੰਭੀਰ ਸ਼੍ਰੇਣੀ ਦੇ ਅਧੀਨ ਆਉਂਦੇ ਹਨ।

ਪਹਿਲਾਂ ਇਹ ਜਾਣਿਆ ਜਾਂਦਾ ਸੀ ਕਿ ਡਾ. ਦੀਪਕ ਪਟੇਲ ਇਕ ਕੁੜੀ ਨਾਲ ਮੋਟਲ 'ਤੇ ਗਿਆ ਸੀ ਪਰ ਅਦਾਲਤ 'ਚ ਪੇਸ਼ ਦਸਤਾਵੇਜ਼ਾਂ ਦੇ ਮੁਤਾਬਕ ਇਸ ਮਾਮਲੇ 'ਚ ਪੀੜਤ 16 ਸਾਲਾ ਦਾ ਲੜਕਾ ਹੈ, ਜਿਸ ਨਾਲ ਡਾ. ਪਟੇਲ ਨੇ ਪਹਿਲੀ ਵਾਰ ਲੰਘੇ ਸਾਲ ਅਕਤੂਬਰ 2023 ਵਿੱਚ ਸੰਪਰਕ ਕੀਤਾ ਸੀ। ਇੱਕ ਦੂਜੇ ਨੂੰ ਵਿਅਕਤੀਗਤ ਰੂਪ ਵਿੱਚ ਮਿਲਣ ਤੋਂ ਪਹਿਲਾਂ ਡਾ. ਪਟੇਲ ਅਤੇ ਪੀੜਤ ਵੱਟਸਅਪ ਰਾਹੀਂ ਸੰਪਰਕ ਵਿੱਚ ਰਹੇ ਅਤੇ ਦਸੰਬਰ 2023 ਵਿੱਚ ਪਹਿਲੀ ਵਾਰ ਮਿਲੇ। ਡਾ. ਪਟੇਲ ਨੂੰ ਹੁਣ ਸ਼ਰਤਾਂ ਅਧੀਨ ਬਾਂਡ 'ਤੇ ਰਿਹਾਅ ਕੀਤਾ ਗਿਆ ਹੈ ਕਿ ਉਸ ਨੂੰ ਪੀੜਤ ਤੋਂ 300 ਫੁੱਟ ਦੀ ਦੂਰੀ 'ਤੇ ਰਹਿਣ, ਕੋਈ ਹਥਿਆਰ ਨਾ ਰੱਖਣ, ਸ਼ਰਾਬ ਅਤੇ ਨਸ਼ੇ ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ। ਇੰਨਾ ਹੀ ਨਹੀਂ ਅਦਾਲਤ ਨੇ ਹੁਕਮ ਸੁਣਾਇਆ ਹੈ ਕਿ ਡਾ. ਪਟੇਲ 21 ਸਾਲ ਤੋਂ ਵੱਧ ਦੀ ਉਮਰ ਦੇ ਵਿਅਕਤੀ ਦੀ ਨਿਗਰਾਨੀ ਹੇਠ ਹੀ ਮੋਬਾਈਲ ਫ਼ੋਨ ਅਤੇ ਕੰਪਿਊਟਰ ਦੀ ਵਰਤੋਂ ਕਰ ਸਕਣਗੇ। ਹਾਲਾਂਕਿ ਇਹ ਸ਼ਰਤ ਉਦੋਂ ਲਾਗੂ ਨਹੀਂ ਹੋਵੇਗੀ ਜਦੋਂ ਉਹ ਆਪਣੇ ਵਕੀਲ ਨਾਲ ਫੋਨ ਤੇ ਗੱਲ ਕਰ ਰਿਹਾ ਹੋਵੇਗਾ।

ਮੂਸੇਵਾਲਾ ਦੇ ਪਿਤਾ ਅਤੇ ਨਵਜੰਮੇ ਸ਼ੁਭਦੀਪ ਦੀਆਂ ਤਸਵੀਰਾਂ ਟਾਈਮਜ਼ ਸਕੁਏਅਰ ਤੇ ਪ੍ਰਦਰਸ਼ਿਤ

ਨਿਊਯਾਰਕ (ਰਾਜ ਗੋਗਨਾ)- ਬੀਤੇ ਦਿਨ ਨਿਊਯਾਰਕ ਵਿਖੇ ਨਵਜੰਮੇ ਸ਼ੁਭਦੀਪ ਦੀਆਂ ਤਸਵੀਰਾਂ ਟਾਈਮਜ਼ ਸਕੁਏਅਰ ਬਿਲਬੋਰਡ 'ਤੇ ਸਾਹਮਣੇ ਆਈਆਂ, ਜਿਸ ਵਿੱਚ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਅਤੇ ਨਵਜੰਮੇ ਸ਼ੁਭਦੀਪ ਦੀਆਂ ਤਸਵੀਰਾਂ ਪ੍ਰਦਰਸ਼ਿਤ ਕੀਤੀਆਂ ਗਈਆਂ । ਇਕ ਪ੍ਰਸ਼ੰਸਕ ਨੇ ਇਸ ਘਟਨਾ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਹੈ। ਇਸ ਵੀਡੀਓ ਵਿੱਚ ਬਲਕੌਰ ਸਿੰਘ ਨਵਜੰਮੇ ਮਰਹੂਮ ਰੈਪਰ ਸਿੱਧੂ ਮੂਸੇਵਾਲਾ ਦੇ ਭਰਾ ਨੂੰ ਫੜੀ ਬੈਠਾ ਹੈ।

ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ 58 ਸਾਲ ਦੀ ਉਮਰ ਵਿੱਚ ਇਨ ਵਿਟਰੋ ਫਰਟੀਲਾਈਜੇਸ਼ਨ (ਆਈਵੀਐਫ) ਰਾਹੀਂ ਇੱਕ ਬੱਚੇ ਨੂੰ ਜਨਮ ਦਿੱਤਾ ਹੈ ਅਤੇ ਪਰਿਵਾਰ ਨੇ ਨਵਜੰਮੇ ਬੱਚੇ ਦਾ ਨਾਮ ਸਿੱਧੂ ਮੂਸੇਵਾਲਾ ਦੇ ਅਸਲੀ ਨਾਮ 'ਤੇ ਸ਼ੁਭਦੀਪ ਰੱਖਿਆ ਹੈ। ਇਹ ਘਟਨਾ ਇੰਨੀ ਜ਼ਿਆਦਾ ਵਾਇਰਲ ਹੋ ਗਈ ਹੈ ਕਿ ਅਮਰੀਕਾ ਵਿੱਚ ਵੀ ਇਸ ਦਾ ਅਸਰ ਦੇਖਣ ਨੂੰ ਮਿਲਿਆ ਹੈ। ਪਿਤਾ ਬਲਕੌਰ ਸਿੰਘ ਅਤੇ ਨਵਜੰਮੇ ਬੱਚੇ ਸ਼ੁਭਦੀਪ ਦੀਆਂ ਤਸਵੀਰਾਂ ਨਿਊਯਾਰਕ ਦੇ ਟਾਈਮਜ਼ ਸਕੁਏਅਰ ਵਿੱਚ ਇੱਕ ਬਿਲਬੋਰਡ 'ਤੇ ਪ੍ਰਦਰਸ਼ਿਤ ਕੀਤੀਆਂ ਗਈਆਂ ਸਨ ਅਤੇ ਇਸ ਨੇ ਪ੍ਰਸ਼ੰਸਕਾਂ ਵਿੱਚ ਹਲਚਲ ਮਚਾ ਦਿੱਤੀ ਹੈ।

ਇਕ ਪ੍ਰਸ਼ੰਸਕ ਨੇ ਇਸ ਘਟਨਾ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਹੈ। ਵੀਡੀਓ ਵਿੱਚ ਬਲਕੌਰ ਸਿੰਘ ਨੇ ਨਵਜੰਮੇ ਸ਼ੁਭਦੀਪ ਨੂੰ ਫੜਿਆ ਹੋਇਆ ਹੈ ਅਤੇ ਫਿਰ 1993 ਵਿੱਚ ਜਨਮੇ ਸ਼ੁਭਦੀਪ ਅਤੇ ਹੁਣ ਜਨਮੇ ਸ਼ੁਭਦੀਪ ਦੀਆਂ ਤਸਵੀਰਾਂ ਹਨ। ਇੱਕ ਤਸਵੀਰ ਵਿੱਚ ਸ਼ੁਭਦੀਪ ਆਪਣੇ ਪਿਤਾ ਨਾਲ ਹੈ। ਇਸ ਵੀਡੀਓ ਨੂੰ ਦੇਖਣ ਤੋਂ ਬਾਅਦ ਪ੍ਰਸ਼ੰਸਕਾਂ ਨੇ ਵੀ ਜ਼ਬਰਦਸਤ ਪ੍ਰਤੀਕਿਰਿਆ ਦਿੱਤੀ ਹੈ ਅਤੇ ਸ਼ੁਭਦੀਪ ਨੂੰ ਸਟਾਰ ਅਤੇ ਪੰਜਾਬ ਦਾ ਮਾਣ ਵੀ ਦੱਸਿਆ ਹੈ। ਇੱਕ ਪ੍ਰਸ਼ੰਸਕ ਨੇ ਲਿਖਿਆ ਕਿ ਦੰਤਕਥਾ ਵਾਪਸ ਆ ਗਈ ਹੈ। ਹਾਲਾਂਕਿ ਵਿਦੇਸ਼ੀ ਧਰਤੀ 'ਤੇ ਸਿੱਧੂ ਨੂੰ ਪਿਆਰ ਕਰਨ ਵਾਲੇ ਕਈਆਂ ਲੋਕਾਂ ਨੇ ਪੁੱਛਿਆ ਹੈ ਕਿ ਟਾਈਮਜ਼ ਸਕੁਏਅਰ ਨਿਊਯਾਰਕ ਵਿੱਚ ਸਿੱਧੂ ਮੂਸੇਵਾਲਾ ਨੂੰ ਸ਼ਰਧਾਂਜਲੀ ਦੇਣ ਲਈ ਕਿੰਨਾ ਖਰਚਾ ਆਵੇਗਾ ?

ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ

Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork
- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

Scan This Code for Joining Truck Dispatch Training

WHAT WE WILL PROVIDE
250+ Broker List
350+ Carrier List
27000+ Direct Shipper List
amazon relay
DAT One

SMART PATH
Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333

Learn, Practice, Gain Your Skills
www.smartpathca.com
Learn Online From Home

ਪ੍ਰਵਾਸੀ ਪੰਜਾਬੀਆਂ ਦਾ ਪੰਜਾਬ ਵੱਲ ਰਹਿੰਦਾ ਹੈ ਧਿਆਨ

ਪੰਜਾਬੀ ਮੀਡੀਆ ਵਿਚ ਪ੍ਰਵਾਸੀ ਪੰਜਾਬੀਆਂ ਬਾਰੇ ਅਕਸਰ ਗੱਲ ਚਲਦੀ ਰਹਿੰਦੀ ਹੈ। ਕਦੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਅਤੇ ਕਦੇ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਪ੍ਰੇਸ਼ਾਨੀਆਂ ਸੰਬੰਧੀ। ਕਦੇ ਸੱਤ ਸਮੁੰਦਰੋਂ ਪਾਰ ਕੀਤੇ ਉਨ੍ਹਾਂ ਦੇ ਸੰਘਰਸ਼ ਬਾਰੇ ਅਤੇ ਕਦੇ ਆਪਣੀ ਧਰਤੀ, ਆਪਣੇ ਘਰ-ਪਰਿਵਾਰ ਦੇ ਹੇਰਵੇ ਬਾਰੇ। ਕਦੇ ਵਿਦੇਸ਼ਾਂ ਵਿਚ ਉਨ੍ਹਾਂ ਨਾਲ ਹੁੰਦੇ ਵਿਤਕਰੇ ਦੇ ਪ੍ਰਸੰਗ ਵਿਚ ਅਤੇ ਕਦੇ ਆਰਥਿਕ ਅਸਾਵੇਂਪਨ ਤੇ ਮਹਿੰਗਾਈ ਦੇ ਇਸ ਦੌਰ ਵਿਚ ਜ਼ਿੰਦਗੀ ਦੀ ਤੋਰ ਨੂੰ ਰਵਾਂ ਰੱਖਣ ਵਿਚ ਪੇਸ਼ ਆਉਂਦੀਆਂ ਔਕੜਾਂ ਬਾਰੇ। ਇਨ੍ਹਾਂ ਸਭ ਬਾਰੇ ਗੱਲ ਕਰਦਿਆਂ ਪੰਜਾਬ ਦੀ, ਪੰਜਾਬੀ ਬੋਲੀ ਦੀ, ਪੰਜਾਬੀ ਜੀਵਨ ਦੀ, ਪੰਜਾਬੀ ਸਭਿਆਚਾਰ ਦੀ ਗੱਲ ਆਪਣੇ ਆਪ ਵਿਚ ਸ਼ਾਮਿਲ ਹੋ ਜਾਂਦੀ ਹੈ।

ਇੰਝ ਹੀ ਹੋਇਆ ਜਦ ਬੀਤੇ ਦਿਨੀਂ ਡੀ.ਡੀ. ਪੰਜਾਬੀ ਦੇ ਚਰਚਿਤ ਪ੍ਰੋਗਰਾਮ 'ਗੱਲਾਂ ਤੇ ਗੀਤ' ਵਿਚ ਕੈਨੇਡਾ ਤੋਂ ਆਏ ਸਤਿੰਦਰਪਾਲ ਸਿੰਘ ਸਿਧਵਾਂ ਸ਼ਾਮਿਲ ਹੋਏ। ਉਹ ਚਰਚਿਤ ਮੀਡੀਆ ਸ਼ਖ਼ਸੀਅਤ ਹਨ ਅਤੇ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਚ ਲੰਮੇ ਸਮੇਂ ਤੋਂ ਬੇਹੱਦ ਚਰਚਿਤ ਸ਼ੋਅ 'ਪੰਜਾਬੀ ਲਹਿਰਾਂ' ਦਾ ਪ੍ਰਸਾਰਨ ਕਰ ਰਹੇ ਹਨ।

ਇਕ ਅਨੁਮਾਨ ਅਨੁਸਾਰ ਇਕ ਕਰੋੜ ਦੇ ਲਗਭਗ ਪੰਜਾਬੀ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਜਾ ਵਸੇ ਹਨ। ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਯੂਰਪ ਦੇ ਮੁਲਕਾਂ ਵਿਚ ਇਹ ਗਿਣਤੀ ਵਧੇਰੇ ਹੈ।

ਇਸੇ ਪ੍ਰਸੰਗ ਵਿਚ ਸਤਿੰਦਰਪਾਲ ਸਿੰਘ ਸਿਧਵਾਂ ਨੇ ਦੱਸਿਆ ਕਿ ਭਾਵੇਂ ਉਹ ਵਿਦੇਸ਼ਾਂ ਵਿਚ ਜਾ ਵਸੇ ਹਨ ਪਰ ਉਨ੍ਹਾਂ ਦਾ ਧਿਆਨ ਪੰਜਾਬ ਵੱਲ ਰਹਿੰਦਾ ਹੈ ਕਿਉਂਕਿ ਇੱਥੇ ਉਹ ਜੰਮੇ-ਪਲੇ ਅਤੇ ਆਪਣੇ ਘਰ-ਪਰਿਵਾਰ ਦੇ ਅੰਗ-ਸੰਗ ਉਨ੍ਹਾਂ ਨੇ ਅਨੇਕਾਂ ਵਰ੍ਹੇ ਬਤੀਤ ਕੀਤੇ ਹਨ। ਪੰਜਾਬ ਪ੍ਰਵਾਸੀ ਪੰਜਾਬੀਆਂ ਲਈ ਪੇਕੇ ਘਰ ਵਾਂਗ ਹੈ। ਉਨ੍ਹਾਂ ਦੱਸਿਆ ਕਿ ਕੈਨੇਡਾ ਵਿਚ ਜਿਹੜੇ ਟੈਲੀਵਿਜ਼ਨ ਰੇਡੀਓ ਪ੍ਰੋਗਰਾਮ ਵਿਚ ਪੰਜਾਬ ਤੇ ਪੰਜਾਬੀ ਦੀ ਵਧੇਰੇ ਗੱਲ ਹੁੰਦੀ ਹੈ ਉਨ੍ਹਾਂ ਨੂੰ ਵਧੇਰੇ ਇਸ਼ਤਿਹਾਰ ਮਿਲਦੇ ਹਨ। ਉਥੇ ਜਿਹੜੇ ਘਰਾਂ ਵਿਚ ਬੱਚਿਆਂ ਨੂੰ ਪੰਜਾਬੀ ਬੋਲਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਉਹ ਬੱਚੇ ਆਸਾਨੀ ਨਾਲ ਪੰਜਾਬੀ ਬੋਲਣੀ ਸਿੱਖ ਜਾਂਦੇ ਹਨ। ਕਈ ਸਕੂਲਾਂ ਵਿਚ ਵੀ ਪੰਜਾਬੀ ਪੜ੍ਹਨ ਦੀ ਸਹੂਲਤ ਹੈ ਅਤੇ ਕਈ ਲੋਕਾਂ ਨੇ ਨਿੱਜੀ ਪੱਧਰ 'ਤੇ ਪੰਜਾਬੀ ਸਕੂਲ ਖੋਲ੍ਹੇ ਹੋਏ ਹਨ।

ਕੈਨੇਡਾ ਵਿਚ ਲੇਖਕ ਅਤੇ ਸਾਹਿਤ ਸਭਾਵਾਂ ਬਹੁਤ ਸਰਗਰਮ ਹਨ। ਕੋਈ ਨਾ ਕੋਈ ਪੰਜਾਬੀ ਸਮਾਗਮ-ਸਮਾਰੋਹ ਚਲਦਾ ਹੀ ਰਹਿੰਦਾ ਹੈ। ਸਭ ਤੋਂ ਵੱਧ ਵਿਸ਼ਵ ਪੰਜਾਬੀ ਕਾਨਫਰੰਸਾਂ ਕੈਨੇਡਾ ਵਿਚ ਹੁੰਦੀਆਂ ਹਨ। ਪ੍ਰੋਗਰਾਮ ਦੌਰਾਨ ਸਤਿੰਦਰਪਾਲ ਸਿੰਘ ਸਿੱਧਵਾਂ ਨੇ ਪੰਜਾਬੀ ਪਹਿਰਾਵੇ, ਵਿਆਹ-ਸ਼ਾਦੀਆਂ, ਪੰਜਾਬੀ ਰਵਾਇਤਾਂ ਅਤੇ ਕਦਰਾਂ-ਕੀਮਤਾਂ ਦਾ ਵਿਸ਼ੇਸ਼ ਜ਼ਿਕਰ ਕੀਤਾ।

ਚੋਣ ਕਮਿਸ਼ਨ ਦੀ ਪਹਿਲਕਦਮੀ

ਪੰਜਾਬ ਵਿਚ ਪੇਡ ਨਿਊਜ਼ ਦੇ ਮਾਮਲਿਆਂ 'ਤੇ ਨਿਗਰਾਨੀ ਰੱਖਣ ਲਈ ਚੋਣ ਕਮਿਸ਼ਨ ਨੇ ਜ਼ਿਲ੍ਹਾ ਪੱਧਰ 'ਤੇ ਮੀਡੀਆ ਸਰਟੀਫਿਕੇਸ਼ਨ ਅਤੇ ਮੌਨੀਟਰਿੰਗ ਕਮੇਟੀਆਂ ਬਣਾਈਆਂ ਹਨ। ਸਮਝਿਆ ਜਾ ਰਿਹਾ ਹੈ ਕਿ ਪੇਡ ਨਿਊਜ਼ ਰੋਕਣ ਦੀ ਦਿਸ਼ਾ ਵਿਚ ਇਹ ਇਕ ਚੰਗਾ ਯਤਨ ਹੈ। ਸਖ਼ਤ ਹਦਾਇਤਾਂ ਜਾਰੀ ਕਰਦਿਆਂ ਨੋਡਲ ਅਫ਼ਸਰਾਂ ਨੂੰ ਤੁਰੰਤ ਕਾਰਵਾਈ ਦੇ ਅਧਿਕਾਰ ਦਿੱਤੇ ਗਏ ਹਨ। ਨੋਡਲ ਅਫ਼ਸਰ ਪੇਡ ਨਿਊਜ਼ ਦੀ ਰਿਪੋਰਟ ਕਰਨਗੇ।

ਜਿਵੇਂ-ਜਿਵੇਂ ਚੋਣਾਂ ਨੇੜੇ ਆਉਂਦੀਆਂ ਜਾ ਰਹੀਆਂ ਹਨ, ਤਿਵੇਂ-ਤਿਵੇਂ ਮੀਡੀਆ ਵਿਚ ਚੋਣਾਵੀ ਸਰਗਰਮੀਆਂ ਨੂੰ ਵਧੇਰੇ ਕਵਰੇਜ ਮਿਲਣ ਲੱਗੀ ਹੈ। ਪੇਡ ਨਿਊਜ਼ ਦਾ ਰੁਝਾਨ ਕਾਫ਼ੀ ਪੁਰਾਣਾ ਹੈ ਅਤੇ ਸਮੇਂ ਨਾਲ ਮੀਡੀਆ ਖੇਤਰ ਵਿਚ ਤੇਜ਼ੀ ਨਾਲ ਆ ਰਹੀਆਂ ਤਬਦੀਲੀਆਂ ਕਾਰਨ ਇਹ ਰੁਝਾਨ ਹੋਰ ਵਧਦਾ ਜਾ ਰਿਹਾ ਹੈ। ਪ੍ਰੈੱਸ ਕੌਂਸਲ ਆਫ਼ ਇੰਡੀਆ ਦੁਆਰਾ 2010 ਵਿਚ ਤਿਆਰ ਕੀਤੀ ਗਈ ਇਕ ਖੋਜ-ਆਧਾਰਿਤ ਰਿਪੋਰਟ ਵਿਚ ਇਸ ਰੁਝਾਨ ਦਾ ਖ਼ੁਲਾਸਾ ਵਿਸਥਾਰ ਵਿਚ ਕੀਤਾ ਗਿਆ ਸੀ। ਭਾਵੇਂ ਇਸ ਰੁਝਾਨ ਦੀ ਹਰ ਪਾਸੇ ਹਰ ਪੱਧਰ 'ਤੇ ਆਲੋਚਨਾ ਹੁੰਦੀ ਹੈ ਪਰ ਅਜੇ ਵੀ ਇਹ ਰੁਝਾਨ ਪੂਰੀ ਤਰ੍ਹਾਂ ਰੁਕਿਆ ਨਹੀਂ ਹੈ।

ਮੰਨਿਆ ਜਾ ਰਿਹਾ ਹੈ ਕਿ ਇਸ ਦੀ ਸ਼ੁਰੂਆਤ 1950 ਦੇ ਇਰਦ-ਗਿਰਦ ਹੋਈ, ਜਿਹੜੀ ਸਮੇਂ ਨਾਲ ਵਧਦੀ ਚਲੀ ਗਈ। ਮੀਡੀਆ ਦਾ ਇਕ ਹਿੱਸਾ ਹਰੇਕ ਚੋਣਾਂ ਦੌਰਾਨ ਇਸ ਰੁਝਾਨ ਤੋਂ ਵੱਧ ਤੋਂ ਵੱਧ ਲਾਹਾ ਲੈਣ ਦੀ ਕੋਸ਼ਿਸ਼ ਕਰਦਾ ਹੈ।

ਹੁਣ ਇਕ ਪਾਸੇ ਚੋਣ ਕਮਿਸ਼ਨ ਸਖ਼ਤੀ ਵਿਖਾ ਰਿਹਾ ਹੈ। ਦੂਸਰੇ ਪਾਸੇ ਸੁਪਰੀਮ ਕੋਰਟ ਦੇ ਸਖ਼ਤ ਫ਼ੈਸਲੇ ਆ ਰਹੇ ਹਨ। ਸਰਕਾਰ ਵਲੋਂ ਇੰਟਰਨੈੱਟ ਮੀਡੀਆ 'ਤੇ ਵਿਸ਼ੇਸ਼ ਨਜ਼ਰ ਰੱਖਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਹਦਾਇਤਾਂ ਦਾ ਮਨੋਰਥ ਇਹ ਹੈ ਕਿ ਡਿਜੀਟਲ ਪਲੇਟਫਾਰਮ ਚੋਣ-ਪ੍ਰਕਿਰਿਆ ਨੂੰ ਪ੍ਰਭਾਵਿਤ ਨਾ ਕਰ ਸਕੇ। ਸੰਬੰਧਿਤ ਮਹਿਕਮੇ ਨੇ ਬੀਤੇ ਦਿਨੀਂ ਇਕ ਉੱਚ-ਪੱਧਰੀ ਮੀਟਿੰਗ ਕਰਨ ਉਪਰੰਤ ਐਕਸ (ਟਵਿੱਟਰ), ਇੰਸਟਾ, ਫੇਸਬੁੱਕ ਅਤੇ ਵੱਟਸਐਪ ਜਿਹੇ ਮੰਚਾਂ ਨੂੰ ਸਖ਼ਤੀ ਨਾਲ ਕਿਹਾ ਹੈ ਕਿ ਉਹ ਪੱਖਪਾਤੀ ਸਮੱਗਰੀ ਨੂੰ ਰੋਕਣ ਦੇ ਪੁਖ਼ਤਾ ਪ੍ਰਬੰਧ ਕਰਨ। ਅਜਿਹੇ ਮੌਕਿਆਂ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਵਰਤੋਂ ਦੀਆਂ ਦੁਨੀਆ ਭਰ ਵਿਚੋਂ ਅਨੇਕਾਂ ਉਦਾਹਰਨਾਂ ਸਾਹਮਣੇ ਆ ਰਹੀਆਂ ਹਨ।

ਚੋਣਾਂ ਦੌਰਾਨ ਪੇਡ ਨਿਊਜ਼ ਰੋਕਣ ਲਈ ਚੋਣ ਕਮਿਸ਼ਨ ਦੀ ਪਹਿਲਕਦਮੀ ਸਰਾਹੁਣਯੋਗ ਹੈ। ਚੋਣ ਅਮਲ ਲੰਮਾ ਚੱਲਣ ਕਾਰਨ ਨੋਡਲ ਅਫ਼ਸਰਾਂ ਨੂੰ ਵਧੇਰੇ ਚੌਕਸ ਰਹਿਣ ਦੀ ਲੋੜ ਹੈ। ਪੇਡ ਨਿਊਜ਼ ਦਾ ਸਹਾਰਾ ਲੈਣ ਵਾਲੇ ਮੀਡੀਆ ਨੂੰ ਇਸ ਦੀ ਕੀਮਤ ਤਾਰਨੀ ਪੈਂਦੀ ਹੈ। ਪਾਠਕਾਂ ਅਤੇ ਦਰਸ਼ਕਾਂ ਵਿਚ ਉਸ ਦੀ ਭਰੋਸੇਯੋਗਤਾ ਅਤੇ ਵਿਸ਼ਵਾਸ ਨੂੰ ਵੱਡਾ ਖੋਰਾ ਲਗਦਾ ਹੈ।

-ਪ੍ਰੋ. ਕੁਲਬੀਰ ਸਿੰਘ

ਕੀ ਨੇੜ ਭਵਿੱਖ ਵਿਚ ਅਕਾਲੀ-ਭਾਜਪਾ ਸਮਝੌਤਾ ਸੰਭਵ ਹੈ ?

ਹਰਜਿੰਦਰ ਸਿੰਘ ਲਾਲ

ਜਾਦੂ ਸਾ ਕੋਈ ਤਲਿਸਮ ਹੈ ਉਸਕੀ ਜ਼ੁਬਾਨ,
ਵੋ ਸੱਚ ਭੀ ਕਹੇ ਤੋ ਸੌ ਬਾਰ ਸੋਚਨਾ। (ਲਾਲ ਫ਼ਿਰੋਜ਼ਪੁਰੀ)

ਭਾਰਤ ਦੇ ਗ੍ਰਹਿ ਮੰਤਰੀ ਅਤੇ ਭਾਜਪਾ ਦੇ ਦੂਸਰੇ ਸਭ ਤੋਂ ਵੱਡੇ ਨੇਤਾ ਅਮਿਤ ਸ਼ਾਹ ਨੇ ਇਕ ਵਾਰ ਫਿਰ ਇਹ ਬਿਆਨ ਦਿੱਤਾ ਹੈ ਕਿ ਅਕਾਲੀ-ਭਾਜਪਾ ਗੱਠਜੋੜ ਲਈ ਗੱਲਬਾਤ ਚੱਲ ਰਹੀ ਹੈ ਅਤੇ ਸਥਿਤੀ ਅਗਲੇ ਕੁਝ ਦਿਨਾਂ ਵਿਚ ਸਪੱਸ਼ਟ ਹੋ ਜਾਵੇਗੀ। ਅਮਿਤ ਸ਼ਾਹ ਨੇ ਇਹ ਬਿਆਨ ਦੂਸਰੀ ਵਾਰ ਦਿੱਤਾ ਹੈ। ਸਾਡੀ ਜਾਣਕਾਰੀ ਅਨੁਸਾਰ ਅਜੇ ਤੱਕ ਭਾਜਪਾ ਨੇ ਵਿਧੀਵਤ ਤੌਰ 'ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਕੋਈ ਗੱਲਬਾਤ ਨਹੀਂ ਕੀਤੀ। ਖ਼ਾਸ ਕਰ ਕੇ ਅਮਿਤ ਸ਼ਾਹ ਜਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੱਧਰ 'ਤੇ ਸੁਖਬੀਰ ਸਿੰਘ ਬਾਦਲ ਦੀ ਸਮਝੌਤੇ ਬਾਰੇ ਕੋਈ ਗੱਲਬਾਤ ਨਹੀਂ ਹੋਈ। ਹਾਂ, ਇਸ ਸਮਝੌਤੇ ਨੂੰ ਸਿਰੇ ਚੜ੍ਹਾਉਣ ਲਈ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜ਼ਰੂਰ ਜੀਅ-ਤੋੜ ਯਤਨ ਕਰ ਰਹੇ ਹਨ ਤੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਸਪੱਸ਼ਟ ਰੂਪ ਵਿਚ ਇਸ ਸਮਝੌਤੇ ਦੇ ਸਮਰਥਕ ਹਨ। ਦੂਸਰੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਹ ਇੱਛਾ ਵੀ ਸਪੱਸ਼ਟ ਹੈ ਕਿ ਉਹ ਐੱਨ.ਡੀ.ਏ. (ਕੌਮੀ ਜਮਹੂਰੀ ਗੱਠਜੋੜ) ਦੇ ਪੁਰਾਣੇ ਸਾਥੀਆਂ ਨੂੰ ਵਾਪਸ ਐੱਨ.ਡੀ.ਏ. ਵਿਚ ਵੇਖਣਾ ਚਾਹੁੰਦੇ ਹਨ। ਹਾਲਾਂਕਿ ਅਜਿਹੀਆਂ ਖ਼ਬਰਾਂ ਕਈ ਵਾਰ ਸੁਣਨ ਨੂੰ ਮਿਲੀਆਂ ਹਨ ਕਿ ਅਮਿਤ ਸ਼ਾਹ ਅਕਾਲੀ ਦਲ ਨਾਲ ਸਮਝੌਤਾ ਕਰਨ ਦੇ ਹੱਕ ਵਿਚ ਨਹੀਂ ਹਨ। ਫਿਰ ਅਜਿਹੀ ਸਥਿਤੀ ਵਿਚ ਅਮਿਤ ਸ਼ਾਹ ਵਰਗੇ ਵੱਡੇ ਨੇਤਾ ਦੇ ਬਿਆਨ ਦੇ ਅਰਥ ਕੀ ਹਨ, ਸਮਝਣ ਦੀ ਕੋਸ਼ਿਸ਼ ਕਰਨਾ ਜ਼ਰੂਰੀ ਹੈ, ਕਿਉਂਕਿ ਇਹ ਸਮਝੌਤਾ ਹੋਣਾ ਜਾਂ ਨਾ ਹੋਣਾ ਪੰਜਾਬ ਦੀ ਸਿਆਸਤ ਨੂੰ ਬਹੁਤ ਪ੍ਰਭਾਵਿਤ ਕਰੇਗਾ।

ਕੀ ਸੱਚਮੁੱਚ ਹੀ ਅਕਾਲੀ-ਭਾਜਪਾ ਸਮਝੌਤਾ ਹੋ ਰਿਹਾ ਹੈ? ਸਾਡੀ ਸਮਝ ਤੇ ਜਾਣਕਾਰੀ ਮੁਤਾਬਿਕ ਸਮਝੌਤਾ ਏਨੀ ਛੇਤੀ ਸਿਰੇ ਚੜ੍ਹਨ ਦੀ ਕੋਈ ਸੰਭਾਵਨਾ ਨਹੀਂ ਹੈ। ਅਮਿਤ ਸ਼ਾਹ ਰਾਜਨੀਤੀ ਦੀ ਸ਼ਤਰੰਜ ਦੇ ਮਾਹਿਰ ਖਿਡਾਰੀ ਹੀ ਨਹੀਂ ਸਗੋਂ ਚੈਂਪੀਅਨ ਹਨ। ਅਜਿਹਾ ਜਾਪਦਾ ਹੈ ਕਿ ਇਹ ਬਿਆਨ ਦੇ ਕੇ ਉਨ੍ਹਾਂ ਨੇ ਇਕ ਤੀਰ ਨਾਲ ਕਈ ਸ਼ਿਕਾਰ ਫੁੰਡ ਲਏ ਹਨ। ਇਕ ਪਾਸੇ ਤਾਂ ਉਹ ਪ੍ਰਧਾਨ ਮੰਤਰੀ ਦੀ ਇੱਛਾ ਮੁਤਾਬਿਕ ਬੋਲ ਰਹੇ ਹਨ। ਦੂਜੇ ਪਾਸੇ ਪੰਜਾਬ ਭਾਜਪਾ ਵਿਚਲੀ ਤਕੜੀ ਲਾਬੀ, ਜੋ ਹਰ ਹਾਲਤ ਵਿਚ ਸਮਝੌਤਾ ਚਾਹੁੰਦੀ ਹੈ, ਨੂੰ ਤਸੱਲੀ ਵੀ ਦੇ ਗਏ ਹਨ ਅਤੇ ਤੀਜੇ ਪਾਸੇ ਉਨ੍ਹਾਂ ਨੇ ਗੇਂਦ ਨੂੰ ਅਕਾਲੀ ਦਲ ਵਾਲੇ ਪਾਸੇ ਖ਼ਿਸਕਾ ਦਿੱਤਾ ਹੈ।

ਇਸ ਤਰ੍ਹਾਂ ਜਾਪਦਾ ਹੈ ਕਿ ਅਸਲ ਵਿਚ ਅਮਿਤ ਸ਼ਾਹ ਅਕਾਲੀ ਦਲ ਨਾਲ ਸਮਝੌਤਾ ਤਾਂ ਨਹੀਂ ਕਰਨਾ ਚਾਹੁੰਦੇ, ਪਰ ਸਮਝੌਤਾ ਨਾ ਹੋਣ ਦੀ ਸਾਰੀ ਜ਼ਿੰਮੇਵਾਰੀ ਵੀ ਉਹ ਅਕਾਲੀ ਦਲ ਦੇ ਸਿਰ ਹੀ ਪਾਉਣੀ ਚਾਹੁੰਦੇ ਹਨ ਕਿ ਅਸੀਂ ਤਾਂ ਸਮਝੌਤਾ ਕਰਨਾ ਚਾਹੁੰਦੇ ਸੀ, ਪਰ ਅਕਾਲੀ ਦਲ ਨੇ ਨਹੀਂ ਕੀਤਾ। ਇਕ ਤਾਜ਼ਾ ਉਦਾਹਰਨ ਸਾਹਮਣੇ ਹੈ ਕਿ ਹਰਿਆਣਾ ਵਿਚ ਸਵੇਰੇ ਜਜਪਾ ਮੁਖੀ ਦੁਸ਼ਿਅੰਤ ਚੌਟਾਲਾ ਨਾਲ ਹਰਿਆਣਾ ਵਿਚ ਲੋਕ ਸਭਾ ਦੀਆਂ ਸੀਟਾਂ ਦੀ ਵੰਡ ਬਾਰੇ ਗੱਲਬਾਤ ਕੀਤੀ ਜਾਂਦੀ ਹੈ, ਜਦੋਂ ਉਹ 2 ਸੀਟਾਂ ਦੀ ਮੰਗ ਕਰਦੇ ਹਨ ਤਾਂ ਵਿਚਾਰਨ ਦੀ ਗੱਲ ਕਹਿ ਕੇ ਤੋਰ ਦਿੱਤਾ ਜਾਂਦਾ ਹੈ ਤੇ ਸ਼ਾਮ ਨੂੰ ਜਜਪਾ ਨਾਲ ਸਮਝੌਤਾ ਖ਼ਤਮ ਕਰਕੇ ਉਸ ਨੂੰ ਰਾਜ ਸੱਤਾ ਵਿਚੋਂ ਬਾਹਰ ਵੀ ਕਰ ਦਿੱਤਾ ਜਾਂਦਾ ਹੈ ਤੇ ਪ੍ਰਚਾਰ ਵੀ ਇਹੀ ਹੁੰਦਾ ਹੈ ਕਿ ਭਾਜਪਾ ਨਹੀਂ 'ਜਜਪਾ' ਸਮਝੌਤਾ ਤੋੜਨ ਦਾ ਕਾਰਨ ਬਣੀ ਹੈ।

ਇਹ ਠੀਕ ਹੈ ਕਿ ਪੰਜਾਬ ਵਿਚ ਸਮਝੌਤੇ ਦੇ ਹੱਕ ਵਿਚ ਇਕ ਸਟੈਂਡ ਲੈਣ ਵਾਲੇ ਨੇਤਾ ਖ਼ਾਸ ਕਰ ਕੇ ਕੈਪਟਨ ਅਮਰਿੰਦਰ ਸਿੰਘ ਤੇ ਸੁਨੀਲ ਜਾਖੜ ਇਹ ਸਮਝਦੇ ਹਨ ਕਿ ਅਕਾਲੀ ਦਲ ਨਾਲ ਸਮਝੌਤਾ ਕੀਤੇ ਬਿਨਾਂ ਲੋਕ ਸਭਾ ਚੋਣਾਂ ਵਿਚ ਜਿੱਤ ਔਖੀ ਹੈ, ਖ਼ਾਸ ਕਰ ਕੇ ਪਟਿਆਲਾ ਸੀਟ ਜਿੱਤਣ ਲਈ ਅਕਾਲੀ ਦਲ ਨਾਲ ਸਮਝੌਤਾ ਜ਼ਰੂਰੀ ਹੈ। ਜੇ ਇਹ ਸਮਝੌਤਾ ਹੋ ਜਾਂਦਾ ਹੈ ਤਾਂ ਤਿੰਨ ਧਿਰੀ ਮੁਕਾਬਲੇ ਵਿਚ ਅਕਾਲੀ-ਭਾਜਪਾ ਗੱਠਜੋੜ ਪੂਰੀ ਤਰ੍ਹਾਂ ਬਰਾਬਰੀ ਵਿਚ ਆ ਜਾਵੇਗਾ ਤੇ ਵੱਡੀ ਜਿੱਤ ਵੀ ਹਾਸਿਲ ਕਰ ਸਕਦਾ ਹੈ। ਜਦੋਂ ਕਿ ਪੰਜਾਬ ਭਾਜਪਾ ਵਿਚਲੀ ਇਕ ਧਿਰ ਨਹੀਂ ਚਾਹੁੰਦੀ ਕਿ ਅਕਾਲੀ ਦਲ ਨਾਲ ਕਿਸੇ ਵੀ ਕੀਮਤ 'ਤੇ ਸਮਝੌਤਾ ਕੀਤਾ ਜਾਵੇ, ਉਹ ਧਿਰ 2027 ਦੀਆਂ ਵਿਧਾਨ ਸਭਾ ਚੋਣਾਂ 'ਤੇ ਅੱਖ ਰੱਖ ਰਹੀ ਹੈ ਤੇ ਉਨ੍ਹਾਂ ਦੀ ਕੋਸ਼ਿਸ਼ ਸੀਟਾਂ ਜਿੱਤਣਾ ਨਹੀਂ, ਸਗੋਂ ਪੰਜਾਬ ਭਰ ਵਿਚ ਆਪਣੀਆਂ ਜੜ੍ਹਾਂ ਮਜ਼ਬੂਤ ਕਰਨਾ ਅਤੇ ਵੋਟ ਪ੍ਰਤੀਸ਼ਤ ਵਿਚ ਅਕਾਲੀ ਦਲ ਤੋਂ ਉੱਪਰ ਰਹਿਣਾ ਹੈ। ਇਸ ਲਈ ਭਾਜਪਾ ਅਤੇ ਆਰ.ਐੱਸ.ਐੱਸ. ਦਾ ਪ੍ਰਚਾਰ ਤੰਤਰ ਇਸ ਵੇਲੇ ਪਿੰਡਾਂ ਦੇ ਗ਼ਰੀਬ ਲੋਕਾਂ, ਜਿਨ੍ਹਾਂ ਨੂੰ ਸਰਕਾਰੀ ਸਹੂਲਤਾਂ ਮਿਲ ਰਹੀਆਂ ਹਨ, ਨੂੰ ਪਿੰਡ-ਪਿੰਡ ਜਾ ਕੇ ਇਹ ਸਮਝਾਉਣ ਵਿਚ ਲੱਗਾ ਹੋਇਆ ਹੈ ਕਿ ਉਨ੍ਹਾਂ ਨੂੰ ਮਿਲਦੀਆਂ ਮੁਫ਼ਤ ਰਾਸ਼ਨ, ਸਿਹਤ ਬੀਮਾ ਤੇ ਹੋਰ ਕਈ ਸਹੂਲਤਾਂ ਕੇਂਦਰ ਸਰਕਾਰ ਦੇ ਰਹੀ ਹੈ, ਪੰਜਾਬ ਦੀ ਸਰਕਾਰ ਨਹੀਂ। ਜੇ ਇਹ ਸਹੂਲਤਾਂ ਜਾਰੀ ਰੱਖਣੀਆਂ ਹਨ ਤੇ ਹੋਰ ਨਵੀਆਂ ਸਹੂਲਤਾਂ ਵੀ ਚਾਹੀਦੀਆਂ ਹਨ ਤਾਂ ਭਾਜਪਾ ਨੂੰ ਜਿਤਾਉਣਾ ਜ਼ਰੂਰੀ ਹੈ। ਸਾਡੀ ਜਾਣਕਾਰੀ ਅਨੁਸਾਰ ਭਾਜਪਾ ਤੇ ਆਰ.ਐੱਸ.ਐੱਸ. ਦਾ ਤੰਤਰ ਇਹ ਗੱਲ ਸਮਝਾਉਣ ਵਿਚ ਸਫਲ ਵੀ ਹੋ ਰਿਹਾ ਹੈ। ਦੂਜੇ ਪਾਸੇ ਹਿੰਦੂ ਵੋਟਾਂ ਦਾ ਧਰੁਵੀਕਰਨ ਤਾਂ ਹੋ ਹੀ ਰਿਹਾ ਹੈ। ਭਾਜਪਾ ਦੀ ਰਣਨੀਤੀ ਬੜੀ ਸਪੱਸ਼ਟ ਹੈ ਕਿ ਪੰਜਾਬ ਵਿਚ ਚੋਣਾਂ ਆਖ਼ਰੀ ਦੌਰ ਵਿਚ ਹੋਣਗੀਆਂ ਤੇ ਤਦ ਤੱਕ ਭਾਜਪਾ ਦੀ ਪੂਰੀ ਦੀ ਪੂਰੀ ਮਸ਼ੀਨਰੀ, ਸੋਸ਼ਲ ਮੀਡੀਆ ਦੀ ਤਾਕਤ ਅਤੇ ਕੌਮੀ ਤੇ ਸਥਾਨਕ ਮੀਡੀਆ ਭਾਜਪਾ ਦੇ ਹੱਕ ਵਿਚ ਪ੍ਰਚਾਰ ਦੀ ਇਕ ਹਨੇਰੀ ਲਿਆ ਦੇਵੇਗਾ। ਦੇਸ਼ ਭਰ ਵਿਚ ਭਾਜਪਾ ਦੀ ਸੰਭਾਵਿਤ ਜਿੱਤ ਦਾ ਅਜਿਹਾ ਦ੍ਰਿਸ਼ ਸਿਰਜਿਆ ਜਾਵੇਗਾ ਕਿ ਲੋਕ ਜਿੱਤਦੀ ਪਾਰਟੀ ਦੇ ਪੱਖ ਵਿਚ ਹੋ ਜਾਣ। ਭਾਜਪਾ ਇਹ ਸਮਝਦੀ ਹੈ ਕਿ ਇਸ ਰਣਨੀਤੀ ਨਾਲ ਉਹ ਇਕੱਲੇ ਵੀ 1 ਤੋਂ 3 ਸੀਟਾਂ ਤੱਕ ਜਿੱਤਣ ਦੇ ਸਮਰੱਥ ਹੋ ਸਕਦੀ ਹੈ। ਚੋਣ ਦੇ ਆਖ਼ਰੀ ਦੌਰ ਵਿਚ ਜਦੋਂ ਭਾਜਪਾ ਲਈ ਬਾਕੀ ਦੇਸ਼ ਵਿਚ ਕਿਸੇ ਪ੍ਰਚਾਰ ਦਾ ਕੋਈ ਪ੍ਰਭਾਵ ਨਹੀਂ ਰਹੇਗਾ, ਉਸ ਵੇਲੇ ਭਾਜਪਾ ਨੇਤਾ ਇਹ ਪ੍ਰਚਾਰ ਕਰਨ ਵਿਚ ਵੀ ਗੁਰੇਜ਼ ਨਹੀਂ ਕਰਨਗੇ ਕਿ ਉਹ ਪੰਜਾਬ ਅਤੇ ਸਿੱਖਾਂ ਦੀਆਂ ਆਹ-ਆਹ ਮੰਗਾਂ ਮੰਨਣ ਲਈ ਤਿਆਰ ਹਨ ਤੇ ਜੇ ਅਕਾਲੀ ਦਲ ਨਾਲ ਭਾਜਪਾ ਦੀਆਂ ਸ਼ਰਤਾਂ 'ਤੇ ਸਮਝੌਤਾ ਨਾ ਹੋਇਆ ਤਾਂ ਇਹ ਮੰਗ ਹੁਣ ਤੱਕ ਨਾ ਮੰਨੇ ਜਾਣ ਦਾ ਠੀਕਰਾ ਵੀ ਅਕਾਲੀ ਦਲ ਕਾਂਗਰਸ ਅਤੇ 'ਆਪ' ਦੇ ਸਿਰ ਭੰਨ ਕੇ ਭਾਜਪਾ ਨੂੰ ਸਿੱਖਾਂ ਤੇ ਪੰਜਾਬ ਦੀ ਵੱਡੀ ਸਮਰਥਕ ਪਾਰਟੀ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਨਗੇ। ਨਵੀਂ ਸਰਕਾਰ ਆਉਣ 'ਤੇ ਕਈ ਕਿਸਾਨੀ ਮੰਗਾਂ ਮੰਨਣ ਦਾ ਐਲਾਨ ਵੀ ਕੀਤਾ ਜਾ ਸਕਦਾ ਹੈ।

ਅਕਾਲੀ ਦਲ ਦੀ ਸਥਿਤੀ : ਇਸ ਵਿਚ ਕੋਈ ਸ਼ੱਕ ਨਹੀਂ ਕਿ ਸੁਖਬੀਰ ਸਿੰਘ ਬਾਦਲ ਦੀ ਵਿਉਂਤਬੱਧੀ ਨਾਲ 'ਪੰਜਾਬ ਬਚਾਓ ਯਾਤਰਾ' ਨੂੰ ਹੈਰਾਨੀਜਨਕ ਹੁੰਗਾਰਾ ਮਿਲ ਰਿਹਾ ਹੈ। ਜਿੰਨਾ ਇਕੱਠ ਉਨ੍ਹਾਂ ਦੀ ਯਾਤਰਾ ਵਿਚ ਦਿਖਾਈ ਦਿੰਦਾ ਹੈ, ਜੇਕਰ ਉਹ ਵੋਟਾਂ ਵਿਚ ਵੀ ਤਬਦੀਲ ਹੋ ਗਿਆ ਤਾਂ ਅਕਾਲੀ ਦਲ ਆਪਣੇ ਤੌਰ 'ਤੇ ਵੀ ਕੁਝ ਸੀਟਾਂ ਜਿੱਤਣ ਦੇ ਸਮਰੱਥ ਹੋ ਸਕਦਾ ਹੈ। ਪਰ ਜਿੱਤ ਸਿਰਫ਼ ਰੈਲੀਆਂ-ਯਾਤਰਾਵਾਂ ਦੇ ਇਕੱਠ ਦੇ ਸਿਰ 'ਤੇ ਹੀ ਨਹੀਂ ਹੁੰਦੀ। ਉਮੀਦਵਾਰ ਦਾ ਆਪਣਾ ਅਕਸ, ਖਰਚਾ ਕਰਨ ਦੀ ਸਮਰੱਥਾ ਤੇ ਹੌਸਲਾ, ਸੋਸ਼ਲ ਮੀਡੀਆ ਤੇ ਮੀਡੀਆ ਮੈਨੇਜਮੈਂਟ ਅਤੇ ਹੋਰ ਬਹੁਤ ਸਾਰੇ ਕਾਰਨ ਵੀ ਜਿੱਤ-ਹਾਰ ਦਾ ਕਾਰਨ ਬਣਦੇ ਹਨ। ਜਿੱਥੋਂ ਤੱਕ ਭਾਜਪਾ ਨਾਲ ਸਮਝੌਤੇ ਦੀ ਗੱਲ ਹੈ ਅਕਾਲੀ ਦਲ ਵਿਚ ਵੀ ਦੋ ਵਿਚਾਰ ਧਾਰਾਵਾਂ ਦੇ ਲੋਕ ਹਨ। ਪਰ ਸਾਡੀ ਜਾਣਕਾਰੀ ਅਨੁਸਾਰ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਇਸ ਬਾਰੇ ਪੂਰੀ ਤਰ੍ਹਾਂ ਸਪੱਸ਼ਟ ਹਨ ਕਿ ਅਸੀਂ ਸਮਝੌਤਾ ਕਰਨ ਤੋਂ ਇਨਕਾਰੀ ਨਹੀਂ, ਪਰ ਭਾਜਪਾ ਪਹਿਲਾਂ ਅਕਾਲੀਆਂ ਦੀਆਂ ਕੁਝ ਧਾਰਮਿਕ, ਕਿਸਾਨੀ ਤੇ ਪੰਜਾਬ ਸੰਬੰਧੀ ਮੰਗਾਂ ਮੰਨਣ ਦਾ ਐਲਾਨ ਕਰੇ ਅਤੇ ਦੂਸਰਾ ਉਹ ਭਾਜਪਾ ਨੂੰ 6 ਸੀਟਾਂ ਦੀ ਬਜਾਏ 4 ਸੀਟਾਂ ਹੀ ਦੇਣੀਆਂ ਚਾਹੁੰਦੇ ਹਨ। ਇਸ ਲਈ ਅਸੀਂ ਸਮਝਦੇ ਹਾਂ ਕਿ ਸੁਖਬੀਰ ਸਿੰਘ ਬਾਦਲ ਨੂੰ ਵੀ ਅਹਿਸਾਸ ਹੈ ਕਿ ਇਹ ਚੋਣ ਉਨ੍ਹਾਂ ਨੂੰ ਪੰਜਾਬ, ਕਿਸਾਨੀ, ਸਿੱਖ ਮੰਗਾਂ ਅਤੇ ਉਨ੍ਹਾਂ ਦੇ ਰਾਜ ਵਿਚ ਕੀਤੇ ਗਏ ਕੰਮਾਂ ਤੇ ਵਿਕਾਸ ਨੂੰ ਆਧਾਰ ਬਣਾ ਕੇ ਇਕੱਲਿਆਂ ਹੀ ਲੜਨੀ ਪੈ ਸਕਦੀ ਹੈ ਤੇ ਉਹ ਇਸ ਚਾਰਕੋਣੇ ਮੁਕਾਬਲੇ ਲਈ ਤਿਆਰੀ ਵੀ ਕਰ ਰਹੇ ਹਨ। ਉਨ੍ਹਾਂ ਵਲੋਂ 'ਇਕ ਪਰਿਵਾਰ ਵਿਚ ਇਕ ਟਿਕਟ' ਦੇਣ ਦੀ ਰਣਨੀਤੀ ਵੀ ਲੋਕਾਂ ਵਿਚ ਆਪਣਾ ਅਕਸ ਉੱਚਾ ਕਰਨ ਲਈ ਅਪਣਾਈ ਜਾਵੇਗੀ। ਸਾਡੀ ਜਾਣਕਾਰੀ ਅਨੁਸਾਰ ਸੁਖਬੀਰ ਸਿੰਘ ਬਾਦਲ ਖ਼ੁਦ ਇਸ ਵਾਰ ਲੋਕ ਸਭਾ ਚੋਣ ਨਹੀਂ ਲੜਨਗੇ, ਸਗੋਂ ਪੂਰੀ ਚੋਣ ਮੁਹਿੰਮ ਦੀ ਅਗਵਾਈ ਖ਼ੁਦ ਕਰਨਗੇ। ਉਨ੍ਹਾਂ ਦੀ ਸਭ ਤੋਂ ਵੱਡੀ ਕੋਸ਼ਿਸ਼ ਪੰਜਾਬ ਕਾਂਗਰਸ ਦੇ ਅਵੇਸਲੇਪਨ ਅਤੇ 'ਆਪ' ਵਿਰੁੱਧ ਬਣ ਰਹੇ ਸਥਾਪਤੀ ਵਿਰੋਧੀ ਰੁਝਾਨ ਦਾ ਫਾਇਦਾ ਉਠਾਉਣ ਦੀ ਹੋਵੇਗੀ। ਸੁਖਬੀਰ ਸਿੰਘ ਬਾਦਲ ਨੂੰ ਸਲੀਮ ਕੌਸਰ ਦਾ ਇਹ ਸ਼ਿਅਰ ਸਮਰਪਿਤ ਹੈ:

ਮੈਂ ਸਰ-ਏ-ਦਸਤ-ਏ-ਵਫ਼ਾ ਅਬ ਹੂੰ ਅਕੇਲਾ ਵਰਨਾ,
ਮੇਰੇ ਹਮ-ਰਾਹ ਮੇਰੇ ਯਾਰ ਹੁਆ ਕਰਤੇ ਥੇ।

ਸਿੱਧੂ ਪੰਜਾਬ ਦੀ ਰਾਜਨੀਤੀ ਨਹੀਂ ਛੱਡ ਰਹੇ

ਨਵਜੋਤ ਸਿੰਘ ਸਿੱਧੂ ਵਲੋਂ ਆਈ.ਪੀ.ਐੱਲ. ਵਿਚ ਕੁਮੈਂਟਰੀ ਕਰਨ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ ਤੇ ਇਹ ਪ੍ਰਭਾਵ ਸਿਰਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਵੇਂ ਉਹ ਰਾਜਨੀਤੀ ਹੀ ਛੱਡ ਰਹੇ ਹੋਣ। ਇਹ ਪ੍ਰਚਾਰ ਤੇ ਪ੍ਰਭਾਵ ਪੂਰੀ ਤਰ੍ਹਾਂ ਗ਼ਲਤ ਹੈ। ਸਿੱਧੂ ਨੇ ਗੱਲ ਕਰਦਿਆਂ ਸਪੱਸ਼ਟ ਕਿਹਾ ਹੈ ਕਿ ਰਾਜਨੀਤੀ ਉਨ੍ਹਾਂ ਲਈ ਕਾਰੋਬਾਰ (ਬਿਜਨੈੱਸ) ਨਹੀਂ, ਮਿਸ਼ਨ ਹੈ। ਉਹ ਪੰਜਾਬ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹਨ। ਜੇ ਅਜਿਹਾ ਨਾ ਹੁੰਦਾ ਤਾਂ ਮੈਂ ਰਾਜ ਸਭਾ ਕਿਉਂ ਛੱਡਦਾ? ਕਾਂਗਰਸ ਦਾ ਕੌਮੀ ਜਨਰਲ ਸਕੱਤਰ ਬਣਨ ਦੀ ਪੇਸ਼ਕਸ਼ ਵੀ ਉਨ੍ਹਾਂ ਠੁਕਰਾ ਦਿੱਤੀ ਤੇ ਲੋਕ ਸਭਾ ਚੋਣ ਲੜਨ ਲਈ ਉਹ ਤਿਆਰ ਨਹੀਂ ਹੋਏ, ਕਿਉਂਕਿ ਉਨ੍ਹਾਂ ਦੀ ਤਰਜੀਹ ਪੰਜਾਬ ਹੈ। ਰਹੀ ਗੱਲ ਉਨ੍ਹਾਂ ਦੇ ਪਤਨੀ ਦੇ ਲੋਕ ਸਭਾ ਚੋਣ ਨਾ ਲੜਨ ਦੀ ਤਾਂ ਉਹ ਅਜੇ ਆਪਣੀ ਕੈਂਸਰ ਦੀ ਬਿਮਾਰੀ ਨਾਲ ਲੜ ਰਹੇ ਹਨ, ਉਨ੍ਹਾਂ ਨੂੰ ਇਲਾਜ ਦੀ ਲੋੜ ਹੈ, ਇਸ ਕਾਰਨ ਉਹ ਚੋਣ ਨਹੀਂ ਲੜ ਸਕਦੇ। ਜੇ ਉਹ ਕੁਮੈਂਟੇਟਰ ਵਜੋਂ ਆਈ.ਪੀ.ਐੱਲ. ਵਿਚ ਹਿੱਸਾ ਲੈ ਰਹੇ ਹਨ ਤਾਂ ਇਸ ਵਿਚ ਗ਼ਲਤ ਕੀ ਹੈ? ਇਸ ਵੇਲੇ ਉਹ ਕਾਂਗਰਸੀ ਹਨ, ਪਰ ਉਨ੍ਹਾਂ ਕੋਲ ਕੋਈ ਜ਼ਿੰਮੇਵਾਰੀ ਵਾਲਾ ਅਹੁਦਾ ਨਹੀਂ ਹੈ। ਉਹ ਤਾਂ ਮੰਤਰੀ ਰਹਿੰਦੇ ਹੋਏ ਵੀ ਕਪਿਲ ਸ਼ਰਮਾ ਸ਼ੋਅ ਕਰਦੇ ਰਹੇ ਹਨ। ਹੁਣ ਵੀ ਉਹ ਕੁਮੈਂਟਰੀ ਕਰਦੇ ਹੋਏ ਵੀ ਜੇ ਪਾਰਟੀ ਨੂੰ ਉਨ੍ਹਾਂ ਦੀ ਲੋੜ ਮਹਿਸੂਸ ਹੋਵੇਗੀ ਤਾਂ ਉਹ ਪਾਰਟੀ ਦੇ ਪ੍ਰਚਾਰ ਲਈ ਕੁਮੈਂਟਰੀ ਦੀਆਂ ਤਰੀਕਾਂ ਤੋਂ ਖਾਲੀ ਤਰੀਕਾਂ ਵਿਚ ਚੋਣ ਪ੍ਰਚਾਰ ਕਰ ਸਕਦੇ ਹਨ। ਵੈਸੇ ਉਹ ਕਿਸੇ ਟੀ.ਵੀ. ਸ਼ੋਅ ਵਿਚ ਵੀ ਵਾਪਸੀ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਟੀ.ਵੀ. ਤੋਂ ਉਨ੍ਹਾਂ ਦੀ ਕਮਾਈ 25 ਕਰੋੜ ਰੁਪਏ ਸਾਲਾਨਾ ਸੀ, ਜੋ ਉਨ੍ਹਾਂ ਨੇ ਲੰਮੇ ਸਮੇਂ ਤੋਂ ਛੱਡੀ ਹੋਈ ਹੈ। ਅਸੀਂ ਸਮਝਦੇ ਹਾਂ ਕਿ ਕੰਮ ਕਰਕੇ ਕਮਾਈ ਕਰਨੀ ਚੰਗੀ ਗੱਲ ਹੈ, ਬੁਰੀ ਨਹੀਂ। ਜਿਸ ਤਰ੍ਹਾਂ ਉਨ੍ਹਾਂ ਨੇ ਕਿਹਾ ਹੈ, ਸੰਭਵ ਹੈ ਕਿ ਉਹ ਰਾਜਨੀਤੀ ਵਿਚ ਬਣੇ ਰਹਿਣਗੇ ਅਤੇ ਉਨ੍ਹਾਂ ਦਾ ਮੁੱਖ ਨਿਸ਼ਾਨਾ ਹੁਣ 2027 ਦੀਆਂ ਵਿਧਾਨ ਸਭਾ ਚੋਣਾਂ ਹੋਣਗੀਆਂ।

ਸਾਡੇ ਲੋਕ SADE LOK
ਮੁੱਖ ਸੰਪਾਦਕ: ਸਤਨਾਮ ਸਿੰਘ ਖਾਲਸਾ, ਸਟੂਡੈਂਟ ਐਡੀਟਰ: ਹਰਕਰਨ ਸਿੰਘ,
ਅਸਿਸਟੈਂਟ ਸੰਪਾਦਕ: ਰਵਿੰਦਰ ਸਿੰਘ ਟਾਂਡਾ, ਜਨਰਲ ਮੈਨੇਜਰ: ਹਰਪਾਲ ਸਿੰਘ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ਅਮਰੀਕਾ ਵਿਚ ਅਗਵਾ ਦਾ ਨਾਟਕ ਕਰਨ ਵਾਲੀ ਔਰਤ ਨੂੰ ਨਹੀਂ ਜਾਣਾ ਪਵੇਗਾ ਜੇਲ

ਪ੍ਰਸ਼ਾਸਨਿਕ ਨਿਗਰਾਨੀ ਹੇਠ ਕਟਣਾ ਪਵੇਗਾ ਇਕ ਸਾਲ ਤੇ ਦੇਣਾ ਪਵੇਗਾ 17000 ਡਾਲਰ ਤੋਂ ਵਧ ਦਾ ਮੁਆਵਜ਼ਾ

ਹੂਵਰ ਮਿਊਂਸਪਲ ਕੋਰਟ ਵਿਚ ਪੇਸ਼ੀ ਸਮੇਂ ਦੀ ਕਾਰਲੀ ਰਸਲ ਦੀ ਇਕ ਪੁਰਾਣੀ ਤਸਵੀਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਹੂਵਰ ਸ਼ਹਿਰ (ਅਲਾਬਾਮਾ) ਦੀ ਕਾਰਲੀ ਰਸਲ ਨਾਮੀ ਔਰਤ ਜਿਸ ਨੇ ਪਿਛਲੇ ਸਾਲ ਖੁਦ ਹੀ ਅਗਵਾ ਦਾ ਨਾਟਕ ਰਚਿਆ ਸੀ ਨੇ ਅਦਾਲਤ ਵਿਚ ਆਪਣਾ ਦੋਸ਼ ਮੰਨ ਲਿਆ ਤੇ ਮੁਆਫੀ ਮੰਗੀ। ਅਦਾਲਤ ਵਿਚ ਕਾਰਲੀ ਰਸਲ ਨੇ ਕਿਹਾ ਕਿ "ਮੈਂ ਜਦੋਂ ਵੱਖ ਵੱਖ ਭਾਵਨਾਤਮਿਕ ਤੇ ਪ੍ਰੇਸ਼ਾਨੀ ਵਾਲੇ ਮੁੱਦਿਆਂ ਦਾ ਸਾਹਮਣਾ ਕਰ ਰਹੀ ਸੀ ਤਾਂ ਮੇਰੇ ਕੋਲੋਂ ਬਹੁਤ ਵੱਡੀ ਭੁੱਲ ਹੋਈ ਹੈ। ਮੈ ਬਹੁਤ ਨਾਕਾਰਾਤਮਿਕ ਦੌਰ ਵਿਚੋਂ ਲੰਘ ਰਹੀ ਸੀ। ਮੈ ਆਪਣੇ ਪਰਿਵਾਰ, ਆਪਣੇ ਚਰਚ ਪਰਿਵਾਰ, ਮਿੱਤਰਾਂ-ਦੋਸਤਾਂ, ਭਾਈਚਾਰੇ ਤੇ ਉਨ੍ਹਾਂ ਸਾਰਿਆਂ ਜੋ ਮੈਨੂੰ ਲੱਭਣ ਲਈ ਸਿੱਧੇ ਤੌਰ 'ਤੇ ਸ਼ਾਮਿਲ ਸਨ, ਨੂੰ ਦਿੱਤੇ ਦੁੱਖ ਤੇ ਸ਼ਰਮਿੰਦਗੀ ਲਈ ਜਿੰਮੇਵਾਰ ਹਾਂ ਤੇ ਇਸ ਲਈ ਮਆਫੀ ਮੰਗਦੀ ਹਾਂ।" ਜੱਜ ਨੇ ਉਸ ਨੂੰ ਇਕ ਸਾਲ ਨਿਗਰਾਨੀ ਹੇਠ ਰਹਿਣ ਦੀ ਸਜ਼ਾ ਸੁਣਾਈ ਤੇ ਇਸ ਤੋਂ ਇਲਾਵਾ 100 ਘੰਟੇ ਸਮਾਜ ਸੇਵਾ ਕਰਨ ਤੇ ਸਿਟੀ ਆਫ ਹੂਵਰ, ਅਲਬਾਮਾ ਨੂੰ 17974 ਡਾਲਰ ਦੀ ਮੁਆਵਜੇ ਵਜੋਂ ਅਦਾਇਗੀ ਕਰਨ ਦਾ ਆਦੇਸ਼ ਦਿੱਤਾ। ਜੱਜ ਨੇ ਕਿਹਾ ਕਿ ਮਾਨਸਿਕ ਹਾਲਤ ਸਬੰਧੀ ਡਾਕਟਰੀ ਇਲਾਜ਼ ਉਸ ਦੇ ਪ੍ਰੋਬੇਸ਼ਨ ਸਮੇ ਦੀ ਸ਼ਰਤ ਹੈ ਤੇ ਇਸ ਨੂੰ ਜਾਰੀ ਰਖਣਾ ਪਵੇਗਾ। ਜੁਲਾਈ 2023 ਵਿਚ ਭੇਦਭਰੇ ਹਾਲਾਤ ਵਿਚ ਲਾਪਤਾ ਹੋਣ ਤੋਂ ਬਾਅਦ ਰਸਲ ਚਰਚਾ ਵਿਚ ਆਈ ਸੀ। ਉਸ ਦੇ ਲਾਪਤਾ ਹੋਣ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੇ ਪੁਲਿਸ ਅਫਸਰਾਂ ਨੇ ਉਸ ਦੀ ਕਾਰ ਤੇ ਕੁਝ ਨਿੱਜੀ ਸਮਾਨ ਬਰਾਮਦ ਕੀਤਾ ਸੀ ਪਰੰਤੂ ਉਹ ਨਹੀਂ ਮਿਲੀ ਸੀ। ਪੁਲਿਸ ਵੱਲੋਂ 49 ਘੰਟੇ ਉਸ ਦੀ ਭਾਲ ਕਰਨ ਉਪਰੰਤ ਉਹ ਖੁਦ ਹੀ ਘਰ ਪਰਤ ਆਈ ਸੀ ਜਿਸ ਉਪਰੰਤ ਉਸ ਨੇ ਕਿਹਾ ਕਿ ਉਹ ਕਿਸੇ ਤਰਾਂ ਅਗਵਾਕਾਰਾਂ ਦੇ ਚੁਗਲ ਵਿਚੋਂ ਬੱਚ ਨਿਕਲੀ ਹੈ। ਜਾਂਚ ਉਪਰੰਤ ਉਸ ਦੀ ਅਗਵਾ ਦੀ ਘਟਨਾ ਝੂਠੀ ਨਿਕਲੀ।

ਅਮਰੀਕਾ ਵਿਚ ਸਕੂਲ ਬੱਸ ਨੂੰ ਟਰੱਕ ਨੇ ਮਾਰੀ ਟੱਕਰ, ਇਕ ਵਿਦਿਆਰਥੀ ਸਮੇਤ 2 ਮੌਤਾਂ ਤੇ 10 ਦੀ ਹਾਲਤ ਗੰਭੀਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਬਸਟਰਾਪ ਕਾਊਂਟੀ, ਟੈਕਸਾਸ, ਵਿਚ ਇਕ ਸਕੂਲ ਬੱਸ ਨੂੰ ਇਕ ਕੰਕਰੀਟ ਟਰੱਕ ਵੱਲੋਂ ਟੱਕਰ ਮਾਰ ਦੇਣ ਕਾਰਨ ਇਕ ਵਿਦਿਆਰਥੀ ਸਮੇਤ 2 ਮੌਤਾਂ ਹੋਣ ਤੇ 10 ਹੋਰਨਾਂ ਦੇ ਗੰਭੀਰ ਹਾਲਤ ਵਿਚ ਜ਼ਖਮੀ ਹੋਣ ਦੀ ਖਬਰ ਹੈ। ਟੈਕਸਾਸ ਜਨਤਿਕ ਸੁਰੱਖਿਆ ਵਿਭਾਗ ਦੇ ਸਾਰਜੈਂਟ ਡਿਓਨ ਕਾਕਰਲ ਅਨੁਸਾਰ ਬੱਸ ਸਟੇਟ ਹਾਈਵੇਅ 21 ਉਪਰ ਜਾ ਰਹੀ ਸੀ ਜਿਸ ਨੂੰ ਦੂਸਰੇ ਪਾਸੇ ਤੋਂ ਆ ਰਹੇ ਇਕ ਕੰਕਰੀਟ ਟਰੱਕ ਨੇ ਟੱਕਰ ਮਾਰ ਦਿੱਤੀ। ਬੱਸ ਵਿਚ ਪ੍ਰੀ ਕੇ ਵਿਦਿਆਰਥੀ ਸਵਾਰ ਸਨ। ਇਸ ਭਿਆਨਕ ਹਾਦਸੇ ਵਿਚ ਇਕ ਵਿਦਿਆਰਥੀ ਤੇ ਬੱਸ ਦੇ ਪਿੱਛੇ ਆ ਰਹੇ ਇਕ ਹੋਰ ਵਾਹਣ ਵਿਚ ਸਵਾਰ ਇਕ ਵਿਅਕਤੀ ਦੀ ਮੌਤ ਹੋ ਗਈ। ਬੱਚਿਆਂ ਸਮੇਤ ਮੌਕੇ ਉਪਰ ਕੁਲ 53 ਲੋਕ ਮੌਜੂਦ ਸਨ ਜਿਨਾਂ ਵਿਚੋਂ 10 ਜਣਿਆਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਜਦ ਕਿ ਬਾਕੀ ਮਾਮੂਲੀ ਜਖਮੀ ਹਨ। ਇਕ ਬਿਆਨ ਵਿਚ ਹੇਅਜ ਕਾਨਸਾਲੀਡੇਟਿਡ ਇੰਡੀਪੈਂਡੈਂਟ ਸਕੂਲ ਡਿਸਟ੍ਰਿਕਟ ਨੇ ਕਿਹਾ ਹੈ ਕਿ ਹਾਦਸੇ ਸਮੇ ਟਾਮ ਗਰੀਨ ਐਲੀਮੈਂਟਰੀ ਸਕੂਲ ਦੇ 44 ਪ੍ਰੀ-ਕੇ ਵਿਦਿਆਰਥੀ ਤੇ 11 ਬਾਲਗ ਸਵਾਰ ਸਨ ਜੋ ਬਾਸਟਰਾਪ ਚਿੜਿਆ ਘਰ ਤੋਂ ਵਾਪਸ ਪਰਤ ਰਹੇ ਸਨ।



ਬੱਸ ਨੂੰ ਪੇਸ਼ ਆਏ ਹਾਦਸੇ ਦਾ ਇਕ ਦ੍ਰਿਸ਼

ਵਰਿੰਦਰ ਕੌਰ ਤੂਰ ਦੇ ਅਕਾਲ ਚਲਾਣੇ 'ਤੇ ਤੂਰ ਅਤੇ ਚੀਮਾਂ ਪਰਿਵਾਰ ਨੂੰ ਸਦਮਾ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਬੀਤੇ ਦਿਨੀ ਕੈਲੇਫੋਰਨੀਆਂ ਦੇ ਸ਼ਹਿਰ ਟਲੈਰੀ ਨਿਵਾਸੀ ਬੀਬੀ ਵਰਿੰਦਰ ਕੌਰ ਤੂਰ ਅਕਾਲ ਚਲਾਣਾ ਕਰ ਗਏ। ਉਹ 'ਸਿੱਖ ਕੌਂਸ਼ਲ ਆਫ ਸੈਟਰਲ ਕੈਲੇਫੋਰਨੀਆਂ' ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਚੀਮਾਂ ਦੀ ਪਤਨੀ ਦੇ ਭਰਾ ਸ. ਸੁਰਿੰਦਰਪਾਲ ਸਿੰਘ ਤੂਰ (ਸੈਮ, ਤੂਰ ਟਰੱਕਿੰਗ ਵਾਲੇ) ਦੇ ਪਤਨੀ ਸਨ। ਜੋ 1992 ਤੋਂ ਕੈਲੇਫੋਰਨੀਆਂ ਆਪਣੇ ਪਰਿਵਾਰ ਸਮੇਤ ਰਹਿ ਰਹੇ ਸਨ। ਪੰਜਾਬ ਤੋਂ ਉਨ੍ਹਾਂ ਦਾ ਪਿਛਲਾ ਨਕੋਦਰ ਨਜ਼ਦੀਕੀ ਪਿੰਡ ਬੜਾ ਇਸਲਾਮ ਹੈ। ਉਹ ਆਪਣੇ ਪਿਛੇ ਪਤੀ ਤੋਂ ਇਲਾਵਾ ਇਕ ਧੀ ਅਤੇ ਦੋ ਪੁੱਤਰਾਂ ਦੀ ਫੁਲਬਾੜੀ ਨੂੰ ਛੱਡ ਗਏ। ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧਾਜ਼ਲੀਆਂ ਦੀ ਰਸ਼ਮ 30 ਮਾਰਚ 2024, ਦਿਨ ਸ਼ਨੀਵਾਰ ਨੂੰ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ ਸਵੇਰ 11 ਵਜੇ ਤੋਂ 1 ਵਜੇ ਤੱਕ ਹੋਵੇਗੀ। ਜਿਸ ਦਾ ਪਤਾ: 4800 E. Clayton Avenue, Fowler CA 93625, ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ" ਵਿਖੇ ਹੋਵੇਗੀ। ਜਿਸ ਦਾ ਪਤਾ:

4250 E Lincoln Ave, Fresno, CA 93725 ਪਰਿਵਾਰ ਨਾਲ ਦੁੱਖ ਦੀ ਘੜੀ ਵਿੱਚ ਸ਼ਾਮਲ ਹੋਣ ਜਾਂ ਹੋਰ ਵਧੇਰੇ ਜਾਣਕਾਰੀ ਲਈ ਉਨ੍ਹਾਂ ਦੇ ਪਤੀ ਸ. ਸੁਰਿੰਦਰਪਾਲ ਸਿੰਘ ਸੈਮ ਤੂਰ ਨਾਲ ਫੋਨ ਨੰਬਰ 559 300 4899 ਜਾਂ ਸ. ਸੁਖਦੇਵ ਸਿੰਘ ਚੀਮਾਂ 559 300 0711 (ਬ੍ਰਦਰ-ਇਨ-ਲਾਅ) ਜਾਂ ਹਰਦੀਪ ਸਿੰਘ ਧੌਨਾ 331 900 0001 (ਸਨ-ਇਨ-ਲਾਅ) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

CAPITAL ACCOUNTING & TAX SERVICES

Kuldip Singh Kang

Sewa Singh Bhinder

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

CALIFORNIA DMV LIV. # 40524

ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਲਈ ਹੁਣ ਨਹੀਂ ਲੱਗੇਗੀ ਐਂਟਰੀ ਫ਼ੀਸ

ਅੰਮ੍ਰਿਤਸਰ : ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਲਈ ਅਹਿਮ ਖ਼ਬਰ ਸਾਹਮਣੇ ਆਈ ਹੈ। ਦਰਅਸਲ ਪਾਕਿਸਤਾਨ ਸਰਕਾਰ ਇਤਿਹਾਸਕ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਹੁਣ ਭਾਰਤੀ ਸ਼ਰਧਾਲੂਆਂ ਤੋਂ ਪੰਜ ਡਾਲਰ (ਭਾਰਤੀ ਕਰੰਸੀ 417.71 ਰੁਪਏ) ਐਂਟਰੀ ਫ਼ੀਸ ਨਹੀਂ ਲਵੇਗੀ ਪਰ ਕਰਤਾਰਪੁਰ ਪ੍ਰਾਜੈਕਟ ਮੈਨੇਜਮੈਂਟ ਯੂਨਿਟ ਵੱਲੋਂ ਭਾਰਤੀ ਸ਼ਰਧਾਲੂਆਂ ਤੋਂ 20 ਡਾਲਰ (ਭਾਰਤੀ ਕਰੰਸੀ 1670.85 ਰੁਪਏ) ਯਾਤਰਾ ਖ਼ਰਚ ਵਸੂਲਿਆ ਜਾਵੇਗਾ। ਇਸ ਦੇ ਨਾਲ ਹੀ ਗੁਰਦੁਆਰਿਆਂ ਦੇ ਰੱਖ-ਰਖਾਅ ਲਈ ਰਾਸ਼ਟਰੀ ਸਲਾਹਕਾਰ ਕਮੇਟੀ ਦੇ ਗਠਨ ਦਾ ਵੀ ਐਲਾਨ ਕੀਤਾ ਹੈ।

ਇਹ ਜਾਣਕਾਰੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਪਾਕਿਸਤਾਨੀ ਪੰਜਾਬ ਸੂਬੇ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਰਮੇਸ਼ ਸਿੰਘ ਅਰੋੜਾ ਵੱਲੋਂ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਤਿੰਨ ਦਿਨ ਪਹਿਲਾਂ ਹੋਈ ਬੈਠਕ 'ਚ ਵਿਦੇਸ਼ੀ ਸਿੱਖ ਭਾਈਚਾਰੇ ਨੂੰ ਪਾਕਿਸਤਾਨ ਸਥਿਤ ਗੁਰਦੁਆਰਾ ਸਾਹਿਬਾਨ ਦੇ ਨਵਨਿਰਮਾਣ ਦੇ ਕੰਮਾਂ ਲਈ ਯੋਗਦਾਨ ਦੇਣ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਵੱਖ-ਵੱਖ ਦੇਸ਼ਾਂ ਤੋਂ ਪਾਕਿਸਤਾਨ ਦੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਹਰ ਯਾਤਰੀ ਤੋਂ ਪੰਜ ਡਾਲਰ ਦਾਖ਼ਲਾ ਫ਼ੀਸ ਲਈ ਜਾਂਦੀ ਸੀ।

ਸੰਗਤ ਨੇ ਇਸ ਨੂੰ ਬੰਦ ਕਰਨ ਦੀ ਪਾਕਿਸਤਾਨ ਸਰਕਾਰ ਅੱਗੇ ਮੰਗ ਚੁੱਕੀ ਸੀ। ਅਰੋੜਾ ਨੇ ਦੱਸਿਆ ਕਿ ਵਿਸਾਖੀ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਜਾਣ ਵਾਲੇ ਭਾਰਤੀ ਯਾਤਰੀਆਂ ਨੂੰ ਬੱਸਾਂ ਦੀ ਬਜਾਏ ਵਿਸ਼ੇਸ਼ ਟਰੇਨ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ। ਦੇਸ਼ ਦੀ ਵੰਡ ਤੋਂ ਬਾਅਦ ਪਹਿਲੀ ਵਾਰ ਸੰਗਤ ਵਿਸ਼ੇਸ਼ ਟਰੇਨ ਰਾਹੀਂ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰੇਗੀ। 13 ਅਪ੍ਰੈਲ ਨੂੰ ਅਟਾਰੀ ਸੜਕ ਮਾਰਗ ਰਾਹੀਂ ਵਾਹਗਾ ਸਰਹੱਦ 'ਤੇ ਪੁੱਜਣ ਵਾਲੇ ਜੱਥੇ ਨੂੰ ਬੱਸਾਂ ਦੀ ਬਜਾਏ ਵਿਸ਼ੇਸ਼ ਟਰੇਨ ਰਾਹੀਂ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਦੀ ਯਾਤਰਾ ਕਰਵਾਈ ਜਾਵੇਗੀ। ਨਵੇਂ ਨਿਯਮਾਂ ਮੁਤਾਬਕ, ਗੁਰਦੁਆਰਿਆਂ 'ਚ ਠਹਿਰਣ ਲਈ ਸਭ ਤੋਂ ਪਹਿਲਾਂ ਵਿਦੇਸ਼ ਤੋਂ ਆਏ ਯਾਤਰੀਆਂ ਨੂੰ ਕਮਰੇ ਅਲਾਟ ਕੀਤੇ ਜਾਣਗੇ। ਇਸ ਤੋਂ ਬਾਅਦ ਹੀ ਪਾਕਿਸਤਾਨ ਦੀ ਸੰਗਤ ਨੂੰ ਕਮਰੇ ਮੁਹੱਈਆ ਕਰਵਾਏ ਜਾਣਗੇ।

ਪਾਕਿਸਤਾਨ ਸਰਕਾਰ ਵਲੋਂ ਰਮੇਸ਼ ਸਿੰਘ ਅਰੋੜਾ ਨੂੰ ਦਿਤਾ ਗਿਆ 'ਸਿਤਾਰਾ-ਏ-ਇਮਤਿਆਜ਼'

ਪਾਕਿਸਤਾਨ ਦੇ ਤੀਜੇ ਸਭ ਤੋਂ ਉਚੇ ਸਨਮਾਨ ਅਤੇ ਨਾਗਰਿਕ ਪੁਰਸਕਾਰ ਨਾਲ ਸਨਮਾਨਿਤ

ਲਾਹੌਰ : ਲਹਿੰਦੇ ਪੰਜਾਬ ਦੀ ਸਰਕਾਰ ਵਿਚ ਮੰਤਰੀ ਬਣੇ ਰਮੇਸ਼ ਸਿੰਘ ਅਰੋੜਾ ਨੂੰ ਪਾਕਿਸਤਾਨ ਸਰਕਾਰ ਵਲੋਂ 'ਸਿਤਾਰਾ-ਏ-ਇਮਤਿਆਜ਼' ਨਾਲ ਸਨਮਾਨਿਤ ਕੀਤਾ ਗਿਆ ਹੈ। ਸਿਤਾਰਾ-ਏ-ਇਮਤਿਆਜ਼ ਪਾਕਿਸਤਾਨ ਵਿਚ ਇਕ ਨਾਗਰਿਕ ਜਾਂ ਫੌਜੀ ਕਰਮੀ ਨੂੰ ਦਿਤਾ ਜਾਣ ਵਾਲਾ ਤੀਜਾ ਸੱਭ ਤੋਂ ਵੱਡਾ ਸਨਮਾਨ ਹੈ।

ਇਹ ਇਨਾਮ ਪਾਕਿਸਤਾਨ ਸਰਕਾਰ ਦੁਆਰਾ ਸਾਹਿਤ, ਕਲਾ, ਖੇਡ, ਚਿਕਿਤਸਾ ਜਾਂ ਵਿਗਿਆਨ ਦੇ ਖੇਤਰ ਵਿਚ ਉੱਤਮ ਫੌਜੀ ਅਤੇ ਅਸੈਨਿਕ ਕਾਰਜ ਕਰਨ ਦੇ ਇਵਜ ਵਿਚ ਪ੍ਰਦਾਨ ਕੀਤਾ ਜਾਂਦਾ ਹੈ। ਇਸ ਦਾ ਐਲਾਨ ਹਰ ਸਾਲ ਪਾਕਿਸਤਾਨ ਦੇ ਆਜ਼ਾਦੀ ਦਿਹਾੜੇ ਮੌਕੇ ਉਤੇ ਕੀਤਾ ਜਾਂਦਾ ਹੈ, ਅਤੇ ਪਾਕਿਸਤਾਨ ਦਿਵਸ ਤੇ ਪਾਕਿਸਤਾਨ ਦੇ ਰਾਸ਼ਟਰਪਤੀ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਦੇ ਪੰਜਾਬ ਦੀ ਸਰਕਾਰ ਵਿਚ ਰਮੇਸ਼ ਸਿੰਘ ਅਰੋੜਾ ਮੰਤਰੀ ਬਣੇ ਹਨ। 1947 ਤੋਂ ਬਾਅਦ ਪਾਕਿਸਤਾਨ ਵਾਲੇ ਪੰਜਾਬ ਦੀ ਸਰਕਾਰ ਦੀ ਕੈਬਨਿਟ ਵਿਚ ਮੰਤਰੀ ਬਣਨ ਵਾਲੇ ਪਹਿਲੇ ਸਿੱਖ ਹਨ। ਰਮੇਸ਼ ਸਿੰਘ ਪਾਕਿਸਤਾਨ ਸਿੱਖ ਗੁਰਦੁਆਰਾ ਪਬੰਧਕ ਕਮੇਟੀ ਦੇ ਪ੍ਰਧਾਨ ਵੀ ਹਨ।

ਕੈਨੇਡਾ: ਅੰਮ੍ਰਿਤਧਾਰੀ ਜੋੜੇ ਦੇ ਕਤਲ ਤੋਂ ਚਾਰ ਮਹੀਨੇ ਬਾਅਦ ਵੀ ਪੁਲੀਸ ਦੇ ਹੱਥ ਖਾਲੀ

ਪੁਲਿਸ ਨੇ ਮੰਨਿਆ ਕਿ ਮ੍ਰਿਤਕ ਗਲਤ ਪਛਾਣ ਦਾ ਸ਼ਿਕਾਰ ਹੋਏ, 13 ਗੋਲੀਆਂ ਲੱਗਣ ਤੋਂ ਬਾਅਦ ਅਪਾਜ਼ ਹੋਈ ਧੀ

ਵੈਨਕੂਵਰ : ਚਾਰ ਕੁ ਮਹੀਨੇ ਪਹਿਲਾਂ ਬਰੈਂਪਟਨ ਤੇ ਕੈਲੇਡਨ ਨੂੰ ਵੰਡਦੀ ਮੇਅ ਫੀਲਡ ਰੋਡ ਨੇੜਲੇ ਕਿਰਾਏ ਦੇ ਘਰ ਵਿਚ ਮਾਰੇ ਗਏ ਅੰਮ੍ਰਿਤਧਾਰੀ ਜੋੜੇ ਜਗਤਾਰ ਸਿੰਘ (57) ਤੇ ਹਰਭਜਨ ਕੌਰ (55) ਦੇ ਕਾਤਲ ਅਤੇ 13 ਗੋਲੀਆਂ ਕਾਰਨ ਉਮਰ ਭਰ ਲਈ ਅਪਾਹਜ ਹੋਈ ਉਨ੍ਹਾਂ ਦੀ ਧੀ ਜਸਪਰੀਤ ਕੌਰ (28) ਦੇ ਦੋਸ਼ੀ ਅਜੇ ਪੁਲੀਸ ਗ੍ਰਿਫਤ ਤੋਂ ਬਾਹਰ ਹਨ। ਦੰਪਤੀ ਕੁਝ ਦਿਨ ਪਹਿਲਾਂ ਹੀ ਪੰਜਾਬ ਤੋਂ ਪੁੱਤਰ ਤੇ ਧੀ ਕੋਲ ਪਹੁੰਚੇ ਸਨ। ਇਸੇ ਸਬੰਧ 'ਚ ਕੀਤੇ ਗਏ ਪੱਤਰਕਾਰ ਸੰਮੇਲਨ ਵਿਚ ਬੋਲਦੇ ਹੋਏ ਪੁਲੀਸ ਜਾਂਚ ਟੀਮ ਦੇ ਇੰਸਪੈਕਟਰ ਬਰੈਨ ਮੈਕਡੌਰਮਟ ਨੇ ਕਿਹਾ ਕਿ ਬਿਨਾਂ ਸ਼ੱਕ ਪਰਿਵਾਰ ਗਲਤ ਪਛਾਣ ਦਾ ਸ਼ਿਕਾਰ ਹੋਇਆ ਹੈ। ਚੰਗਾ ਹੋਇਆ ਕਿ ਉਸ ਮੌਕੇ ਜੋੜੇ ਦਾ ਪੁੱਤਰ ਗੁਰਦਿੱਤ ਸਿੰਘ (30) ਘਰ 'ਚ ਮੌਜੂਦ ਨਹੀਂ ਸੀ। ਉਸ ਨੇ ਦੱਸਿਆ ਕਿ ਲੰਘੇ ਸਾਲ 20 ਨਵੰਬਰ ਦੀ ਰਾਤ ਨੂੰ ਵਾਪਰੀ ਮੰਦਭਾਗੀ ਘਟਨਾ ਉਸ ਤੋਂ ਕੁਝ ਦਿਨ ਪਹਿਲਾਂ ਵਾਪਰੀਆਂ ਗੋਲੀਬਾਰੀ ਦੀਆਂ 6 ਹੋਰ ਘਟਨਾਵਾਂ ਨਾਲ ਸਬੰਧਤ ਹੈ। 15 ਨਵੰਬਰ ਨੂੰ ਬਰੈਂਪਟਨ ਦਾ ਰਹਿਣ ਵਾਲਾ ਜਗਰਾਜ ਸਿੰਘ (29) ਦਾ ਕਤਲ ਇਸੇ ਕੜੀ ਦਾ ਹਿੱਸਾ ਹੈ। ਹੋਰ ਜਾਣਕਾਰੀ ਦੇਣ ਤੋਂ ਨਾਂਹ ਕਰਦਿਆਂ ਪੁਲੀਸ ਅਫਸਰ ਨੇ ਕਿਹਾ ਕਿ ਇਸ ਨਾਲ ਜਾਂਚ ਪ੍ਰਭਾਵਤ ਹੋ ਸਕਦੀ ਹੈ। ਉਸ ਨੇ ਭਰੋਸਾ ਪ੍ਰਗਟਾਇਆ ਕਿ ਸਬੂਤ ਇਕੱਤਰ ਹੋਣ ਤੋਂ ਬਾਅਦ ਸਾਰੇ ਮਾਮਲੇ ਦਾ ਖੁਲਾਸਾ ਜਲਦੀ ਕਰ ਦਿਤਾ ਜਾਏਗਾ।

ਜ਼ਿਕਰਯੋਗ ਹੈ ਕਿ ਬੰਦੂਕਧਾਰੀ ਨੇ ਘਰ ਦੇ ਅੰਦਰ ਦਾਖਲ ਹੋ ਕੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਸੀ, ਜਿਸ ਕਾਰਣ ਜਗਤਾਰ ਸਿੰਘ ਤਾਂ ਮੌਕੇ 'ਤੇ ਦਮ ਤੋੜ ਗਿਆ, ਪਰ ਉਸ ਦੀ ਪਤਨੀ ਜ਼ਖ਼ਮਾਂ ਦੀ ਤਾਬ ਨਾ ਸਹਿੰਦਿਆਂ 13 ਦਿਨ ਬਾਅਦ ਮੌਤ ਦੇ ਮੂੰਹ ਜਾ ਪਈ ਸੀ। ਉਨ੍ਹਾਂ ਦੀ ਧੀ ਜਸਪ੍ਰੀਤ ਕੌਰ ਜਿਸ ਦੇ 13 ਗੋਲੀਆਂ ਲੱਗੀਆਂ ਸੀ, ਅਜੇ ਵੀ ਹਸਪਤਾਲ 'ਚ ਇਲਾਜ ਅਧੀਨ ਹੈ ਤੇ ਡਾਕਟਰਾਂ ਮੁਤਾਬਿਕ ਉਮਰ ਭਰ ਲਈ ਅਪਾਹਜ ਹੋ ਗਈ ਹੈ।

ਪਾਕਿਸਤਾਨ ਵਿਚ ਹੁਣ 18 ਸਾਲ ਤੋਂ ਘੱਟ ਉਮਰ ਦੇ ਸਿੱਖ ਨਹੀਂ ਕਰਵਾ ਸਕਦੇ ਵਿਆਹ

ਸੂਬਾਈ ਸਿੱਖ ਐਕਟ 'ਚ ਸੋਧ ਕੀਤੀ ਜਾਵੇਗੀ : ਮੰਤਰੀ ਰਮੇਸ਼ ਸਿੰਘ ਅਰੋੜਾ

ਲਾਹੌਰ : ਪਾਕਿਸਤਾਨ ਦੇ ਪੰਜਾਬ ਸੂਬੇ ਦੇ ਪਹਿਲੇ ਸਿੱਖ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕਿਹਾ ਹੈ ਕਿ ਸੂਬਾਈ ਸਿੱਖ ਐਕਟ 'ਚ ਸੋਧ ਕੀਤੀ ਜਾਵੇਗੀ, ਜਿਸ ਤਹਿਤ 18 ਸਾਲ ਤੋਂ ਘੱਟ ਉਮਰ ਦੇ ਸਿੱਖ ਵਿਆਹ ਕਰਨ ਦੇ ਅਯੋਗ ਹੋਣਗੇ। ਬੁੱਧਵਾਰ ਨੂੰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀਐਸਜੀਪੀਸੀ) ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਪਾਕਿਸਤਾਨ ਦੇ ਸਿੱਖ ਐਕਟ ਵਿੱਚ ਨਵੀਆਂ ਸੋਧਾਂ ਘੱਟ ਗਿਣਤੀ ਭਾਈਚਾਰੇ ਦੇ ਹੱਕ ਵਿੱਚ ਹੋਣ ਜਾ ਰਹੀਆਂ ਹਨ।

ਘੱਟ ਗਿਣਤੀ ਮਾਮਲਿਆਂ ਬਾਰੇ ਸੂਬਾਈ ਕੈਬਨਿਟ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਸਿੱਖ ਆਨੰਦ ਮੈਰਿਜ ਐਕਟ 2018 ਵਿੱਚ ਕੁਝ ਸੋਧਾਂ ਕੀਤੀਆਂ ਜਾਣਗੀਆਂ, ਜਿਨ੍ਹਾਂ ਵਿੱਚ 18 ਸਾਲ ਤੋਂ ਘੱਟ ਉਮਰ ਦੇ ਸਿੱਖਾਂ ਨੂੰ ਵਿਆਹ ਲਈ ਅਯੋਗ ਬਣਾਉਣਾ ਵੀ ਸ਼ਾਮਲ ਹੈ ਅਤੇ ਇਸ ਨੂੰ ਜਲਦੀ ਹੀ ਕੈਬਨਿਟ ਵਲੋਂ ਮਨਜ਼ੂਰੀ ਦੇ ਦਿੱਤੀ ਜਾਵੇਗੀ। ਮੀਟਿੰਗ ਵਿੱਚ ਲਾਹੌਰ, ਨਨਕਾਣਾ ਸਾਹਿਬ, ਪੰਜਾ ਸਾਹਿਬ, ਡੇਰਾ ਸਾਹਿਬ ਅਤੇ ਪਿਸ਼ਾਵਰ ਤੋਂ ਹੋਂਡ ਗ੍ਰੰਥੀਆਂ ਨੇ ਵੀ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਸਿੱਖ ਐਕਟ ਵਿੱਚ ਕਈ ਸੋਧਾਂ ਦੀ ਸਿਫ਼ਾਰਸ਼ ਕੀਤੀ ਗਈ। ਸੋਧੇ ਹੋਏ ਕਾਨੂੰਨ ਅਨੁਸਾਰ ਵਿਆਹ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਅਨੁਸਾਰ ਹੀ ਹੋਵੇਗਾ। ਜੋੜੇ ਨੂੰ ਇੱਕ ਫਾਰਮ ਭਰ ਕੇ ਵਿਆਹ ਦੇ 30 ਦਿਨਾਂ ਦੇ ਅੰਦਰ ਅਧਿਕਾਰਤ ਰਜਿਸਟਰਾਰ ਕੋਲ ਜਮ੍ਹਾਂ ਕਰਨਾ ਹੋਵੇਗਾ। ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐਮਐਲ-ਐਨ) ਪਾਰਟੀ ਦੇ ਮੈਂਬਰ ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਯੂਨੀਅਨ ਕੌਂਸਲ ਸਾਰੇ ਵਿਆਹਾਂ ਦਾ ਰਿਕਾਰਡ ਰੱਖੇਗੀ। ਮੀਟਿੰਗ ਦੌਰਾਨ ਮੇਲ-ਮਿਲਾਪ ਕੌਂਸਲ, ਮੈਰਿਜ ਰਜਿਸਟਰਾਰ ਅਤੇ ਰਜਿਸਟਰਾਰ ਦੀ ਨਿਯੁਕਤੀ ਸਬੰਧੀ ਵੱਖ-ਵੱਖ ਪ੍ਰਸਤਾਵਾਂ 'ਤੇ ਚਰਚਾ ਕੀਤੀ ਗਈ।

ਮੀਟਿੰਗ ਦੇ ਨਤੀਜੇ ਅਨੁਸਾਰ ਸਿੱਖ ਲੜਕੇ-ਲੜਕੀਆਂ ਦੀ ਉਮਰ 18 ਸਾਲ ਵਿਆਹ ਲਈ ਹੋਣੀ ਚਾਹੀਦੀ ਹੈ। ਇਸ ਦੌਰਾਨ ਇਹ ਵੀ ਸਹਿਮਤੀ ਬਣੀ ਕਿ ਪੰਜ ਮੈਂਬਰੀ ਸੰਗਤ ਕਿਸੇ ਵੀ ਮੁੱਦੇ 'ਤੇ ਆਪਣੇ ਪ੍ਰਸਤਾਵ ਪੇਸ਼ ਕਰੇਗੀ। ਇਹ ਵੀ ਫੈਸਲਾ ਕੀਤਾ ਗਿਆ ਕਿ ਤਲਾਕ ਲੈਣ ਵਾਲੇ ਜੋੜੇ ਨੂੰ ਯੂਨੀਅਨ ਕੌਂਸਲ ਦੇ ਚੇਅਰਮੈਨ ਨੂੰ ਲਿਖਤੀ ਨੋਟਿਸ ਭੇਜਣਾ ਪਵੇਗਾ, ਜੋ ਨੋਟਿਸ ਮਿਲਣ ਦੇ 30 ਦਿਨਾਂ ਦੇ ਅੰਦਰ ਸੁਲ੍ਹਾ-ਸਫਾਈ ਕਮੇਟੀ ਦਾ ਗਠਨ ਕਰੇਗਾ। ਜੇਕਰ ਜੋੜਾ 90 ਦਿਨਾਂ ਬਾਅਦ ਸੁਲ੍ਹਾ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਇੱਕ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ।

ਅਮਰੀਕਾ ਦੇ ਬਾਲਟੀਮੋਰ 'ਚ ਸਮੁੰਦਰੀ ਮਾਲ ਵਾਹਕ ਜਹਾਜ਼ ਟਕਰਾਉਣ ਕਾਰਨ ਪੁਲ ਡਿੱਗਾ

ਕਈ ਵਿਅਕਤੀ ਵਾਹਨਾਂ ਸਣੇ ਡੁੱਬੇ

ਸਾਨ ਫਰਾਂਸਿਸਕੋ : ਅਮਰੀਕਾ ਦੇ ਮੈਰੀਲੈਂਡ 'ਚ ਇਕ ਮਾਲ ਵਾਹਕ ਜਹਾਜ਼ ਦੇ ਟਕਰਾਉਣ ਨਾਲ 'ਫਰਾਂਸਿਸ ਸਕਾਟ ਦੀ ਬ੍ਰਿਜ' ਦਾ ਇਕ ਹਿੱਸਾ ਢਹਿ ਗਿਆ। ਨਿਊਯਾਰਕ ਟਾਈਮਜ਼ ਮੁਤਾਬਿਕ ਘਟਨਾ ਅਮਰੀਕੀ ਸਮੇਂ ਅਨੁਸਾਰ ਰਾਤ ਲਗਪਗ ਡੇਢ ਵਜੇ ਦੀ ਹੈ। ਜਹਾਜ਼ ਪ੍ਰਬੰਧਨ ਕੰਪਨੀ ਸਿਨਰਜੀ ਮਰੀਨ ਗਰੁੱਪ ਨੇ ਕਿਹਾ ਕਿ 2 ਪਾਇਲਟਾਂ ਸਮੇਤ ਸਾਰੇ 22 ਚਾਲਕ ਦਲ ਦੇ ਮੈਂਬਰ ਭਾਰਤੀ ਸਨ। ਇਨ੍ਹਾਂ 'ਚੋਂ ਕੋਈ ਵੀ ਜ਼ਖਮੀ ਨਹੀਂ ਹੋਇਆ ਹੈ। ਪੁੱਲ ਨਾਲ ਟਕਰਾਉਣ ਤੋਂ ਬਾਅਦ ਜਹਾਜ਼ ਨੂੰ ਅੱਗ ਲੱਗ ਗਈ ਅਤੇ ਜਹਾਜ਼ ਡੁੱਬ ਗਿਆ। ਜਾਣਕਾਰੀ ਅਨੁਸਾਰ ਬਾਲਟੀਮੋਰ 'ਚ ਅੱਜ ਤੜਕੇ ਕੰਟੇਨਰ ਜਹਾਜ਼ ਦੇ ਟਕਰਾਉਣ ਕਾਰਨ ਵੱਡਾ ਪੁਲ ਟੁੱਟ ਗਿਆ ਅਤੇ ਕਈ ਵਾਹਨ ਨਦੀ 'ਚ ਡਿੱਗ ਗਏ। ਬਚਾਅ ਕਰਮਚਾਰੀ ਪਾਣੀ ਵਿਚ ਘੱਟੋ-ਘੱਟ 20 ਵਿਅਕਤੀਆਂ ਦੀ ਭਾਲ ਕਰ ਰਹੇ ਸਨ। ਐਕਸ 'ਤੇ ਪੋਸਟ ਕੀਤੀ ਵੀਡੀਓ ਅਨੁਸਾਰ ਸਮੁੰਦਰੀ ਜਹਾਜ਼ ਫਰਾਂਸਿਸ ਸਕਾਟ ਬ੍ਰਿਜ ਦੇ ਇੱਕ ਹਿੱਸੇ ਨਾਲ ਟਕਰਾਅ ਗਿਆ, ਜਿਸ ਨਾਲ ਪੁਲ ਟੁੱਟ ਗਿਆ। ਸਿੰਗਾਪੁਰ ਦੇ ਝੰਡੇ ਵਾਲਾ ਇਹ ਜਹਾਜ਼ ਸ੍ਰੀਲੰਕਾ ਦੀ ਰਾਜਧਾਨੀ ਕੋਲੰਬੋ ਜਾ ਰਿਹਾ ਸੀ। ਇਸ ਦਾ ਨਾਮ ਦਾਲੀ ਦੱਸਿਆ ਜਾ ਰਿਹਾ ਹੈ। ਅਧਿਕਾਰੀਆਂ ਨੇ ਕਿਹਾ ਕਿ 7 ਵਿਅਕਤੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੁੱਲ ਦੇ ਟੁੱਟ ਜਾਣ ਕਾਰਨ ਇਸ 'ਤੇ ਮੌਜੂਦ ਕਈ ਗੱਡੀਆਂ ਵੀ ਪਾਣੀ ਵਿਚ ਡਿੱਗ ਗਈਆਂ। ਹਾਲਾਂਕਿ ਹੁਣ ਤੱਕ ਇਹ ਸਾਫ਼ ਨਹੀਂ ਹੋ ਸਕਿਆ ਕਿ ਪੁੱਲ 'ਤੇ ਕਿੰਨੇ ਲੋਕ ਮੌਜੂਦ ਸਨ ਅਤੇ ਉਹ ਹੁਣ ਕਿਸ ਸਥਿਤੀ 'ਚ ਹਨ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋਂ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ

ਕੈਪਟਨ ਅਮਰਜੀਤ ਸਿੰਘ ਕਾਲੇਕਾ

ਸ਼ਹੀਦੀ ਸਾਕਾ ਗੁ. ਸਾਹਿਬ ਓਕ ਕਰੀਕ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਸ ਮੌਕੇ ਪਹੁੰਚੀਆਂ ਪ੍ਰਮੁੱਖ ਸ਼ਖਸੀਅਤਾਂ ਵਿਚੋਂ ਕਾਲੇਕਾ ਪਰਿਵਾਰ ਨੇ ਸਮੇਂ ਦੀਆਂ ਪਾਬੰਦੀਆਂ ਦਾ ਖਿਆਲ ਰੱਖਦਿਆਂ, ਕੁਝ ਇੱਕ ਨੂੰ ਹੀ ਸਟੇਜ਼ ਤੋਂ ਸ਼ਰਧਾਂਜਲੀ ਭੇਟ ਕਰਨ ਲਈ ਆਖਿਆ। ਜਿਸ ਦੀ ਸ਼ੁਰੂਆਤ ਸ. ਵਿਜੈਇੰਦਰ ਸਿੰਗਲਾ, ਮੈਂਬਰ ਪਾਰਲੀਮੈਂਟ, ਸੰਗਰੂਰ ਨੇ ਕੀਤੀ। ਉਹਨਾਂ ਨੇ ਕਾਲੇਕਾ ਪਰਿਵਾਰ ਦੀ ਇਮਾਨਦਾਰੀ ਸਚਾਈ ਅਤੇ ਬਹਾਦਰੀ ਦੀ ਪ੍ਰੰਪਰਾ ਦਾ ਜ਼ਿਕਰ ਕਰਦਿਆਂ ਆਖਿਆ ਕਿ ਜ਼ਿੰਦਗੀ ਉਹ ਜੀਉ ਜਿਸ ਨੂੰ ਮੌਤ ਵੀ ਨਾ ਮਾਰ ਸਕੇ। ਉਹਨਾਂ ਕਿਹਾ ਕਿ ਭਾਵੇਂ ਸਤਵੰਤ ਸਿੰਘ ਕਾਲੇਕਾ ਜੀ ਸਰੀਰਕ ਰੂਪ ਵਿਚ ਅੱਜ ਸਾਡੇ ਵਿਚ ਨਹੀਂ ਹਨ, ਪ੍ਰੰਤੂ ਉਹਨਾਂ ਦੀ ਖੁਸ਼ਬੂ ਅੱਜ ਵੀ ਕਾਇਮ ਹੈ, ਦੇਸ਼ਾਂ ਵਿਦੇਸ਼ਾਂ ਵਿਚ ਹੋਏ ਸਮਾਗਮਾਂ ਅਤੇ ਅੱਜ ਦਾ ਇਹ ਵਿਸ਼ਾਲ ਇਕੱਠ ਇਸ ਗੱਲ ਦਾ ਪ੍ਰਤੀਕ ਹੈ। ਵਿਦੇਸ਼ ਰਾਜ ਮੰਤਰੀ ਮਹਾਰਾਣੀ ਪਰਨੀਤ ਕੌਰ ਨੇ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆਂ ਗਾਂਧੀ ਦਾ ਵਿਸ਼ੇਸ਼ ਸੰਦੇਸ਼ ਜੋ ਕਿ ਭਰਾ ਅਮਰਜੀਤ ਸਿੰਘ ਕਾਲੇਕਾ ਦੇ ਨਾਮ ਸੀ, ਲੈ ਕੇ ਇਸ ਸਮਾਰੋਹ ਵਿਚ ਸ਼ਮੂਲੀਅਤ ਕੀਤੀ। ਉਹਨਾਂ ਨੇ ਮਿਲਵਾਕੀ ਵਿਖੇ ਹੋਏ ਘਟਨਾਕ੍ਰਮ ਦਾ ਜ਼ਿਕਰ ਕਰਦਿਆਂ ਆਖਿਆ ਕਿ ਅੱਜ ਦੁੱਖ ਭਰੇ ਹਿਰਦਿਆਂ ਨਾਲ ਸਾਰੀ, ਸੰਗਤ ਦੇਸ਼ ਅਤੇ ਵਿਦੇਸ਼ ਵਿਚ ਵਸਦੇ ਸਿੱਖਾਂ ਅਤੇ ਸਹੀ ਸੋਚ ਵਾਲੇ ਪਰਿਵਾਰਾਂ ਦੇ ਮਨਾਂ ਨੂੰ ਬਹੁਤ ਦੁੱਖ ਹੋਇਆ ਹੈ। ਮਹਾਰਾਣੀ ਸਾਹਿਬ ਨੇ ਆਖਿਆ ਕਿ ਮੈਂ ਸਿਰ ਝੁਕਾ ਕੇ ਸਤਵੰਤ ਸਿੰਘ ਕਾਲੇਕਾ ਨੂੰ ਸ਼ਰਧਾਂਜਲੀ ਭੇਟ ਕਰਦੀ ਹਾਂ ਕਿ ਕਿਵੇਂ ਸਤਵੰਤ ਸਿੰਘ ਨੇ ਲਗਾਤਾਰ 18 ਸਾਲ ਗੁਰੂ ਘਰ ਦੀ ਸੇਵਾ ਕਰਕੇ ਸਾਡਾ ਸਿਰ ਉੱਚਾ ਕੀਤਾ। ਸ੍ਰੀਮਤੀ ਸੋਨੀਆਂ ਗਾਂਧੀ ਨੇ ਆਪਣੇ ਸੰਦੇਸ਼ ਵਿਚ ਸਿੱਖਾਂ ਦੀ ਦੇਸ਼ ਅਤੇ ਵਿਦੇਸ਼ਾਂ ਵਿਚ ਇਕ ਵਿਸ਼ੇਸ਼ ਸਥਾਨ ਦੀ ਗੱਲ ਵੀ ਆਖੀ। ਉਹਨਾਂ ਨੇ ਕਿਸੇ ਵੀ ਧਾਰਮਿਕ ਸਥਾਨ ਤੇ ਹਮਲੇ ਨੂੰ ਮਾਨਵਤਾ 'ਤੇ ਕਲੰਕ ਦੱਸਿਆ। ਮਹਾਰਾਣੀ ਸਾਹਿਬਾ, ਕੈਪਟਨ ਅਮਰਿੰਦਰ ਸਿੰਘ ਦਾ ਸੰਦੇਸ਼ ਵੀ ਲੈ ਕੇ ਆਏ। ਇਹ ਦੋਵੇਂ ਸੰਦੇਸ਼ ਉਹਨਾਂ ਨੇ ਸਤਵੰਤ ਸਿੰਘ ਦੇ ਵੱਡੇ ਭਰਾ ਸ. ਅਮਰਜੀਤ ਸਿੰਘ ਕਾਲੇਕਾ ਨੂੰ ਦਿੱਤੇ। ਕੈਬਨਿਟ ਮੰਤਰੀ ਪੰਜਾਬ, ਸ. ਅਜੀਤ ਸਿੰਘ ਕੋਹਾੜ ਨੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਵੱਲੋਂ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਸਤਵੰਤ ਸਿੰਘ ਕਾਲੇਕਾ ਵੱਲੋਂ ਅਮਰੀਕਾ ਵਿਚ ਕੀਤੀ ਗੁਰੂ ਘਰ ਦੀ ਸੇਵਾ ਨੂੰ ਭੁਲਾਇਆ ਨਹੀਂ ਜਾ ਸਕਦਾ ਅਤੇ ਇਸ ਗੱਲ ਦਾ ਵੀ ਜ਼ਿਕਰ ਕੀਤਾ ਕਿ ਕਿਵੇਂ ਸਤਵੰਤ ਸਿੰਘ ਲੋਕਾਈ ਨੂੰ ਗੁਰੂ ਘਰ ਨਾਲ ਜੋੜਦੇ ਸਨ। ਉਹਨਾਂ ਨੇ ਅੱਜ ਦੇ ਇਕੱਠ ਨੂੰ ਕਾਲੇਕਾ ਅਤੇ ਰੱਖੜਾ ਪਰਿਵਾਰ ਦੀ ਭਾਈਚਾਰਕ ਸਾਂਝ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਦੱਸਿਆ।



ਬਾਬਾ ਬਲਬੀਰ ਸਿੰਘ, ਮੁੱਖੀ ਬੁੱਢਾ ਦਲ ਨੇ ਸਮੂੱਚੀਆਂ ਨਿਹੰਗ ਸਿੰਘ ਜੱਥੇਬੰਦੀਆਂ ਵੱਲੋਂ ਸ਼ਰਧਾਂਜਲੀ ਭੇਟ ਕਰਦਿਆਂ ਵਿਖਿਆਨ ਕੀਤਾ ਕਿ ਕਿਵੇਂ ਸਤਵੰਤ ਸਿੰਘ ਕਾਲੇਕਾ ਆਪਣੀ ਸ਼ਹਾਦਤ ਨਾਲ ਵਿਦੇਸ਼ਾਂ ਵਿਚ ਵੀ ਸਿੱਖਾਂ ਦੀ ਵੱਖਰੀ ਹੋਂਦ ਦਾ ਅਹਿਸਾਸ ਕਰਵਾ ਗਏ।

ਸਿੱਖਾਂ ਦੀ ਸਰਵਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੇ ਸੰਬੋਧਨ ਕਰਦਿਆਂ ਆਖਿਆ ਕਿ ਸਿੱਖੀ ਕਮਾਉਣੀ ਬੜੀ ਔਖੀ ਹੈ, ਸਿੱਖੀ ਨੂੰ ਸੂਈ ਦੇ ਨੱਕੇ ਵਿਚੋਂ ਨਿਕਲਣਾ ਪੈਂਦਾ ਹੈ। ਉਹਨਾਂ ਨੇ ਅਮਰੀਕੀ ਪ੍ਰਸ਼ਾਸਨ ਨੂੰ ਇਸ ਸਾਕੇ ਮਗਰੋਂ ਹਾਲਤਾਂ ਨੂੰ ਸਾਂਭਣ ਅਤੇ ਸਿੱਖਾਂ ਦੀ ਪਛਾਣ ਲਈ ਕੀਤੇ ਜਾ ਰਹੇ ਉਪਰਾਲਿਆਂ ਲਈ ਸਰਾਹਿਆ। ਉਹਨਾਂ ਆਖਿਆ ਕਿ ਭਾਵੇਂ ਅੱਜ ਅਸੀਂ ਸਮਾਜਿਕ ਤੌਰ 'ਤੇ ਸਦਮੇ ਵਿਚ ਹਾਂ, ਪ੍ਰੰਤੂ ਧਾਰਮਿਕ ਤੌਰ ਤੇ ਅਸੀਂ ਮਾਣ ਮਹਿਹਸੂਸ ਕਰਦੇ ਹਾਂ ਕਿ ਕਿਵੇਂ ਸਤਵੰਤ ਸਿੰਘ ਕਾਲੇਕਾ ਨੇ ਆਪਣੀ ਜਾਨ ਵਾਰ ਕੇ ਆਪਣੀ ਕੌਮ ਦੇ ਅਨੇਕਾਂ ਪਰਿਵਾਰਾਂ ਨੂੰ ਬਚਾਇਆ। ਉਹਨਾਂ ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕੀ ਅਧਿਕਾਰੀਆਂ ਨੂੰ ਅਤੇ ਭਾਰਤ ਦੇ ਵਿਦੇਸ਼ ਮੰਤਰੀ ਸ੍ਰੀ ਐੱਸ.ਐੱਸ ਕ੍ਰਿਸ਼ਨਾ ਨੂੰ ਮਿਲ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਉਹਨਾਂ ਤੱਕ ਪਹੁੰਚਾਉਣ ਦਾ ਜ਼ਿਕਰ ਵੀ ਕੀਤਾ। ਸ਼੍ਰੋਮਣੀ ਕਮੇਟੀ ਪਹਿਲਾਂ ਹੀ ਮੰਜੀ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 10 ਅਗਸਤ ਨੂੰ ਪਾਠ ਦੇ ਭੋਗ ਪਾ ਕੇ ਇਹਨਾਂ ਸ਼ਹੀਦਾਂ ਨੂੰ ਸ਼ਰਧਾ ਸਤਿਕਾਰ ਦੇ ਭੇਟ ਕਰ ਚੁੱਕੀ ਹੈ। ਸ੍ਰੀ ਮੱਕੜ ਨੇ ਦੱਸਿਆ ਕਿ ਸਤਵੰਤ ਸਿੰਘ ਕਾਲੇਕਾ ਦੀ ਇਸ ਵਿਲੱਖਣ ਸ਼ਹੀਦੀ ਲਈ ਅਤੇ ਇਸ ਹਮਲੇ ਵਿਚ ਜ਼ਖਮੀ ਹੋਏ ਅਮਰੀਕੀ ਅਧਿਕਾਰੀ ਲਫਟੈਨ ਬਰਾਇਨ ਮਰਫੀ ਨੂੰ ਬਹਾਦਰੀ ਪੁਰਸਕਾਰ ਦੇਣ ਦਾ ਐਲਾਨ ਕਰ ਚੁੱਕੀ ਹੈ। ਬਾਕੀ ਸ਼ਹੀਦਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਦੋ ਦੋ ਲੱਖ ਰੁਪਏ ਇਨਾਮ ਦਾ ਵੀ ਐਲਾਨ ਕੀਤਾ ਗਿਆ ਹੈ।

(ਚਲਦਾ)

ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਇਤਿਹਾਸ ਦੇ ਝਰੋਖੇ ਵਿਚੋਂ

ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸ੍ਰੀ ਅਕਾਲ ਤਖਤ ਸਾਹਿਬ ਵਿਚ ਲੱਗਿਆ ਇਹ ਬੋਰਡ ਅਤੇ ਗੁਰਬਾਣੀ ਦੀ ਲਿਖਤ ਸਵੈ ਪੜਤਾਲ ਲਈ ਅਸਰਦਾਰ ਸੰਦੇਸ਼ ਸੀ। ਕਈ ਸਾਲਾਂ ਤੱਕ ਇਹ ਬੋਰਡ ਅਲੋਪ ਰਹਿਣ ਦੇ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਮੌਜੂਦਾ ਜਥੇਦਾਰ ਸਿੰਘ ਸਾਹਿਬ ਹਰਪ੍ਰੀਤ ਸਿੰਘ ਜੀ ਦੇ ਯਤਨਾਂ ਸਦਕਾ ਇਹ ਮੁੜ ਸ੍ਰੀ ਅਕਾਲ ਤਖਤ ਸਾਹਿਬ, ਤਖਤ ਸ੍ਰੀ ਦਮਦਮਾ ਸਾਹਿਬ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਚ ਪ੍ਰਮੁੱਖਤਾ ਨਾਲ ਲਗਾਏ ਜਾ ਚੁੱਕੇ ਹਨ। ਲੋੜ ਹੈ ਇਸ ਤਖਤ ਸਾਹਿਬਾਨ ਦੀ ਮਰਯਾਦਾ ਨੂੰ ਬਹਾਲ ਕਰਦੇ ਇਸ ਆਦੇਸ਼ ਨੂੰ ਦ੍ਰਿੜ੍ਹਤਾ ਨਾਲ ਲਾਗੂ ਕੀਤਾ ਜਾਏ। ਭੈਅ ਭਾਵਨੀ ਵਿਚ ਬੱਧੇ ਗੁਰਸਿੱਖਾਂ ਲਈ ਇਹ ਹੁਕਮ ਗੁਰੂ ਦਾ ਆਪਣਾ ਆਦੇਸ਼ ਹੈ। ਬੇਪੀਰ, ਕਾਫ਼ਰ ਅਤੇ ਮਨੁੱਖ ਇਸ ਤੋਂ ਪੂਰੀ ਤਰ੍ਹਾਂ ਆਜ਼ਾਦ ਹਨ।

ਇਸ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਦਾ "ਸੁਧਿ ਜਬ ਤੇ ਹਮ ਧਰੀ" ਪੂਰਾ ਸ਼ਬਦ ਸ੍ਰੀ ਅਕਾਲ ਤਖਤ ਸਾਹਿਬ ਦੇ ਬਾਹਰ ਨਿਕਲਣ ਵਾਲੇ ਬੂਹੇ ਦੇ ਉਤੇ ਸੰਗਮਰਮਰ ਵਿਚ ਬੜੀ ਹੀ ਪ੍ਰਮੁੱਖਤਾ ਨਾਲ ਉਕਰਿਆ ਹੋਇਆ ਸੀ। ਇਸ ਦੀ ਤਸਵੀਰ ਹੇਠ ਦਿੱਤੀ ਗਈ ਹੈ। ਇਹ ਸ਼ਬਦ ਕਲਗੀਧਰ ਪਿਤਾ ਵਲੋਂ ਰਹਿਤ ਵਿਚ ਆਚਰਣ ਦੀ ਉਚਤਾ ਦੀ ਤਾਕੀਦ ਹੈ। ਦਰਬਾਰ ਸਾਹਿਬ 'ਤੇ ਹਮਲੇ ਦੇ ਬਾਅਦ ਇਹ ਹੁਣ ਉਥੇ ਹੈ ਨਹੀਂ। ਇਹ ਸਾਡਾ ਅਨਮੋਲ ਵਿਰਸਾ ਹੈ। ਜ਼ਰੂਰਤ ਹੈ ਇਸ ਨੂੰ ਮੁੜ ਪ੍ਰਮੁੱਖਤਾ ਨਾਲ ਉਥੇ ਲਗਾਉਣ ਦੀ।

ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਨ ਜੈਯਹੁ ॥੫੧॥
ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ ॥
ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ ॥
ਪਰ ਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ ॥
ਹੋ ਪਰ ਨਾਰੀ ਕੇ ਹੇਤ ਕਟਕ ਕਵਰਨ ਕੌ ਘਾਯੋ ॥ ੫੨ ॥
ਪਰ ਨਾਰੀ ਸੌ ਨੇਹੁ ਛੁਰੀ ਪੈਨੀ ਕਰਿ ਜਾਨਹੁ ॥
ਅਧਿਕ ਹਰੀਫ਼ੀ ਜਾਨਿ ਭੋਗ ਪਰ ਤ੍ਰਿਯ ਜੋ ਕਰਹੀ ॥
ਹੋ ਅੰਤ ਸ੍ਵਾਨ ਕੀ ਮ੍ਰਿਤੁ ਹਾਥ ਲੇਂਡੀ ਕੇ ਮਰਹੀ ॥ ੫੩ ॥
ਬਾਲ ਹਮਾਰੇ ਪਾਸ ਦੇਸ ਦੇਸਨ ਤ੍ਰਿਯ ਆਵਹਿ ॥
ਮਨ ਬਾਛਤ ਬਰ ਮਾਂਗਿ ਜਾਨਿ ਗੁਰ ਸੀਸ ਝੁਕਾਵਹਿ ॥
ਸਿਖ੍ਯ ਪੁਤ੍ਰ ਤ੍ਰਿਯ ਸੁਤਾ ਜਾਨਿ ਅਪਨੇ ਚਿਤ ਧਰਿਯੈ ॥
ਹੋ ਕਹੁ ਸੁੰਦਰਿ ਤਿਹ ਸਾਥ ਗਵਨ ਕੈਸੇ ਕਰਿ ਕਰਿਯੈ ॥ ੫੪ ॥ (ਸ੍ਰੀ ਦਸਮ ਗ੍ਰੰਥ ਸਾਹਿਬ)

(ਡ) ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉਚੀ ਥਾਂ 'ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਅਤੇ ਨਿਸ਼ਾਨ ਸਾਹਿਬ ਦੇ ਸਿਰੇ ਉਤੇ ਸਰਬਲੋਹ ਦਾ 'ਭਾਲਾ' ਜਾਂ ਖੰਡਾ ਹੋਵੇ। (ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੫)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ :

(ਢ) ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉਚੀ ਥਾਂ 'ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਅਤੇ ਨਿਸ਼ਾਨ ਸਾਹਿਬ ਦੇ ਸਿਰ 'ਤੇ ਸਰਬਲੋਹ ਦਾ ਖੰਡਾ ਹੋਵੇ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੯, ਪੰਨਾ ੫)

ਤਬਦੀਲੀ

ਇਸ ਮੱਦੇ ਵਿਚ ਨਿਸ਼ਾਨ ਸਾਹਿਬ ਦੇ ਸਿਰੇ 'ਤੇ 'ਸਰਬਲੋਹ ਦਾ ਖੰਡਾ' ਦੀ ਬਜਾਇ 'ਸਰਬਲੋਹ ਦਾ ਭਾਲਾ ਜਾਂ ਖੰਡਾ' ਕਰ ਦਿੱਤਾ ਗਿਆ ਹੈ।

"ਹੈਡਿੰਗ ਗੁਰਦੁਆਰੇ ਦੇ ਅੰਕ (ਡ) ਵਿਚ ਅਖੀਰੀ ਲਾਈਨ ਵਿਚ ਲਫ਼ਜ਼ 'ਭਾਲਾ ਜਾਂ' ਵਧਾ ਦਿੱਤੇ ਜਾਣ।"

ਵਿਆਖਿਆ

ਝੂਲਤੇ ਨਿਸ਼ਾਨ, ਧੌਂਸੇ, ਨਗਾਰੇ ਆਦਿ ਖਾਲਸੇ ਦੀ ਖ਼ੁਦਮੁਖਤਿਆਰੀ ਦੇ ਚਿੰਨ੍ਹ ਹਨ। ਖਾਲਸਾ ਧਰਮ ਸ਼ਾਸਤ੍ਰ ਵਿਚ ਨਿਸ਼ਾਨ ਸਾਹਿਬ ਦੀ ਉਸਤਤਿ ਨੂੰ ਇਸ ਤਰ੍ਹਾਂ ਵਰਣਨ ਕੀਤਾ ਗਿਆ ਹੈ,



ਦੋਹਰਾ - ਸ੍ਰੀ ਅਸਧੁਜ ਗੋਬਿੰਦ ਹਰਿ, ਗੁਰੁ ਕਰੁਣਾ ਕੋ ਖਾਨਿ।
ਜਾਂਕੋ ਯਹਿ ਝੰਡੇ ਅਹੈਂ, ਦੂਸਰ ਨਾਮ ਨਿਸ਼ਾਨ॥
ਕਬਿੱਤ-ਝੂਲਤੇ ਨਿਸ਼ਾਨਨ ਸੋਂ ਜਾਨਯੋ ਜਾਇ ਗੁਰੂ ਹਾਜਰ,
ਝੂਲਤੇ ਨਿਸ਼ਾਨਨ ਸੋਂ ਪੰਥ ਕੀ ਬਡਾਈ ਹੈ।
ਝੂਲਤੇ ਨਿਸ਼ਾਨਨ ਹੀ ਸੋਂ ਖਾਲਸੇ ਕੋ ਬੋਲਬਾਲਾ,
ਝੂਲਤੇ ਨਿਸ਼ਾਨਨ ਸੋਂ ਪੰਥ ਕੀ ਜੀਤਾਈ ਹੈ।
ਝੂਲਤੇ ਨਿਸ਼ਾਨਨ ਸੋਂ ਧੌਂਸੇ ਔ ਨਗਾਰੇ ਸਾਥ,
ਝੂਲਤੇ ਨਿਸ਼ਾਨਨ ਸੋਂ ਸ੍ਰੀ ਸਾਹਿਬ ਜੁ ਸਹਾਈ ਹੈ।
ਝੂਲਤੇ ਨਿਸ਼ਾਨ ਰਹੈਂ ਗੁਰੋਂ ਕੇ ਦੁਵਾਰਨ ਮੈਂ,
ਜੁਗੋ ਜੁਗ ਅਟਲ ਸੋਭਾ ਜਾਹਿ ਜਗ ਛਾਈ ਹੈ॥
(ਖਾਲਸਾ ਧਰਮ ਸ਼ਾਸਤ੍ਰ ੨੨੧)

ਹਰ ਬਾਦਸ਼ਾਹ ਜਾਂ ਦੇਸ਼ ਦੇ ਪ੍ਰਮੁੱਖ ਦੀ ਮੌਜੂਦਗੀ ਉਸਦੇ ਆਪਣੇ ਝੰਡੇ ਨਾਲ ਦਰਸਾਈ ਜਾਂਦੀ ਹੈ। ਇਸ ਤਰ੍ਹਾਂ ਖੰਡੇ ਕਿਰਾਨਾਂ ਨਾਲ ਸਜਿਆ ਇਹ ਨਿਸ਼ਾਨ ਸਾਹਿਬ ਦੂਰੋਂ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਦਾ ਸੁਨੇਹਾ ਦਿੰਦਾ ਹੈ। ਲਫ਼ਜ਼ ਅਸਿ=ਖੜਗ, ਕੇਤੁ=ਧੁ=ਕ੍ਰਿਪਾਨ ਹੈ। ਇਸ ਤਰ੍ਹਾਂ ਅਸਿਧੁਜ ਜਾਂ ਖੜਗ ਕੇਤੂ ਦਾ ਅਰਥ ਹੈ ਨਿਸ਼ਾਨ ਸਾਹਿਬ ਜਾਂ ਉਹ ਝੰਡਾ ਜਿਸ ਵਿਚ ਖੰਡੇ ਕ੍ਰਿਪਾਨਾਂ ਦਾ ਚਿੰਨ੍ਹ ਹੋਵੇ। ਇਹ ਲਫ਼ਜ਼ ਗੁਰੂ ਸਾਹਿਬ ਨੇ ਵਾਹਿਗੁਰੂ ਲਈ ਵਰਤਿਆ ਹੈ ਅਤੇ ਵਾਹਿਗੁਰੂ ਦੇ ਚਿੰਨ੍ਹ ਨਿਸ਼ਾਨ ਸਾਹਿਬ ਲਈ ਵੀ। ਇਸੇ ਲਈ ਗੁਰਸਿੱਖ ਨਿਸ਼ਾਨ ਸਾਹਿਬ ਨੂੰ ਨਮਸਕਾਰ ਕਰਦੇ ਹਨ ਕਿਉਂਕਿ ਗੁਰੂ ਕਲਗੀਧਰ ਪਿਤਾ ਨੇ ਖ਼ੁਦ ਆਪ ਕੀਤਾ ਹੈ ਅਤੇ ਗੁਰਸਿੱਖਾਂ ਨੂੰ ਆਦੇਸ਼ ਵੀ ਦਿੱਤਾ ਹੈ।

ਜੋ ਪੂਜਾ ਅਸਕੇਤ ਕੀ ਨਿਤ ਪ੍ਰਤ ਕਰੇ ਬਨਾਇ॥
ਤਿਨ ਪਰ ਅਪਨੋ ਹਾਥਿ ਦੇਇ ਅਸਧੁਜ ਲੈਤ ਬਚਾਇ॥

(ਜੋ ਅਕਾਲ ਪੁਰਖ ਦੇ ਚਿੰਨ੍ਹ ਅਸਕੇਤ ਜਾਂ ਨਿਸ਼ਾਨ ਸਾਹਿਬ ਨੂੰ ਨਿਤ ਨਮਸਕਾਰ ਕਰਦੇ ਹਨ ਉਨ੍ਹਾਂ ਦੀ ਰੱਖਿਆ ਅਸਧੁਜ ਜਾਂ ਅਕਾਲ ਪੁਰਖ ਖ਼ੁਦ ਕਰਦਾ ਹੈ।)

ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ

ਬਾਕੀ ਦੁਨੀਆਂ ਵਿਚ ਝੰਡੇ, ਝੰਡੀਆਂ ਜਾਂ flag ਆਦਿ ਹਨ ਪਰ ਹਰ ਗੁਰਦੁਆਰਾ ਵਿਚ ਪ੍ਰਮੁੱਖਤਾ ਨਾਲ ਲਹਿਰਾ ਰਿਹਾ ਇਹ ਨਿਸ਼ਾਨ ਸਾਹਿਬ ਹੈ।

ਇਸਦੀ ਆਪਣੀ ਮਰਯਾਦਾ ਵੀ ਹੈ ਅਤੇ ਵਿਲੱਖਣਤਾ ਵੀ।

(ਚਲਦਾ)

'ਮੇਰੀ ਦਸਤਾਰ ਮੇਰੀ ਸ਼ਾਨ' ਸਮਾਗਮ ਦਾ ਉਪਰਾਲਾ ਸ਼ਲਾਘਾਯੋਗ : ਗਿਆਨੀ ਸੁਲਤਾਨ ਸਿੰਘ

ਸ੍ਰੀ ਅਨੰਦਪੁਰ ਸਾਹਿਬ : ਹੋਲੇ-ਮਹੱਲੇ ਨੂੰ ਸਮਰਪਿਤ ਸ਼੍ਰੋਮਣੀ ਅਕਾਲੀ ਦਲ ਦੇ ਹਰਿਆਵਲ ਦਸਤੇ ਯੂਥ ਅਕਾਲੀ ਦਲ ਵਲੋਂ 'ਮੇਰੀ ਦਸਤਾਰ ਮੇਰੀ ਸ਼ਾਨ' ਦੇ ਬੈਨਰ ਹੇਠ ਦਸਤਾਰਾਂ ਦਾ ਲੰਗਰ ਲਗਾਇਆ ਗਿਆ ਹੈ। ਜਿਸ ਵਿਚ ਨੌਜਵਾਨਾਂ ਨੂੰ ਗੁਰੂ ਸਾਹਿਬ ਜੀ ਦੁਆਰਾ ਬਖ਼ਸ਼ੀ ਦਸਤਾਰ ਨਾਲ ਜੋੜਨ ਲਈ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਰਾਹੀਂ ਸੈਂਕੜੇ ਨੌਜਵਾਨ ਹਲਫ ਲੈ ਕੇ ਦਸਤਾਰਾਂ ਸਜਾ ਰਹੇ ਹਨ ਅਤੇ ਕਈ ਪਰਿਵਾਰ ਆਪਣੇ ਬੱਚਿਆਂ ਦੇ ਦਸਤਾਰਾਂ ਸਜਾ ਕੇ ਹਲਫ ਲੈ ਰਹੇ ਹਨ। ਗੁਰੂ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਇਸ ਸਮਾਗਮ ਦੀ ਆਰੰਭਤਾ ਕਰਨ ਲਈ ਵਿਸ਼ੇਸ਼ ਤੌਰ 'ਤੇ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹੋ ਜਿਹੇ ਸਮਾਗਮ ਵੱਧ ਤੋਂ ਵੱਧ ਹੋਣੇ ਚਾਹੀਦੇ ਹਨ ਤਾਂ ਕਿ ਨੌਜਵਾਨਾਂ ਨੂੰ ਆਪਣੇ ਮੂਲ ਨਾਲ ਜੋੜਿਆ ਜਾਵੇ। ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਸੁਖਬੀਰ ਸਿੰਘ

ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਵਿਚ 'ਮੇਰੀ ਦਸਤਾਰ ਮੇਰੀ ਸ਼ਾਨ' ਦੇ ਸਮਾਗਮ ਲੰਮੇ ਸਮੇਂ ਤੋਂ ਚੱਲ ਰਹੇ ਹਨ ਅਤੇ ਇਨ੍ਹਾਂ ਸਮਾਗਮਾਂ ਵਿਚ ਨੌਜਵਾਨ ਆਪਣੇ ਮੂਲ ਨਾਲ ਜੁੜ ਰਹੇ ਹਨ ਜੋ ਕਿ ਇਕ ਚੰਗੇ ਸੰਕੇਤ ਹਨ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਰਜਿੰਦਰ ਸਿੰਘ ਮਹਿਤਾ, ਡਾ. ਦਲਜੀਤ ਸਿੰਘ ਚੀਮਾ, ਪ੍ਰੇਮ ਸਿੰਘ ਚੰਦੂਮਾਜਰਾ, ਅਮਰਜੀਤ ਸਿੰਘ ਚਾਵਲਾ, ਅਜਮੇਰ ਸਿੰਘ ਖੇੜਾ, ਡਾ. ਦਿਲਜੀਤ ਸਿੰਘ ਭਿੰਡਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਪ੍ਰੀਤ ਸਿੰਘ ਰੋਡੇ ਉਕਤ ਸਾਰੇ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਹਰਿਆਵਲ ਦਸਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਜਿੱਥੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰ ਰਹੇ ਹਨ ਉੱਥੇ ਨੌਜਵਾਨਾਂ ਨੂੰ ਆਪਣੇ ਮੂਲ ਨਾਲ ਜੋੜਨ ਲਈ 'ਮੇਰੀ ਦਸਤਾਰ ਮੇਰੀ ਸ਼ਾਨ' ਸਮਾਗਮਾਂ ਰਾਹੀਂ ਨੌਜਵਾਨਾਂ ਨੂੰ ਦਸਤਾਰਾਂ ਸਜਾਉਣ ਲਈ ਬੇਨਤੀ ਕਰ ਰਹੇ ਹਨ, ਜੋ ਕਿ ਇਕ ਚੰਗਾ ਉਪਰਾਲਾ ਹੈ। ਇਸ ਮੌਕੇ ਯੂਥ ਅਕਾਲੀ ਦਲ ਦੇ ਆਗੂ ਸਾਹਿਬਾਨ ਨੰਬਰਦਾਰ ਸੰਦੀਪ ਸਿੰਘ ਕਲੌਤਾ, ਰਵਿੰਦਰ ਸਿੰਘ ਖੇੜਾ, ਸੁਖਬੀਰ ਸਿੰਘ ਕਲਮਾਂ, ਦਵਿੰਦਰ ਸਿੰਘ ਢਿੱਲੋਂ, ਦਵਿੰਦਰ ਸਿੰਘ ਮੰਡ, ਜ਼ਿਲ੍ਹਾ ਪ੍ਰਧਾਨ ਅਕਾਲੀ ਦਲ ਯੂਥ ਵਿੰਗ ਰਾਣਾ ਉਦੇਸ਼ ਅਗੰਮਪੁਰ, ਸਤਬੀਰ ਸਿੰਘ ਸੱਤੀ, ਹਰਜੋਤ ਸਿੰਘ ਮਾਂਗਟ, ਕੁਲਬੀਰ ਸਿੰਘ ਅਸਮਾਨਪੁਰ, ਹਰਜਿੰਦਰ ਸਿੰਘ ਭਾਉਵਾਲ, ਹਰਪ੍ਰੀਤ ਸਿੰਘ ਰਿਚੀ, ਬੀਬੀ ਜਸਵੀਰ ਕੌਰ, ਦੀਦਾਰ ਸਿੰਘ, ਅੰਮਿ ?ਤਪਾਲ ਸਿੰਘ ਗੁਰੋਂ, ਜੋਬਨ ਸਿੰਘ ਗਿੱਲ, ਅਕਾਸ਼ਦੀਪ ਸਿੰਘ ਬੱਠਲ, ਸਾਹਿਬ ਸਿੰਘ ਮੱਕੜ, ਤਰਨਪ੍ਰੀਤ ਸਿੰਘ ਟਿੰਮੀ ਪੂਨੀਆ, ਹਰਸਿਮਰਨ ਸਿੰਘ ਬਾਜਵਾ, ਕੁਲਵੰਤ ਸਿੰਘ ਤ੍ਰਿਪੜੀ ਆਦਿ ਹਾਜ਼ਰ ਸਨ।

BASRA
Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ

Basra Heating & Air Conditioning has trained technicians and the right equipment to solve the problem fast and at a reasonable price.

AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more

From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

ਸ. ਰਜਿੰਦਰ ਸਿੰਘ ਬਸਰਾ (209) 834-6188

Address: 231 Portico Ln, Tracy, CA 95377

ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ

325 ਵਾਂ ਖ਼ਾਲਸਾ ਪੰਥ ਦੇ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ

ਸਿੱਖ ਕੋਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ

ਖ਼ਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਦੇਸ਼-ਵਿਦੇਸ਼ ਵਿਚ ਨੈਸ਼ਨਲ ਸਿੱਖ-ਡੇਅ ਵੱਜੋਂ ਸਥਾਪਤ ਕਰਨ ਲਈ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ

7th ਨੈਸ਼ਨਲ ਸਿਖ ਡੇਅ ਪਰੇਡ (ਯੂ.ਐਸ.ਏ.)

SIKH FREEDOM MARCH

Washington, D.C.

ਜੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥

SCCEC
SIKH COORDINATION COMMITTEE
EAST COAST, USA

1-10 June / 31 October - 5 November

1984/2024
40 YEARS
Commemorating 40 years since the attack on Harmandir Sahib & the Delhi Sikh Genocide

ਦਿਨ ਸ਼ਨੀਵਾਰ 6 ਅਪ੍ਰੈਲ, 2024 ਨੂੰ ਕੈਪੀਟਲ ਹਿੱਲ ਵਾਸ਼ਿੰਗਟਨ ਡੀ. ਸੀ. ਅਮਰੀਕਾ ਵਿਖੇ ਦੁਪਹਿਰ 12 ਵਜੇ ਸਿੱਖ ਡੇਅ ਪਰੇਡ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਆਪ ਜੀ ਨੂੰ ਪਰਿਵਾਰਾਂ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

ਸਹਿਯੋਗੀ ਸੰਸਥਾਵਾਂ ਤੇ ਗੁਰਦੁਆਰਾ ਸਾਹਿਬਾਨ

ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿੱਲ, ਨਿਊਯਾਰਕ
ਗੁਰਦੁਆਰਾ ਸਿੰਘ ਸਭਾ ਫੈਅਰ ਫੈਕਸ ਵਰਜੀਨੀਆ
ਸਿੱਖ ਸੈਂਟਰ ਫਲੱਸ਼ਿੰਗ ਨਿਊਯਾਰਕ
ਸਿੱਖ ਸੈਂਟਰ ਕੁਈਨ ਵਿਲੇਜ਼, ਨਿਊਯਾਰਕ
ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ, ਨਿਊਯਾਰਕ
ਸੰਤ ਸਾਗਰ ਗੁਰਦੁਆਰਾ ਨਿਊਯਾਰਕ
ਗੁਰੂ ਰਾਮਦਾਸ ਫੈਲਫੈਅਰ ਸੁਸਾਇਟੀ ਹਰਿਆਣਾ, ਨਿਊਯਾਰਕ
ਗੁਰਦੁਆਰਾ ਮਿਡ-ਹਡਸਨ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ
ਗਾਰਡਨ ਸਟੇਟ ਸਿੱਖ ਐਸੋਸੀਏਸ਼ਨ ਫ੍ਰਿਜ਼ਵਾਟਰ, ਨਿਊ ਜਰਸੀ
ਗੁਰਦੁਆਰਾ ਨਾਨਕ ਸੋਸਾਇਟੀ ਆਫ਼ ਡੇਲਾਵਿਅਰ ਵੈਲੀ ਨਿਊ ਜਰਸੀ
ਸਿੱਖ ਸੈਂਟਰ ਆਫ਼ ਡਲਵਿਅਰ ਨਿਊ ਜਰਸੀ
ਦਸਮੇਸ਼ ਦਰਬਾਰ ਕਾਟਰੋਟ, ਨਿਊ ਜਰਸੀ
ਗੁਰਦੁਆਰਾ ਸਿੰਘ ਸਭਾ ਕਾਟਰੇਟ ਨਿਊ ਜਰਸੀ
ਗੁਰਦੁਆਰਾ ਸਿੰਘ ਸਭਾ ਗਲੇਨਰਾਕ ਨਿਊ ਜਰਸੀ
ਗੁਰਦੁਆਰਾ ਮਾਲਸਾ ਦਰਬਾਰ ਆਫ਼ ਨਿਊ ਜਰਸੀ
ਖਿਲਡਾਲਫੀਆ ਸਿੱਖ ਸੁਸਾਇਟੀ ਅਪਰ ਡਾਰਬੀ
ਗੁਰੂ ਨਾਨਕ ਸਿੱਖ ਸੁਸਾਇਟੀ ਅਪਰ ਡਾਰਬੀ
ਗੁਰੂਨਾਨਕ ਸਿੱਖ ਸੋਸਾਇਟੀ ਆਫ਼ ਸੈਂਟਰ ਬਲੀਊ ਮੋਨਟੇਨ
ਗੁਰੂ ਨਾਨਕ ਸਿੱਖ ਫੈਲੀ

ਗੁਰਦੁਆਰਾ ਨਾਨਕ ਦਰਬਾਰ ਸੀ.ਟੀ. ਸਿੱਖ ਐਸੋਸੀਏਸ਼ਨ
ਗੁਰੂ ਤੇਗ਼ ਬਹਾਦਰ ਜੀ ਫਾਊਂਡੇਸ਼ਨ ਸੀ.ਟੀ.
ਸਿੱਖ ਸੈਂਟਰ ਆਫ਼ ਵਰਜੀਨੀਆ
ਸਿੱਖ ਮਿਸ਼ਨ ਆਫ਼ ਵਰਜੀਨੀਆ
ਸਿੱਖ ਗੁਰਦੁਆਰਾ ਆਫ਼ ਗ੍ਰੇਟ ਵਾਸ਼ਿੰਗਟਨ
ਸਿੱਖ ਗੁਰਦੁਆਰਾ ਪਾਇਲ ਹਿਲ ਨਿਊ ਜਰਸੀ
ਸਿੱਖ ਸਾਗਰ ਆਫ਼ ਰੋਚੈਸਟਰ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਬਾਬਾ ਬੰਦ ਸਿੰਘ ਬਹਾਦਰ ਸਿੱਖ ਸੁਸਾਇਟੀ
ਸਿੱਖ ਯੂਥ ਆਫ਼ ਅਮਰੀਕਾ
ਪੰਥਕ ਸਿੱਖ ਸੁਸਾਇਟੀ
ਭਾਈ ਲਾਲੋ ਸੁਸਾਇਟੀ
ਦੁਆਬਾ ਸਿੱਖ ਐਸੋਸੀਏਸ਼ਨ
ਧੰਨ ਧੰਨ ਬਾਬਾ ਬੁੱਢਾ ਜੀ ਸਿੱਖ ਐਸੋਸੀਏਸ਼ਨ
ਰਾਮਗੜ੍ਹੀਆ ਸੁਸਾਇਟੀ
ਹਡਸਨ ਵੈਲੀ ਸਿੱਖ ਸੁਸਾਇਟੀ
ਸਿੱਖ ਐਸੋਸੀਏਸ਼ਨ ਆਫ਼ ਸਟੇਟਨ ਆਈਲੈਂਡ
ਸਿੱਖ ਫਾਰ ਜਸਟਿਸ
ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ

ਗੁਰਦੁਆਰਾ ਨਾਨਕ ਨਾਮ ਜਹਾਜ
ਸਾਊਥ ਜਰਸੀ ਸਿੱਖ ਸੁਸਾਇਟੀ ਵਾਈਨ ਲੈਂਡ
ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ ਕਨੈਕਟੀਕਟ
ਗੁਰਦੁਆਰਾ ਸਚਖੰਡ ਦਰਬਾਰ ਹੋਮਡਨ
ਗੁਰਦੁਆਰਾ ਸ੍ਰੀ ਗੁਰੂ ਰਾਮ ਦਾਸ ਦਰਬਾਰ ਵਿੰਡਸਰ
ਗੁਰਦੁਆਰਾ ਨਾਨਕ ਦਰਬਾਰ ਸਾਊਥਿਨ
ਗੁਰਦੁਆਰਾ ਗੁਰੂ ਤੇਗ਼ਾ ਬਹਾਦਰ ਫਾਊਂਡੇਸ਼ਨ ਨੌਰਵਾਕ
ਵਾਸ਼ਿੰਗਟਨ ਸਿੱਖ ਸੈਂਟਰ ਮੈਰੀਲੈਂਡ ਥੀਵਰਸਬਰਗ
ਸ੍ਰੀ ਹਰਿਮੰਦਰ ਸਾਹਿਬ ਅਕੈਡਮੀ ਮੈਰੀਲੈਂਡ
ਗੁਰੂ ਨਾਨਕ ਸਿੱਖ ਸੋਸਾਇਟੀ ਆਫ਼ ਲੀ.ਫੋ. ਨਵੇਰਸ ਪੈਨਸਲਵੀਨੀਆ
ਸਿੱਖ ਸੋਸਾਇਟੀ ਆਫ਼ ਹੈਰੀਸਬਰਗ ਪੈਨਸਲਵੀਨੀਆ
ਗੁਰਦੁਆਰਾ ਸੰਤ ਅੰਮ੍ਰਿਤ ਪ੍ਰਕਾਸ਼ ਸਾਹਿਬ ਮਕੈਂਡਸਵੈੱਲ ਵਿੰਡੀਆਨਾ
ਗੁਰੂ ਨਾਨਕ ਫਾਊਂਡੇਸ਼ਨ (OH)
ਗੁਰੂ ਨਾਨਕ ਸੋਸਾਇਟੀ (OH)
ਸਿੱਖ ਸੋਸਾਇਟੀ ਆਫ਼ ਇੰਡੀਆਨਾ (IN)
ਸਿੱਖ ਸਤਿਸੰਗ ਆਫ਼ ਇੰਡੀਆਨਾਪੋਲਿਸ (IN)
ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (IN)
ਗੁਰਦੁਆਰਾ ਸਿੰਘ ਰਲੀਜੀਅਸ ਸੋਸਾਇਟੀ (IN)
ਗੁਰਦੁਆਰਾ ਗੁਰੂ ਨਾਨਕ ਦਰਬਾਰ (IN)

ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ

ਦਸਮੇਸ਼ ਸਿੱਖ ਗੁਰਦੁਆਰਾ (IN)
ਗੁਰਦੁਆਰਾ ਗੁਰੂ ਨਾਨਕ ਦਰਬਾਰ (IN)
ਗੁਰਦੁਆਰਾ ਗੁਰੂ ਨਾਨਕ ਸਿੱਖ ਸੋਸਾਇਟੀ (IN)
ਗੁਰਦੁਆਰਾ ਗੋਬਿੰਦ ਮਾਰਗ (IN)
ਗੁਰਦੁਆਰਾ ਸੋਭ ਅੰਮ੍ਰਿਤ ਪ੍ਰਕਾਸ਼ (IN)
ਗੁਰਦੁਆਰਾ ਗੁਰੂ ਨਾਨਕ ਦਰਬਾਰ ਸਾਹਿਬ (IN)
ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ (IN)
ਸਿੱਖ ਰਲੀਜੀਅਸ ਸੈਂਟਰ ਆਫ਼ ਡੈਫਟਨ (OH)
ਸਿੱਖ ਸੋਸਾਇਟੀ ਆਫ਼ ਡੈਫਟਨ (OH)
ਗੁਰੂ ਨਾਨਕ ਰਲੀਜੀਅਸ ਸੋਸਾਇਟੀ (OH)
ਗੁਰਦੁਆਰਾ ਗੁਰੂ ਗੋਬਿੰਦ ਸਿੰਘ (OH)
ਗੁਰਦੁਆਰਾ ਸਾਹਿਬ ਕੋਲੰਬੀਆ (OH)
ਗੁਰੂ ਰਾਮਦਾਸ ਆਸ਼ਰਮ (OH)
ਗੁਰਦੁਆਰਾ ਸਾਹਿਬ ਆਫ਼ ਸ਼ਿਕਾਗੋ (IL)
ਵਾਈਟਨ ਗੁਰਦੁਆਰਾ (IL)
ਸਿੱਖ ਰਿਲੀਜੀਅਸ ਸੋਸਾਇਟੀ ਆਫ਼ ਸ਼ਿਕਾਗੋ (IL)
ਸਿੱਖ ਸੋਸਾਇਟੀ ਆਫ਼ ਕਨਟੂਕੀ (KY)
ਗੁਰਦੁਆਰਾ ਆਫ਼ ਲੈਕਸੀਗਟਨ (KY)
ਗੁਰਦੁਆਰਾ ਦੀ ਸਿੱਖ ਸੋਸਾਇਟੀ ਆਫ਼ ਮਿਸ਼ੀਗਨ (MI)

ਸਿੱਖ ਸਭਾ ਆਫ਼ ਮਿਸ਼ੀਗਨ (MI)
ਸਿੱਖ ਟੈਂਪਲ ਡਾਊਨ ਗੀਵਰ (MI)
ਗੁਰੂ ਨਾਨਕ ਸਿੱਖ ਸੈਂਟਰ (MI)
ਗੁਰਦੁਆਰਾ ਸਿੰਘ ਸਭਾ ਆਫ਼ ਕਲਾਮਾਜ਼ੂ (MI)
ਸਿੱਖ ਗੁਰਦੁਆਰਾ ਆਫ਼ ਮਿਸ਼ੀਗਨ (MI)
ਗੁਰੂ ਨਾਨਕ ਸਿੱਖ ਟੈਂਪਲ (MI)
ਬਾਲਟੀਮੋਰ ਸਿੱਖ ਸੋਸਾਇਟੀਡਨਡਾਕ, ਮੈਰੀਲੈਂਡ
ਸਿੰਘ ਸਭਾ ਗੁਰਦੁਆਰਾਡਨਡਾਕ, ਮੈਰੀਲੈਂਡ
ਗੁਰਦੁਆਰਾ ਗੁਰ ਗਿਆਨ ਸਾਗਰ ਥਰਟਨਸਬਿਲ, ਮੈਰੀਲੈਂਡ
ਗੁਰੂ ਨਾਨਕ ਫਾਊਂਡੇਸ਼ਨ ਆਫ਼ ਅਮੇਰਿਕਾ ਸਿਲਵਰ ਸਪ੍ਰਿੰਗ, ਮੈਰੀਲੈਂਡ
ਸਿੱਖ ਐਸੋਸੀਏਸ਼ਨ ਆਫ਼ ਬਾਲਟੀਮੋਰ ਰੈਂਡਲਜਟਾਊਨ, ਮੈਰੀਲੈਂਡ
ਸਿੱਖ ਫਾਊਂਡੇਸ਼ਨ ਆਫ਼ ਵਰਜੀਨੀਆਂ ਫੈਅਰਫੈਕਸ ਸਟੇਸ਼ਨ, ਵਰਜੀਨੀਆਂ
ਸਿੱਖ ਗੁਰਦੁਆਰਾ ਡੀ. ਸੀ.ਵਾਸ਼ਿੰਗਟਨ ਡੀ. ਸੀ.
ਖਾਲਿਸਤਾਨ ਅਫੇਅਰਜ਼ ਸੈਂਟਰਵਾਸ਼ਿੰਗਟਨ ਡੀ. ਸੀ.
ਟੀ ਵੀ 84ਨਿਊਯਾਰਕ
ਗੁਰਦੁਆਰਾ ਸ਼ਹੀਦਾਂ ਹਿਕਸਵਿਲ, ਨਿਊਯਾਰਕ
ਗੁਰਦੁਆਰਾ ਗੁਰੂ ਤੇਗ਼ ਬਹਾਦਰ ਜੀ, ਨਿਊਯਾਰਕ
ਗੁਰਦੁਆਰਾ ਬਾਬਾ ਮਾਝਾ ਸਿੰਘ ਕਰਮਜੀਤ ਸਿੰਘ ਸੈਂਟਰ, ਨਿਊਯਾਰਕ

LOCATIONS FOR SIKH COORDINATION COMMITTEE EAST COAST MARCH AND RALLY, SAT., APRIL 6, 2024

#1 – Portajohns (between 9 and 11 am) and Vehicle Parking – **At Area 5.** Portajohns (between 9 am and 2 pm) and Equipment drop at **Constitution Avenue and First Street N.W.**

#2 - Bus drop point – **In West Potomac Park at Ohio Drive. Participants walk across mall to Area 5, Constitution Ave. NW, between 22nd & 23rd Street.**

#3 – Busses Park on Ohio Drive **near entrance to West Potomac Park**

#4 – First Amendment march starts at Area 5, **Walk goes down Constitution Avenue NW across 3rd Street onto the National Mall.**

#5 – Rally to take place on the **National Mall between 3rd and 4th Streets NW.**

#6 – Bus pick up location (after the Rally) - **99 Third Street NW, Washington, D.C.**



ਪਰੇਡ ਵਿੱਚ ਕਿਸੇ ਵੀ ਤਰਾਂ ਦੀ ਲੰਗਰ ਆਦਿਕ ਜਾਂ ਹੋਰ ਸੇਵਾਵਾਂ ਲਈ ਅਤੇ ਵਲੰਟੀਅਰ ਸੇਵਾ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋਃ

Himmat Singh (NY)	Kewal Singh Sidhu (PA)	Harjinder Singh (NJ)	Veer Singh Mangat (CT)	Devinder Singh Deo (VA)
Coordinator	Treasurer	Media Spokesman	Member	Member
646-358-7745	215-264-5037	609-374-7249	203-919-3988	703-626-2561

Massachusetts	Gurinder Singh Dhaliwal, Karma Singh	Virginia	Balwinder Singh Chatha, Mehtab S Kahlon	New Jersey	Barjinder Singh Brar, Gurdawar Singh, Kewal Singh, Joga Singh
Connecticut	Swaranjit Singh Khalsa, Kuljeet Singh		Udham Singh, Narinder Singh	Pennsylvania	Harcharan Singh, Jasbir Singh
New York	Bhupinder Singh Boparai, Davinder Singh Boparai, Baljinder Singh Rajinder Singh, Makhan Singh	Maryland	Bakhshish Singh, Shivder Singh	Indiana	Jagdish Singh, Subash Singh, Santokh Singh

ਜ਼ਹਿਰੀਲੀ ਸ਼ਰਾਬ ਮਾਮਲੇ ਦੀ ਨਿਆਂਇਕ ਜਾਂਚ ਹੋਵੇ: ਖਹਿਰਾ

ਮੁੱਖ ਮੰਤਰੀ ਨੂੰ ਲੋਕ ਸਭਾ ਚੋਣ ਲੜਨ ਦੀ ਚੁਣੌਤੀ

ਸੰਗਰੂਰ : ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਲਈ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਇਸ ਮਾਮਲੇ ਦੀ ਨਿਆਂਇਕ ਜਾਂਚ ਕਰਾਉਣ ਅਤੇ ਪੀੜਤ ਪਰਿਵਾਰਾਂ ਨੂੰ 25-25 ਲੱਖ ਰੁਪਏ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਖਹਿਰਾ ਟਿੱਬੀ ਰਵਿਦਾਸਪੁਰਾ ਸੁਨਾਮ ਵਿੱਚ ਪੀੜਤ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਨ ਤੋਂ ਬਾਅਦ ਇੱਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਜ਼ਹਿਰੀਲੀ ਸ਼ਰਾਬ ਵੱਡਾ ਘੁਟਾਲਾ ਹੈ। ਇਸ ਪਿੱਛੇ ਵੱਡੇ ਗਰੋਹ ਦਾ ਹੱਥ ਹੋ ਸਕਦਾ ਹੈ ਜਿਸ ਦੀ ਨਿਆਂਇਕ ਜਾਂਚ ਹੋਣੀ ਚਾਹੀਦੀ ਹੈ। ਖਹਿਰਾ ਨੇ ਕਿਹਾ ਕਿ ਕੈਬਨਿਟ ਮੰਤਰੀ ਅਮਨ ਅਰੋੜਾ ਆਖ ਰਹੇ ਹਨ ਕਿ ਲੋਕਾਂ ਨੇ ਸ਼ਰਾਬ ਸਰਕਾਰੀ ਮਨਜ਼ੂਰਸ਼ੁਦਾ ਠੇਕਿਆਂ ਤੋਂ ਨਹੀਂ ਖਰੀਦੀ ਇਸ ਲਈ ਸਰਕਾਰ ਜ਼ਿੰਮੇਵਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਅਰੋੜਾ ਦੇ ਬਿਆਨ ਤੋਂ ਸਪੱਸ਼ਟ ਹੈ ਕਿ ਸਰਕਾਰ ਇਸ ਮਾਮਲੇ ਤੋਂ ਆਪਣਾ ਪੱਲਾ ਝਾੜ ਰਹੀ ਹੈ। ਸਰਕਾਰ ਨੇ ਆਪਣੇ ਹੱਥ ਖੜ੍ਹੇ ਕਰ ਦਿੱਤੇ ਹਨ। ਉਸ ਨਸ਼ਾ ਮਾਫੀਆ ਨਾਲ ਨਜਿੱਠ ਨਹੀਂ ਸਕਦੀ। ਖਹਿਰਾ ਨੇ ਕਿਹਾ ਕਿ ਅਰੋੜਾ ਨੂੰ ਆਪਣੇ ਬਿਆਨ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬਦਲਾਅ ਦਾ ਨਾਅਰਾ ਦੇ ਕੇ ਸੱਤਾ ਵਿਚ ਆਈ ਪਾਰਟੀ ਨੇ ਅਜਿਹੇ ਬਦਲਾਅ ਲਿਆ ਕੇ ਪਿਛਲੀਆਂ ਸਰਕਾਰਾਂ ਦੇ ਰਿਕਾਰਡ ਵੀ ਤੋੜ ਦਿੱਤੇ ਹਨ। ਪੀੜਤ ਪਰਿਵਾਰਾਂ ਨੂੰ 25-25 ਲੱਖ ਰੁਪਏ ਮੁਆਵਜ਼ਾ ਮਿਲਣਾ ਚਾਹੀਦਾ ਹੈ। ਇਸ ਮੌਕੇ ਪਾਰਟੀ ਆਗੂ ਸੁਰਿੰਦਰਪਾਲ ਸਿੰਘ ਸਿਬੀਆ, ਜਸਵਿੰਦਰ ਸਿੰਘ ਧੀਮਾਨ, ਐਡਵੋਕੇਟ ਸਤੀਸ਼ ਕਾਂਸਲ, ਅਨਿਲ ਘੀਚਾ ਆਦਿ ਮੌਜੂਦ ਸਨ। ਇਸੇ ਦੌਰਾਨ ਸੰਗਰੂਰ ਲੋਕ ਸਭਾ ਹਲਕੇ ਤੋਂ ਚੋਣ ਲੜਨ ਬਾਰੇ ਸੁਖਪਾਲ ਖਹਿਰਾ ਨੇ ਕਿਹਾ ਕਿ ਇਹ ਫੈਸਲਾ ਪਾਰਟੀ ਵੱਲੋਂ ਲਿਆ ਜਾਣਾ ਹੈ। ਜੇ ਪਾਰਟੀ ਮੁਨਾਸਿਬ ਸਮਝੇਗੀ ਤਾਂ ਉਹ ਪਿੱਛੇ ਨਹੀਂ ਹਟਣਗੇ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਵੱਲੋਂ ਉਨ੍ਹਾਂ ਖ਼ਿਲਾਫ਼ ਝੂਠੇ ਕੇਸ ਦਰਜ ਕਰਵਾਏ ਗਏ ਹਨ ਅਤੇ ਉਨ੍ਹਾਂ ਨਾਲ ਨਫ਼ਰਤ ਦੀ ਭਾਵਨਾ ਰੱਖਦੇ ਹਨ। ਉਨ੍ਹਾਂ ਮੁੱਖ ਮੰਤਰੀ ਪੰਜਾਬ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਜੇ ਲੜਨਾ ਹੀ ਹੈ ਤਾਂ ਉਹ ਆਪਣੀ ਪਾਰਟੀ ਦੇ ਉਮੀਦਵਾਰ ਮੀਤ ਹੇਅਰ ਨੂੰ ਪਿੱਛੇ ਕਰ ਕੇ ਖੁਦ ਚੋਣ ਲੜਨ। ਅਸਲੀ ਲੜਾਈ ਫ਼ਿਰ ਹੋਵੇਗੀ।

ਮੁੱਖ ਮੰਤਰੀ ਨੂੰ ਕੇਵਲ ਆਪਣੇ ਆਕਾ ਕੇਜਰੀਵਾਲ ਦਾ ਵਧੇਰੇ ਫ਼ਿਕਰ : ਜਾਖੜ

ਸੰਗਰੂਰ : ਮੁੱਖ ਮੰਤਰੀ ਵਲੋਂ ਆਪਣੇ ਦਿੱਲੀ ਵਾਲੇ ਆਕਾਵਾਂ ਲਈ ਪੰਜਾਬ ਅਤੇ ਪੰਜਾਬੀਆਂ ਨੂੰ ਸ਼ਰਮਨਾਕ ਢੰਗ ਨਾਲ ਤਿਆਗਣ ਲਈ ਨਿਸ਼ਾਨਾ ਸਾਧਦੇ ਹੋਏ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਭਗਵੰਤ ਮਾਨ ਆਖ਼ਰਕਾਰ ਸ਼ਰਾਬ ਕਾਂਡ ਤੋਂ ਪ੍ਰਭਾਵਿਤ ਪਰਿਵਾਰਾਂ ਨੂੰ ਮਿਲਣ ਲਈ ਮਜਬੂਰ ਹੋਏ ਜਦ ਉਨ੍ਹਾਂ ਨੂੰ ਮੇਰੇ ਇਥੇ ਆਉਣ ਦੀ ਭਿਣਕ ਪਈ। ਜਾਖੜ ਨੇ ਕਿਹਾ ਕਿ ਭਗਵੰਤ ਮਾਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਬੇਕਸੂਰ ਨਾਗਰਿਕਾਂ ਦੀਆਂ ਮੌਤਾਂ ਲਈ ਜ਼ਿੰਮੇਵਾਰ ਹਨ ਅਤੇ ਆਪਣੇ ਅਹੁਦੇ ’ਤੇ ਬਣੇ ਰਹਿਣ ਦੇ ਸਾਰੇ ਨੈਤਿਕ ਅਧਿਕਾਰ ਗੁਆ ਚੁੱਕੇ ਹਨ। ਜਾਖੜ ਨੇ ਇਥੇ ਪਿੰਡ ਗੁੱਜਰਾ ਵਿਚ ਪ੍ਰਭਾਵਿਤ ਪਰਿਵਾਰਾਂ ਨਾਲ ਮੁਲਾਕਾਤ ਕਰਦਿਆਂ ਕਿਹਾ ਕਿ ਸੂਬੇ ਵਿਚ ਸ਼ਰਾਬ ਮਾਫ਼ੀਆ ਨੂੰ ‘ਆਪ’ ਦੀ ਗੈਰ-ਕਾਨੂੰਨੀ ਅਤੇ ਬਿਨਾਂ ਸ਼ਰਤ ਸਰਪ੍ਰਸਤੀ ਕਾਰਨ ਅੱਜ ਆਪਣੇ ਪਿਆਰੇ ਗੁਆ ਚੁੱਕੇ ਗ਼ਰੀਬ ਪਰਿਵਾਰਾਂ ਲਈ ਮੁੱਖ ਮੰਤਰੀ ਕੋਲ ਸਮਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਜੇਲ੍ਹ ਗਏ ਅਰਵਿੰਦ ਕੇਜਰੀਵਾਲ ਦੀ ਵਧੇਰੇ ਚਿੰਤਾ ਹੈ, ਜੋ ਪਹਿਲਾਂ ਹੀ ਦਿੱਲੀ ਆਬਕਾਰੀ ਘੁਟਾਲੇ ’ਚ ਆਪਣੀ ਭੂਮਿਕਾ ਲਈ ਕਟਹਿਰੇ ’ਚ ਹਨ। ਜਾਖੜ ਨੇ ਕਿਹਾ ਕਿ ਇਸ ਨਿਰਾਸ਼ਾ ਅਤੇ ਦੁਖਾਂਤ ਦੇ ਸਮੇਂ ’ਚ ਮੁੱਖ ਮੰਤਰੀ ਨੂੰ ਆਪਣੇ ਹਲਕੇ ਦੇ ਲੋਕਾਂ ਤੱਕ ਪਹੁੰਚਣ ’ਚ 100 ਘੰਟਿਆਂ ਤੋਂ ਵੱਧ ਦਾ ਸਮਾਂ ਲੱਗ ਗਿਆ। ਪਰਿਵਾਰਾਂ ਨੂੰ ਭਰੋਸਾ ਦਿਵਾਉਂਦੇ ਹੋਏ ਜਾਖੜ ਨੇ ਕਿਹਾ ਕਿ ਉਹ ਚੋਣ ਕਮਿਸ਼ਨ ਨੂੰ ਅਪੀਲ ਕਰਨਗੇ ਕਿ ਉਹ ਸੂਬਾ ਸਰਕਾਰ ਨੂੰ ਇਸ ਦੁਖਾਂਤ ਦੇ ਪੀੜਤਾਂ ਨੂੰ ਤੁਰੰਤ ਵੱਧ ਤੋਂ ਵੱਧ ਮੁਆਵਜ਼ਾ ਦੇਣ ਲਈ ਵਿਸ਼ੇਸ਼ ਇਜਾਜ਼ਤ ਦੇਣ।

ਸ਼ਰਾਬ ਕਾਂਡ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਵਾਂਗੇ: ਭਗਵੰਤ ਮਾਨ

ਮੁੱਖ ਮੰਤਰੀ ਨੇ ਪਿੰਡ ਗੁੱਜਰਾਂ ਤੇ ਢੰਡੋਲੀ ਖੁਰਦ ਦੇ ਪੀੜਤ ਪਰਿਵਾਰਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ

ਦਿੜ੍ਹਬਾ ਮੰਡੀ : ਪਿੰਡ ਗੁੱਜਰਾਂ ਤੇ ਢੰਡੋਲੀ ਖੁਰਦ ਵਿੱਚ ਪਿਛਲੇ ਦਿਨੀਂ ਜ਼ਹਿਰੀਲੀ ਸ਼ਰਾਬ ਕਾਰਨ ਹੋਈਆਂ ਮੌਤਾਂ ਦੇ ਕਹਿਰ ਤੋਂ ਬਾਅਦ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੀੜਤ ਪਰਿਵਾਰਾਂ ਦੀ ਸਾਰ ਲੈਣ ਲਈ ਪਿੰਡ ਗੁੱਜਰਾਂ ਪੁੱਜੇ। ਉਨ੍ਹਾਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਭਰੋਸਾ ਦਿਵਾਇਆ ਕਿ ਸਰਕਾਰ ਵੱਲੋਂ ਉਨ੍ਹਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ ਅਤੇ ਜਿਨ੍ਹਾਂ ਲੋਕਾਂ ਕਾਰਨ ਇਹ ਮੌਤਾਂ ਹੋਈਆਂ ਹਨ ਉਨ੍ਹਾਂ ਨੂੰ ਸਖ਼ਤ ਸਜ਼ਾ ਦਿਵਾਈ ਜਾਵੇਗੀ। ਇਸ ਮੌਕੇ ਪਿੰਡ ਢੰਡੋਲੀ ਖੁਰਦ ਦੇ ਪੀੜਤ ਪਰਿਵਾਰ ਵੀ ਪਿੰਡ ਗੁੱਜਰਾਂ ਵਿੱਚ ਹੀ ਪਹੁੰਚ ਕੇ ਮੁੱਖ ਮੰਤਰੀ ਨੂੰ ਮਿਲੇ। ਇਸ ਮੌਕੇ ਉਨ੍ਹਾਂ ਦੇ ਨਾਲ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਦੇ ਓਐੱਸਡੀ ਤਪਿੰਦਰ ਸਿੰਘ ਸੋਹੀ ਤੋਂ ਇਲਾਵਾ ਪਿੰਡ ਦੇ ਸਾਬਕਾ ਸਰਪੰਚ ਸੁਖਦੇਵ ਸਿੰਘ, ਰਾਜਿੰਦਰ ਸਿੰਘ, ਮਜ਼ਦੂਰ ਆਗੂ ਬੂਟਾ ਸਿੰਘ ਆਦਿ ਹਾਜ਼ਰ ਸਨ। ਉਪਰੰਤ ਮੁੱਖ ਮੰਤਰੀ ਨੇ ਪਿੰਡ ਦੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਘਟਨਾ ਹੈ ਜਿਸ ਦਾ ਉਨ੍ਹਾਂ ਨੂੰ ਬੇਹੱਦ ਅਫ਼ਸੋਸ ਹੈ ਪਰ ਉਹ ਪੰਜਾਬ ਦੇ ਮੁੱਖ ਮੰਤਰੀ ਹੋਣ ਦੇ ਨਾਤੇ ਇਨ੍ਹਾਂ ਪੀੜਤ ਪਰਿਵਾਰਾਂ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ, “ਮੇਰਾ ਫ਼ਰਜ਼ ਬਣਦਾ ਹੈ ਕਿ ਇਨ੍ਹਾਂ ਪਰਿਵਾਰਾਂ ਦੀ ਹਰ ਸੰਭਵ ਮਦਦ ਕਰਾਂ ਅਤੇ ਮੈਂ ਪੀੜਤ ਪਰਿਵਾਰਾਂ ਨੂੰ ਸੰਭਾਲਣ ਤੋਂ ਇਲਾਵਾ ਇਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਪੂਰੀ ਕਰਵਾਂਗਾ ਅਤੇ ਉਨ੍ਹਾਂ ਨੂੰ ਨੌਕਰੀਆਂ ਵੀ ਦੇਵਾਂਗਾ।” ਮੁੱਖ ਮੰਤਰੀ ਨੇ ਕਿਹਾ ਕਿ ਇਸ ਘਟਨਾ ਸਬੰਧੀ ਡੀਜੀਪੀ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਜਿਹੜੇ ਵਿਅਕਤੀਆਂ ਨੇ ਇਹ ਕੰਮ ਕੀਤਾ ਹੈ ਉਨ੍ਹਾਂ ਵਿੱਚੋਂ ਦਸ ਵਿਅਕਤੀ ਫੜ ਲਏ ਗਏ ਹਨ ਜਿਨ੍ਹਾਂ ’ਤੇ ਧਾਰਾ 302 ਤਹਿਤ ਕੇਸ ਦਰਜ ਹੋ ਚੁੱਕਾ ਹੈ। ਉਨ੍ਹਾਂ ਕਿਹਾ, “ਕਿਸੇ ਨੂੰ ਜ਼ਹਿਰ ਦੇ ਕੇ ਮਾਰਨਾ ਹੱਤਿਆ ਹੁੰਦੀ ਹੈ ਇਸ ਕਰ ਕੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਵੀ ਹੋ ਸਕਦੀ ਹੈ ਅਤੇ ਅਸੀਂ ਮੌਤ ਦੀ ਸਜ਼ਾ ਦਿਵਾਉਣ ਤੱਕ ਜਾਵਾਂਗੇ ਕਿਉਂਕਿ ਨਸ਼ਾਂ ਲੋਕਾਂ ਦੇ ਘਰ ਬਰਬਾਦ ਕਰਦਾ ਹੈ।” ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਜਿੰਨਾ ਚਿਰ ਉਹ ਮੁੱਖ ਮੰਤਰੀ ਹਨ ਓਨਾ ਚਿਰ ਕਿਸੇ ਘਰ ਦਾ ਚੁੱਲ੍ਹਾ ਬੁਝਣ ਨਹੀਂ ਦੇਣਗੇ। ਸ੍ਰੀ ਮਾਨ ਨੇ ਕਿਹਾ ਕਿ ਪਿੰਡ ਨੂੰ ਪਤਾ ਹੁੰਦਾ ਹੈ ਕਿ ਮਾੜਾ ਨਸ਼ਾ ਜਿਵੇਂ ਚਿੱਟਾ ਵਗੈਰ੍ਹਾ ਕਿੱਥੋਂ ਆਉਂਦਾ ਅਤੇ ਕਿੱਥੇ ਵਿਕਦਾ ਹੈ, ਇਸ ਵਾਸਤੇ ਇਹ ਪਿੰਡ ਵਾਸੀਆਂ ਦਾ ਫ਼ਰਜ਼ ਬਣਦਾ ਹੈ ਕਿ ਜਿੱਥੇ ਕਿਤੇ ਵੀ ਨਸ਼ਾ ਵਿਕਦਾ ਹੈ, ਉਸ ਬਾਰੇ ਸਰਕਾਰ ਅਤੇ ਪੁਲੀਸ ਦੇ ਧਿਆਨ ਵਿੱਚ ਲਿਆਂਦਾ ਜਾਵੇ। ਅਜਿਹੇ ਵਿਅਕਤੀਆਂ ਨੂੰ ਫੜ ਕੇ ਅੰਦਰ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਹੀ ਉਨ੍ਹਾਂ ਨੂੰ ਇਸ ਪਿੰਡ ਦੇ ਇੱਕ ਮੁੰਡੇ ਨੇ ਦੱਸਿਆ ਹੈ ਕਿ ਇੱਥੇ ਮਾੜੀ ਸ਼ਰਾਬ ਅਤੇ ਚਿੱਟਾ ਬਹੁਤ ਵਿਕਦਾ ਹੈ ਜਿਸ ਨੂੰ ਉਨ੍ਹਾਂ ਨੇ ਲਿਖ ਕੇ ਦੇਣ ਲਈ ਕਿਹਾ ਹੈ ਅਤੇ ਅਜਿਹੇ ਲੋਕਾਂ ਖ਼ਿਲਾਫ ਸਖ਼ਤ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਇਹ ਪਹਿਲਾਂ ਦੱਸਿਆ ਹੁੰਦਾ ਤਾਂ ਇਹ ਘਟਨਾ ਨਾ ਵਾਪਰਦੀ। ਉਨ੍ਹਾਂ ਨਾਲ ਹੀ ਕਿਹਾ ਕਿ ਅਜਿਹੇ ਗਰੋਹ ਹੋਰ ਜ਼ਿਲ੍ਹਿਆਂ ਵਿੱਚ ਵੀ ਨਸ਼ਾ ਵੇਚਣ ਦਾ ਕੰਮ ਕਰਦੇ ਹੋਣਗੇ ਜਿਨ੍ਹਾਂ ਖ਼ਿਲਾਫ ਸਖ਼ਤ ਕਾਰਵਾਈ ਕਰਨ ਲਈ ਪੰਜਾਬ ਦੇ ਡੀਜੀਪੀ ਨੂੰ ਸਖ਼ਤ ਹਦਾਇਤਾਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਅਜਿਹੀ ਘਟਨਾ ਗੁਰਦਾਸਪੁਰ ਜ਼ਿਲ੍ਹੇ ਵਿੱਚ ਵਾਪਰੀ ਸੀ, ਜਿੱਥੇ 150 ਬੰਦੇ ਮਰ ਗਏ ਸਨ। ਉਨ੍ਹਾਂ ਸਿਆਸੀ ਵਿਰੋਧੀਆਂ ਨੂੰ ਲੰਬੇ ਹੱਥੀਂ ਲੈਂਦਿਆਂ ਕਿਹਾ, “ਜਿਸ ਤਰ੍ਹਾਂ ਤੁਹਾਡੇ ਪਿੰਡ ਦਾ ਇਹ ਬੋਹੜ ਜੜ੍ਹਾਂ ਨਾਲ ਜੁੜਿਆ ਹੋਇਆ ਹੈ, ਉਸੇ ਤਰ੍ਹਾਂ ਮੈਂ ਵੀ ਜੜ੍ਹਾਂ ਨਾਲ ਜੁੜਿਆ ਹੋਇਆ ਹਾਂ। ਪਹਿਲਾਂ ਕਦੇ ਕੋਈ ਮੁੱਖ ਮੰਤਰੀ ਜਨਤਕ ਤੌਰ ’ਤੇ ਲੋਕਾਂ ਕੋਲ ਨਹੀਂ ਆਉਂਦਾ ਸੀ।

ਬੇਹੱਦ ਦੁਖਦਾਈ ਵਰਤਾਰਾ

ਪਿਛਲੇ ਦਿਨੀਂ ਜ਼ਿਲ੍ਹਾ ਸੰਗਰੂਰ ਦੇ ਹਲਕਾ ਦਿੜ੍ਹਬਾ ਦੇ ਇਕ ਪਿੰਡ ਗੁੱਜਰਾਂ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਵਾਪਰਿਆ ਵੱਡਾ ਦੁਖਾਂਤ ਜਿਸ ਵਿਚ 5 ਵਿਅਕਤੀਆਂ ਦੀ ਮੌਤ ਹੋ ਗਈ ਸੀ, ਨਾਲ ਇਲਾਕੇ ਵਿਚ ਸਹਿਮ ਪੈਦਾ ਹੋ ਗਿਆ ਸੀ। ਲੋਕ ਚੌਕਸ ਵੀ ਹੋ ਗਏ ਸਨ ਅਤੇ ਇਹ ਪ੍ਰਭਾਵ ਵੀ ਮਿਲਿਆ ਸੀ ਕਿ ਸ਼ਾਇਦ ਵਾਪਰਿਆ ਇਹ ਦੁਖਾਂਤ ਇਕ ਦੋ ਪਿੰਡਾਂ ਤੱਕ ਹੀ ਸੀਮਤ ਹੋਵੇਗਾ, ਪਰ ਹੌਲੀ-ਹੌਲੀ ਸੰਗਰੂਰ ਜ਼ਿਲ੍ਹੇ ਦੇ ਕਈ ਹੋਰ ਪਿੰਡਾਂ ਵਿਚ ਅਜਿਹੀ ਸ਼ਰਾਬ ਪੀਣ ਨਾਲ ਹੋ ਰਹੀਆਂ ਮੌਤਾਂ ਦੀਆਂ ਅਤੇ ਵੱਡੀ ਗਿਣਤੀ ਵਿਚ ਹਸਪਤਾਲਾਂ ਵਿਚ ਭਰਤੀ ਹੋਣ ਦੀਆਂ ਖ਼ਬਰਾਂ ਸਾਹਮਣੇ ਆਉਣ ਨਾਲ ਇਹ ਮਸਲਾ ਹੋਰ ਵੀ ਬੇਹੱਦ ਗੰਭੀਰ ਹੋ ਗਿਆ ਹੈ। ਹੁਣ ਤਕ ਦੀ ਜਾਣਕਾਰੀ ਅਨੁਸਾਰ ਗੁੱਜਰਾਂ ਪਿੰਡ ਤੋਂ ਇਲਾਵਾ ਢੰਡੋਲੀ, ਰਵਿਦਾਸਪੁਰਾ ਟਿੱਬੀ ਆਦਿ ਪਿੰਡਾਂ ਵਿਚ ਵੀ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਤੇ ਕੁੱਲ 21 ਲੋਕਾਂ ਦੀ ਮੌਤ ਹੋ ਗਈ ਹੈ। 20 ਤੋਂ ਵੱਧ ਲੋਕ ਹਸਪਤਾਲ ਵਿਚ ਦਾਖਲ ਹਨ। ਇਸ ਨੇ ਨਾਜਾਇਜ਼ ਸ਼ਰਾਬ ਅਤੇ ਹੋਰ ਨਸ਼ਿਆਂ ’ਤੇ ਕਾਬੂ ਪਾਉਣ ਦੇ ਸਰਕਾਰੀ ਦਾਅਵਿਆਂ ਦਾ ਪਾਜ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਹੈ।

ਕਰੀਬ 2 ਸਾਲ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਅਤੇ ਪਿੱਛੋਂ ਵੀ ਮੁੱਖ ਮੰਤਰੀ ਭਗਵੰਤ ਮਾਨ ਲਗਾਤਾਰ ਉੱਚੀ ਸੁਰ ਵਿਚ ਇਹ ਬਿਆਨ ਦਿੰਦੇ ਰਹੇ ਸਨ ਕਿ ਉਨ੍ਹਾਂ ਦੀ ਸਰਕਾਰ ਵਲੋਂ ਸੂਬੇ ਵਿਚ ਫੈਲੇ ਨਸ਼ਿਆਂ ਨੂੰ ਪੂਰੀ ਤਰ੍ਹਾਂ ਨਾਲ ਖ਼ਤਮ ਕਰ ਦਿੱਤਾ ਜਾਏਗਾ, ਪਰ 2 ਸਾਲ ਪਹਿਲਾਂ ਕੀਤੇ ਇਨ੍ਹਾਂ ਵਾਅਦਿਆਂ ਅਤੇ ਦਾਅਵਿਆਂ ਦੇ ਢੋਲ ਦਾ ਪੋਲ ਉਸ ਸਮੇਂ ਖੁੱਲ੍ਹ ਗਿਆ, ਜਦੋਂ ਮੁੱਖ ਮੰਤਰੀ ਦੇ ਆਪਣੇ ਹੀ ਜ਼ਿਲ੍ਹੇ ਵਿਚ ਅਜਿਹਾ ਕਹਿਰ ਫੈਲਣ ਦੇ ਵੇਰਵੇ ਸਾਹਮਣੇ ਆਏ। ਨਿੱਤ ਦਿਨ ਇਹ ਦੁਖਾਂਤ ਹੋਰ ਵੀ ਵੱਡਾ ਹੋ ਰਿਹਾ ਹੈ। ਮਰਨ ਵਾਲਿਆਂ ਦੀ ਅਤੇ ਗੰਭੀਰ ਬਿਮਾਰਾਂ ਦੀ ਗਿਣਤੀ ਵਧਦੀ ਜਾ ਰਹੀ ਹੈ, ਪਰ ਮੁੱਖ ਮੰਤਰੀ ਸਾਹਿਬ ਨੂੰ ਨਾ ਤਾਂ ਸੋਗਮਈ ਪਰਿਵਾਰਾਂ ਦੇ ਘਰਾਂ ਵਿਚ ਜਾ ਕੇ ਹਮਦਰਦੀ ਪ੍ਰਗਟ ਕਰਨ ਦਾ ਸਮਾਂ ਮਿਲਿਆ ਅਤੇ ਨਾ ਹੀ ਉਨ੍ਹਾਂ ਨੂੰ ਜ਼ਿਲ੍ਹੇ ਦੇ ਵੱਖ-ਵੱਖ ਹਸਪਤਾਲਾਂ ਵਿਚ ਜਾ ਕੇ ਗੰਭੀਰ ਹਾਲਤ ਵਿਚ ਪਏ ਬਿਮਾਰਾਂ ਦੀ ਸਾਰ ਲੈਣ ਦਾ ਵਕਤ ਮਿਲਿਆ, ਪਰ ਇਸੇ ਸਮੇਂ ਦੌਰਾਨ ਨਾ ਸਿਰਫ ਉਨ੍ਹਾਂ ਵਲੋਂ ਗਾਏ ਜਾ ਰਹੇ ਗਾਣਿਆਂ ਦੇ ਵੀਡੀਓ ਹੀ ਸੋਸ਼ਲ ਮੀਡੀਆ ’ਤੇ ਨਸ਼ਰ ਹੋਏ, ਸਗੋਂ ਉਨ੍ਹਾਂ ਦੇ ਅਨੇਕਾਂ ਤਰ੍ਹਾਂ ਦੀਆਂ ਫੜ੍ਹਾਂ ਮਾਰਨ ਵਾਲੇ ਬਿਆਨਾਂ ਦਾ ਸਿਲਸਿਲਾ ਵੀ ਤੇਜ਼ ਹੋ ਗਿਆ। ਇਥੇ ਇਹ ਵੀ ਵਰਨਣਯੋਗ ਹੈ ਕਿ ਪਿਛਲੀਆਂ ਸਰਕਾਰਾਂ ਦੇ ਸਮਿਆਂ ਦੌਰਾਨ ਜੇ ਕਿਤੇ ਅਜਿਹੇ ਗ਼ਮਗੀਨ ਹਾਦਸੇ ਵਾਪਰਦੇ ਸਨ ਤਾਂ ਮੌਜੂਦਾ ਮੁੱਖ ਮੰਤਰੀ ਉਸ ਸਮੇਂ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਥਾਂ-ਥਾਂ ਧਰਨੇ ਮਾਰਦੇ ਫਿਰਦੇ ਸਨ ਅਤੇ ਲਗਾਤਾਰ ਇਹ ਬਿਆਨ ਦਿੰਦੇ ਰਹਿੰਦੇ ਸਨ ਕਿ ਉਨ੍ਹਾਂ ਦੀ ਸਰਕਾਰ ਬਣਨ ’ਤੇ ਉਹ ਹਰ ਹੀਲੇ ਵਾਪਰੇ ਅਜਿਹੇ ਕਾਂਡਾਂ ਦੀ ਜਾਂਚ ਕਰਵਾਉਣਗੇ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੇ ਭਾਗੀ ਬਣਾਉਣਗੇ।

ਪਿਛਲੀ ਸਰਕਾਰ ਸਮੇਂ ਰਾਜਪੁਰੇ ਦੇ ਨਜ਼ਦੀਕ ਇਕ ਨਾਜਾਇਜ਼ ਸ਼ਰਾਬ ਬਣਾਉਣ ਵਾਲਾ ਕਾਰਖਾਨਾ ਫੜਿਆ ਗਿਆ ਸੀ, ਜਿਸ ਵਿਚ ਵੱਡੀ ਮਾਤਰਾ ਵਿਚ ਨਾਜਾਇਜ਼ ਸ਼ਰਾਬ ਤਿਆਰ ਕੀਤੀ ਜਾਂਦੀ ਸੀ, ਉਸ ਸਮੇਂ ਵੀ ‘ਆਪ’ ਦੇ ਜਰਨੈਲਾਂ ਨੇ ਵਧ-ਚੜ੍ਹ ਕੇ ਬਿਆਨ ਦਿੰਦੇ ਹੋਏ ਇਸ ਮਾਮਲੇ ਦੀ ਪੂਰੀ ਤਫਤੀਸ਼ ਕਰਵਾਉਣ ਦੀਆਂ ਟਾਹਰਾਂ ਮਾਰੀਆਂ ਸਨ, ਪਰ 2 ਸਾਲਾਂ ਦੇ ਅਰਸੇ ਵਿਚ, ਵਾਪਰੇ ਪਿਛਲੇ ਅਜਿਹੇ ਕਾਂਡਾਂ ਨੂੰ ਤਾਂ ਜਿਵੇਂ ਮੌਜੂਦਾ ਸਰਕਾਰ ਨੇ ਭੁਲਾ ਹੀ ਦਿੱਤਾ ਹੋਵੇ, ਪਰ ਉਸ ਦੇ ਆਪਣੇ ਕਾਰਜਕਾਲ ਵਿਚ ਹੀ ਜਿਸ ਤਰ੍ਹਾਂ ਅਜਿਹੇ ਦੁਖਦਾਈ ਵਰਤਾਰਿਆਂ ਦਾ ਰੁਝਾਨ ਵਧਿਆ ਹੈ, ਉਹ ਬੇਹੱਦ ਚਿੰਤਾਜਨਕ ਹੈ। ਮਿਲ ਰਹੀਆਂ ਸੂਚਨਾਵਾਂ ਅਨੁਸਾਰ ਨਾਜਾਇਜ਼ ਸ਼ਰਾਬ ਅਤੇ ਹੋਰ ਨਸ਼ਿਆਂ ਦਾ ਰੁਝਾਨ ਪਹਿਲਾਂ ਨਾਲੋਂ ਵੀ ਵਧ ਗਿਆ ਹੈ ਅਤੇ ਹਰ ਥਾਂ ’ਤੇ ਅਜਿਹੇ ਨਸ਼ੇ ਸ਼ਰੇਆਮ ਵਿਕਦੇ ਦਿਖਾਈ ਦੇ ਰਹੇ ਹਨ, ਜਿਸ ਤੋਂ ਇਸ ਸਰਕਾਰ ਦੀ ਜ਼ਮੀਨੀ ਪੱਧਰ ’ਤੇ ਸਰਗਰਮੀ ਦੀ ਨਿਰਾਰਥਕਤਾ ਸਾਹਮਣੇ ਆਉਂਦੀ ਹੈ। ਅਜਿਹੀ ਸਥਿਤੀ ਵਿਚ ਅੱਜ ਹਰ ਪਾਸੇ ਨਿਰਾਸ਼ਤਾ ਦਾ ਆਲਮ ਪਸਰਿਆ ਦਿਖਾਈ ਦਿੰਦਾ ਹੈ।

ਬਾਈਡੇਨ ਅਤੇ ਟਰੰਪ ਨੇ ਜਿੱਤੀਆਂ ਲੁਈਸਿਆਨਾ ਦੀਆਂ ਪ੍ਰਾਇਮਰੀ ਚੋਣਾਂ





ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਦੀਆਂ ਰਾਸ਼ਟਰਪਤੀ ਚੋਣਾਂ ਲਈ ਕ੍ਰਮਵਾਰ ਡੈਮੋਕ੍ਰੇਟਿਕ ਅਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰਾਂ ਦੀ ਚੋਣ ਕਰਨ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਸ਼ਨੀਵਾਰ ਨੂੰ ਲੁਈਸਿਆਨਾ ਵਿੱਚ ਪ੍ਰਾਇਮਰੀ ਚੋਣਾਂ ਵਿੱਚ ਜਿੱਤ ਹਾਸਲ ਕੀਤੀ। ਹਾਲਾਂਕਿ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਟਰੰਪ ਅਤੇ ਬਾਈਡੇਨ ਦੋਵੇਂ ਰਾਸ਼ਟਰਪਤੀ ਚੋਣਾਂ ਲਈ ਆਪਣੀ-ਆਪਣੀ ਪਾਰਟੀ ਦੇ ਉਮੀਦਵਾਰ ਬਣਨਗੇ।

ਬਾਈਡੇਨ ਨੇ ਮਿਸੂਰੀ ਦੇ ਡੈਮੋਕਰੇਟਿਕ ਪ੍ਰਾਇਮਰੀ ਵਿੱਚ ਵੀ ਚੋਣ ਲੜੀ, ਜਿਸ ਦੇ ਨਤੀਜੇ ਅਗਲੇ ਹਫ਼ਤੇ ਆਉਣ ਦੀ ਉਮੀਦ ਹੈ। ਬਾਈਡੇਨ ਅਤੇ ਟਰੰਪ ਦੋਵਾਂ ਨੇ ਆਪਣੀ-ਆਪਣੀ ਪਾਰਟੀ ਦੀ ਨਾਮਜ਼ਦਗੀ ਦੀ ਦੌੜ ਵਿਚ ਆਪਣੇ ਪ੍ਰਮੁੱਖ ਵਿਰੋਧੀਆਂ ਨੂੰ ਹਰਾਇਆ ਹੈ। ਇਸ ਸਾਲ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਬਾਈਡੇਨ ਅਤੇ ਟਰੰਪ ਇਕ ਵਾਰ ਫਿਰ ਤੋਂ ਆਹਮੋ-ਸਾਹਮਣੇ ਹੋਣਗੇ। ਬਾਈਡੇਨ ਨੇ ਨਵੰਬਰ 2020 ਵਿੱਚ ਹੋਈਆਂ ਚੋਣਾਂ ਵਿੱਚ ਟਰੰਪ ਨੂੰ ਹਰਾਇਆ ਸੀ।

ਰਾਸ਼ਟਰਪਤੀ ਬਾਈਡੇਨ ਨੇ ਸਰਕਾਰੀ ਫੰਡਿੰਗ ਬਿੱਲ ਤੇ ਕੀਤੇ ਦਸਤਖ਼ਤ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ 1.2 ਟ੍ਰਿਲੀਅਨ ਡਾਲਰ ਦੇ ਫੰਡਿੰਗ ਪੈਕੇਜ ਕਾਨੂੰਨ 'ਤੇ ਦਸਤਖ਼ਤ ਕੀਤੇ। ਇਹ ਦਸਤਖ਼ਤ ਸੰਘੀ ਸਰਕਾਰ ਦੇ ਅੰਸ਼ਕ ਬੰਦ ਨੂੰ ਟਾਲਣ ਦੀ ਸਮਾਂ ਸੀਮਾ ਖ਼ਤਮ ਹੋਣ ਤੋਂ ਕੁਝ ਘੰਟਿਆਂ ਬਾਅਦ ਕੀਤੇ ਗਏ। ਅਮਰੀਕੀ ਪ੍ਰਤੀਨਿਧੀ ਸਦਨ ਨੇ ਸ਼ੁੱਕਰਵਾਰ ਨੂੰ ਪੈਕੇਜ ਨੂੰ ਪਾਸ ਕੀਤਾ ਅਤੇ ਸੀਨੇਟ ਨੇ ਸਮਾਂ ਸੀਮਾ ਤੋਂ ਲਗਭਗ ਦੋ ਘੰਟੇ ਬਾਅਦ ਸ਼ਨੀਵਾਰ ਸਵੇਰੇ ਇਸ ਨੂੰ ਮਨਜ਼ੂਰੀ ਦਿੱਤੀ।

ਵ੍ਹਾਈਟ ਹਾਊਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਸੰਘੀ ਫੰਡ ਰੋਜ਼ਾਨਾ ਅਧਾਰ 'ਤੇ ਖਰਚ ਕੀਤੇ ਜਾਂਦੇ ਹਨ ਅਤੇ ਟਰੈਕ ਕੀਤੇ ਜਾਂਦੇ ਹਨ ਇਸ ਲਈ ਏਜੰਸੀਆਂ 'ਬੰਦ ਨਹੀਂ ਹੋਣਗੀਆਂ ਅਤੇ ਆਪਣੇ ਆਮ ਕੰਮਕਾਜ ਜਾਰੀ ਰੱਖਣਗੀਆਂ।' ਨਵੀਨਤਮ ਕਾਨੂੰਨ 30 ਸਤੰਬਰ ਨੂੰ ਖ਼ਤਮ ਹੋਣ

ਵਾਲੇ ਵਿੱਤੀ ਸਾਲ 2024 ਵਿੱਚ ਰੱਖਿਆ, ਹੋਮਲੈਂਡ ਸੁਰੱਖਿਆ, ਲੇਬਰ, ਸਿਹਤ, ਮਨੁੱਖੀ ਸੇਵਾਵਾਂ, ਸਿੱਖਿਆ, ਰਾਜ ਅਤੇ ਵਿਦੇਸ਼ੀ ਸਹਾਇਤਾ ਵਿਭਾਗਾਂ ਲਈ ਫੰਡ ਪ੍ਰਦਾਨ ਕਰੇਗਾ। ਇਹ ਪੈਕੇਜ ਹੋਮਲੈਂਡ ਸਿਕਿਓਰਿਟੀ ਲਈ ਲਗਭਗ 62 ਬਿਲੀਅਨ ਡਾਲਰ ਅਲਾਟ ਕਰੇਗਾ – ਜੋ ਕਿ ਸਰਹੱਦੀ ਸੁਰੱਖਿਆ ਦੀ ਨਿਗਰਾਨੀ ਕਰਦਾ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਮਨਜ਼ੂਰ ਕੀਤੇ 459 ਬਿਲੀਅਨ ਡਾਲਰ ਬਿੱਲ ਤੋਂ ਇਲਾਵਾ, ਨਵਾਂ ਪੈਕੇਜ ਫੈਡਰਲ ਸਰਕਾਰ ਲਈ ਸਤੰਬਰ ਦੇ ਅੰਤ ਤੱਕ ਕੁੱਲ 1.659 ਟ੍ਰਿਲੀਅਨ ਡਾਲਰ ਲਈ ਪੂਰਾ ਫੰਡ ਪ੍ਰਦਾਨ ਕਰੇਗਾ। ਪਿਛਲੇ ਪੈਕੇਜਾਂ ਵਿੱਚ ਯੂ.ਐਸ ਕਾਂਗਰਸ ਨੇ ਖੇਤੀਬਾੜੀ, ਊਰਜਾ, ਵਾਤਾਵਰਣ, ਰਿਹਾਇਸ਼, ਆਵਾਜਾਈ ਅਤੇ ਨਿਆਂ ਵਿਭਾਗ ਸਮੇਤ ਕਈ ਵਿਭਾਗਾਂ ਲਈ ਸਾਲਾਨਾ ਫੰਡਿੰਗ ਨੂੰ ਅਧਿਕਾਰਤ ਕੀਤਾ ਸੀ। ਇੱਕ ਵੰਡੀ ਹੋਈ ਕਾਂਗਰਸ ਨੇ ਇਸ ਸੈਸ਼ਨ ਵਿੱਚ ਅਸਥਾਈ ਬਿੱਲਾਂ ਦੇ ਨਾਲ ਕਈ ਬੰਦਾਂ ਨੂੰ ਟਾਲ ਦਿੱਤਾ ਹੈ ਜੋ ਸਮਾਂ ਸੀਮਾ ਨੂੰ ਅੱਗੇ ਵਧਾਉਂਦੇ ਰਹੇ ਹਨ। 01 ਅਕਤੂਬਰ, 2023 ਨੂੰ ਵਿੱਤੀ ਸਾਲ 2024 ਦੀ ਸ਼ੁਰੂਆਤ ਤੋਂ ਕਾਂਗਰਸ ਨੇ ਪਹਿਲਾਂ ਸਤੰਬਰ 2023 ਵਿੱਚ, ਨਵੰਬਰ 2023 ਵਿੱਚ, ਜਨਵਰੀ 2024 ਵਿੱਚ ਅਤੇ ਫਰਵਰੀ 2024 ਦੇ ਅਖੀਰ ਵਿੱਚ ਸਟਾਪਗੈਪ ਫੰਡਿੰਗ ਉਪਾਵਾਂ ਨੂੰ ਮਨਜ਼ੂਰੀ ਦਿੱਤੀ ਸੀ।

ਅਮਰੀਕਾ, ਬ੍ਰਿਟੇਨ, ਨਿਊਜ਼ੀਲੈਂਡ ਨੇ ਲਗਾਇਆ ਦੋਸ਼, ਹੈਕਰਾਂ ਨੂੰ ਮਿਲ ਰਿਹੈ ਚੀਨੀ ਸਰਕਾਰ ਦਾ ਸਮਰਥਨ

ਵਾਸ਼ਿੰਗਟਨ : ਅਮਰੀਕਾ ਅਤੇ ਬ੍ਰਿਟਿਸ਼ ਅਧਿਕਾਰੀਆਂ ਨੇ ਸੋਮਵਾਰ ਨੂੰ ਚੀਨੀ ਸਰਕਾਰ ਨਾਲ ਜੁੜੇ ਹੈਕਰਾਂ ਖਿਲਾਫ ਅਪਰਾਧਿਕ ਦੋਸ਼ਾਂ ਅਤੇ ਪਾਬੰਦੀਆਂ ਦਾ ਐਲਾਨ ਕਰਦੇ ਹੋਏ ਕਿਹਾ ਕਿ ਸਰਕਾਰ ਦੇ ਸਹਿਯੋਗ ਨਾਲ ਇਨ੍ਹਾਂ ਹੈਕਰਾਂ ਨੇ ਅਮਰੀਕੀ ਅਧਿਕਾਰੀਆਂ, ਪੱਤਰਕਾਰਾਂ, ਕੰਪਨੀਆਂ, ਲੋਕਤੰਤਰ ਸਮਰਥਕ ਕਾਰਕੁਨਾਂ ਅਤੇ ਬਰਤਾਨੀਆ ਚੋਣ ਨਿਗਰਾਨੀ ਸੰਸਥਾ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਅਧਿਕਾਰੀਆਂ ਨੇ ਕਿਹਾ ਕਿ 2010 ਵਿੱਚ ਸ਼ੁਰੂ ਹੋਈ ਇਸ ਮੁਹਿੰਮ ਦਾ ਉਦੇਸ਼ ਚੀਨੀ ਸਰਕਾਰ ਦੇ ਆਲੋਚਕਾਂ ਨੂੰ ਪਰੇਸ਼ਾਨ ਕਰਨਾ, ਅਮਰੀਕੀ ਕੰਪਨੀਆਂ ਦੀ ਵਪਾਰਕ ਖੁਫੀਆ ਜਾਣਕਾਰੀ ਚੋਰੀ ਕਰਨਾ ਅਤੇ ਚੋਟੀ ਦੇ ਨੇਤਾਵਾਂ ਦੀ ਜਾਸੂਸੀ ਕਰਨਾ ਸੀ। ਪੱਛਮੀ ਦੇਸ਼ਾਂ ਦੇ ਅਧਿਕਾਰੀਆਂ ਨੇ 'APT31' ਨਾਂ ਦੇ ਹੈਕਰ ਗਰੁੱਪ ਦੀ ਮੁਹਿੰਮ ਦਾ ਖੁਲਾਸਾ ਕੀਤਾ ਹੈ। ਅਮਰੀਕੀ ਨਿਆਂ ਵਿਭਾਗ ਨੇ ਸੰਭਾਵਤ ਤੌਰ 'ਤੇ ਚੀਨ 'ਚ ਰਹਿਣ ਵਾਲੇ ਸੱਤ ਹੈਕਰਾਂ 'ਤੇ ਦੋਸ਼ ਤੈਅ ਕੀਤੇ ਹਨ। ਇਸ ਦੇ ਨਾਲ ਹੀ, ਬ੍ਰਿਟਿਸ਼ ਸਰਕਾਰ ਨੇ ਆਪਣੇ ਲੱਖਾਂ ਵੋਟਰਾਂ ਬਾਰੇ ਚੋਣ ਕਮਿਸ਼ਨ ਨੂੰ ਉਪਲਬਧ ਜਾਣਕਾਰੀ ਤੱਕ ਚੀਨ ਦੀ ਪਹੁੰਚ ਨਾਲ ਸਬੰਧਤ ਉਲੰਘਣਾ ਦੇ ਸਬੰਧ ਵਿੱਚ ਦੋ ਵਿਅਕਤੀਆਂ 'ਤੇ ਪਾਬੰਦੀਆਂ ਲਗਾਈਆਂ ਹਨ।

ਅਮਰੀਕੀ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇੱਕ ਬਿਆਨ ਵਿੱਚ ਕਿਹਾ, 'ਨਿਆਂ ਵਿਭਾਗ ਅਮਰੀਕੀਆਂ ਨੂੰ ਡਰਾਉਣ, ਅਮਰੀਕੀ ਕਾਨੂੰਨ ਦੁਆਰਾ ਸੁਰੱਖਿਅਤ ਅਸੰਤੁਸ਼ਟਾਂ ਨੂੰ ਚੁੱਪ ਕਰਾਉਣ ਜਾਂ ਅਮਰੀਕੀ ਕਾਰੋਬਾਰਾਂ ਤੋਂ ਜਾਣਕਾਰੀ ਚੋਰੀ ਕਰਨ ਦੇ ਚੀਨੀ ਸਰਕਾਰ ਦੇ

ਯਤਨਾਂ ਨੂੰ ਬਰਦਾਸ਼ਤ ਨਹੀਂ ਕਰੇਗਾ।'

ਵਕੀਲਾਂ ਨੇ ਕਿਹਾ ਕਿ ਇੱਕ ਸਾਈਬਰ ਘੁਸਪੈਠ ਮੁਹਿੰਮ ਦੇ ਹਿੱਸੇ ਵਜੋਂ ਹੈਕਰਾਂ ਨੇ ਦੁਨੀਆ ਭਰ ਦੇ ਲੋਕਾਂ ਨੂੰ 10,000 ਤੋਂ ਵੱਧ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਈਮੇਲਾਂ ਭੇਜੀਆਂ ਜੋ ਕਿ ਪ੍ਰਮੁੱਖ ਪੱਤਰਕਾਰਾਂ ਵੱਲੋਂ ਭੇਜੀਆ ਦਿਖਾਈ ਦਿੰਦੀਆਂ ਸਨ ਪਰ ਅਸਲ ਵਿੱਚ ਹੈਕਿੰਗ ਕੋਡ ਹੁੰਦੇ ਸਨ। ਬ੍ਰਿਟੇਨ ਨੇ ਇਹ ਪਾਬੰਦੀਆਂ ਪਿਛਲੇ ਸਾਲ ਅਗਸਤ ਵਿੱਚ ਐਲਾਨ ਕਰਨ ਤੋਂ ਬਾਅਦ ਲਗਾਈਆਂ ਸਨ ਕਿ 'ਦੁਸ਼ਮਣ ਤਾਕਤਾਂ' ਨੇ 2021 ਅਤੇ 2022 ਦੇ ਵਿਚਕਾਰ ਇਸਦੇ ਸਰਵਰਾਂ ਤੱਕ ਪਹੁੰਚ ਪ੍ਰਾਪਤ ਕੀਤੀ ਸੀ। ਉਸ ਸਮੇਂ ਚੋਣ ਕਮਿਸ਼ਨ ਨੇ ਕਿਹਾ ਸੀ ਕਿ ਇਨ੍ਹਾਂ ਅੰਕੜਿਆਂ ਵਿੱਚ ਉਸ ਦੇ ਰਜਿਸਟਰਡ ਵੋਟਰਾਂ ਦੇ ਨਾਮ ਅਤੇ ਪਤੇ ਸ਼ਾਮਲ ਹਨ। ਬ੍ਰਿਟੇਨ ਦੇ ਉਪ ਪ੍ਰਧਾਨ ਮੰਤਰੀ ਓਲੀਵਰ ਡਾਊਡੇਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਨ੍ਹਾਂ ਕਾਰਵਾਈਆਂ 'ਤੇ ਚੀਨ ਦੇ ਰਾਜਦੂਤ ਨੂੰ ਤਲਬ ਕਰੇਗੀ। ਚੀਨ ਦੇ ਵਿਦੇਸ਼ ਮੰਤਰਾਲੇ ਨੇ ਐਲਾਨ ਤੋਂ ਪਹਿਲਾਂ ਕਿਹਾ ਸੀ ਕਿ ਦੇਸ਼ਾਂ ਨੂੰ ਸਬੂਤਾਂ ਦੇ ਆਧਾਰ 'ਤੇ ਆਪਣੇ ਦਾਅਵੇ ਕਰਨੇ ਚਾਹੀਦੇ ਹਨ ਨਾ ਕਿ ਤੱਥਾਂ ਦੇ ਆਧਾਰ 'ਤੇ ਦੂਜਿਆਂ ਨੂੰ 'ਬਦਨਾਮ' ਕਰਨਾ ਚਾਹੀਦਾ ਹੈ।

ਇਸ ਦੌਰਾਨ, ਨਿਊਜ਼ੀਲੈਂਡ ਦੇ ਸੁਰੱਖਿਆ ਮੰਤਰੀ ਨੇ ਮੰਗਲਵਾਰ ਨੂੰ ਕਿਹਾ ਕਿ ਚੀਨੀ ਸਰਕਾਰ ਨਾਲ ਜੁੜੇ ਹੈਕਰਾਂ ਨੇ 2021 ਵਿੱਚ ਉਸਦੇ ਦੇਸ਼ ਦੀ ਸੰਸਦ ਨੂੰ ਨਿਸ਼ਾਨਾ ਬਣਾਉਣ ਲਈ ਇੱਕ ਸਰਕਾਰੀ ਸਪਾਂਸਰਡ ਮੁਹਿੰਮ ਸ਼ੁਰੂ ਕੀਤੀ। ਨਿਊਜ਼ੀਲੈਂਡ ਦੇ ਮੰਤਰੀ ਜੂਡਿਥ ਕੋਲਿਨਸ ਨੇ ਮੀਡੀਆ ਨੂੰ ਦਿੱਤੇ ਇੱਕ ਬਿਆਨ ਵਿੱਚ ਕਿਹਾ, 'ਵਿਸ਼ਵ ਵਿੱਚ ਕਿਤੇ ਵੀ ਲੋਕਤੰਤਰਿਕ ਸੰਸਥਾਵਾਂ ਅਤੇ ਪ੍ਰਕਿਰਿਆਵਾਂ ਵਿੱਚ ਸਾਈਬਰ-ਸਮਰਥਿਤ ਜਾਸੂਸੀ ਮੁਹਿੰਮ ਦੁਆਰਾ ਦਖਲ ਅਸਵੀਕਾਰਨਯੋਗ ਹੈ।'

ਅਮਰੀਕੀ ਸੈਨਟ ਨੇ ਸੰਘੀ ਡਿਸਟ੍ਰਿਕਟ ਕੋਰਟ ਜੱਜ ਵਜੋਂ ਭਾਰਤੀ ਅਮਰੀਕੀ ਸੁਨੀਲ ਹਰਜਾਨੀ ਦੇ ਨਾਂ ਉਪਰ ਲਾਈ ਮੋਹਰ

ਸ਼ਿਕਾਗੋ ਦੇ ਉਤਰੀ ਜ਼ਿਲੇ ਇਲੀਨੋਇਸ ਵਿਚ ਨਿਭਾਉਣਗੇ ਸੇਵਾਵਾਂ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕੀ ਸੈਨਟ ਨੇ 53-46 ਵੋਟਾਂ ਦੇ ਅੰਤਰ ਨਾਲ ਸੰਘੀ ਡਿਸਟ੍ਰਿਕਟ ਕੋਰਟ ਜੱਜ ਵਜੋਂ ਭਾਰਤੀ ਅਮਰੀਕੀ ਸੁਨੀਲ ਹਰਜਾਨੀ ਦੇ ਨਾਂ ਉਪਰ ਮੋਹਰ ਲਾ ਦਿੱਤੀ ਹੈ। ਉਹ ਸ਼ਿਕਾਗੋ ਦੇ ਉੱਤਰੀ ਜਿਲੇ ਇਲੀਨੋਇਸ ਵਿਖੇ ਸੰਘੀ ਜਿਲਾ ਅਦਾਲਤ ਵਿਚ ਜੱਜ ਵਜੋਂ ਸੇਵਾਵਾਂ ਨਿਭਾਉਣਗੇ। ਯੂ ਐਸ ਸੈਨਟ ਬਹੁਗਿਣਤੀ ਵਿੱਪ ਡਿਕ ਡਰਬਿਨ, ਚੇਅਰ ਆਫ ਦਾ ਸੈਨਟ ਜੁਡੀਸ਼ੀਅਰੀ ਕਮੇਟੀ ਤੇ ਸੈਨਟ ਮੈਂਬਰ ਟੈਮੀ ਡੱਕਵਰਥ ਨੇ ਕਿਹਾ ਹੈ ਕਿ ਉਹ ਖੁਸ਼ ਹਨ ਕਿ ਸੈਨਟ ਨੇ ਜੱਜ ਸੁਨੀਲ ਹਰਜਾਨੀ ਦੀ ਇਲੀਨੋਇਸ ਈਸਟਰਨ ਡਵੀਜਨ ਦੇ ਉੱਤਰੀ ਜਿਲੇ ਵਿਚ ਡਿਸਟ੍ਰਿਕਟ ਕੋਰਟ ਜੱਜ ਵਜੋਂ ਨਿਯੁਕਤੀ ਦੀ ਪੁਸ਼ਟੀ ਕਰ ਦਿੱਤੀ ਹੈ। ਉਨਾਂ ਕਿਹਾ ਹੈ ਕਿ ਹਰਜਾਨੀ ਨੂੰ 2019 ਤੋਂ ਇਲੀਨੋਇਸ ਦੇ ਉੱਤਰੀ ਜਿਲੇ ਵਿਚ ਮਜਿਸਟ੍ਰੇਟ ਸੇਵਾਵਾਂ ਨਿਭਾਉਣ ਸਮੇਤ ਅਦਾਲਤੀ ਪ੍ਰਣਾਲੀ ਵਿਚ ਕੰਮ ਕਰਨ ਦਾ ਤਜ਼ਰਬਾ ਹੈ। ਸਾਡੀ ਸਕਰੀਨਿੰਗ ਕਮੇਟੀ ਨੇ ਉਨਾਂ ਦੀ ਯੋਗਤਾ ਨੂੰ ਭਲੀਭਾਂਤ ਪਛਾਣਿਆ ਹੈ। ਨੈਸ਼ਨਲ ਏਸ਼ੀਅਨ ਪੈਸੇਫਿਕ ਅਮੈਰੀਕਨ

ਬਾਰ ਐਸੋਸੀਏਸ਼ਨ ਦੇ ਕਾਰਜਕਾਰੀ ਡਾਇਰੈਕਟਰ ਪ੍ਰੀਯਾ ਪੂਰਨਡੇਰ ਨੇ ਜਾਰੀ ਇਕ ਬਿਆਨ ਵਿਚ ਰਾਸ਼ਟਰਪਤੀ ਜੋ ਬਾਈਡਨ ਦਾ ਹਰਜਾਨੀ ਦੀ ਨਿਯੁਕਤੀ ਲਈ ਧੰਨਵਾਦ ਕੀਤਾ ਹੈ ਤੇ ਹਰਜਾਨੀ ਦੀ ਨਿਯੁਕਤੀ ਲਈ ਸਮਰਥਨ ਕਰਨ ਵਾਸਤੇ ਇਲੀਨੋਇਸ ਦੇ ਸੈਨਟ ਮੈਂਬਰ ਡਰਬਿਨ ਤੇ ਡੱਕਵਰਥ ਅਤੇ ਵਰਜੀਨੀਆ ਦੇ ਸੈਨਟ ਮੈਂਬਰਾਂ ਜੌਹਨ ਵਾਰਨਰ ਤੇ ਟਿਮ ਕੇਨ ਦਾ ਵੀ ਧੰਨਵਾਦ ਕੀਤਾ ਹੈ।

ਅਮਰੀਕਾ ਵਿਚ ਆਪਣੀ ਦੋਸਤ ਕੁੜੀ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ ਲਾਇਆ ਜਾਵੇਗਾ ਫਾਹੇ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇਕ ਅਦਾਲਤ ਵੱਲੋਂ ਆਖਰੀ ਪਲਾਂ ਵਿਚ ਰਹਿਮ ਦੀ ਦਰਖਾਸਤ ਰੱਦ ਕਰ ਦੇਣ ਉਪਰੰਤ ਜਾਰਜੀਆ ਦੇ ਇਕ ਵਿਅਕਤੀ ਨੂੰ ਮੌਤ ਦੀ ਸਜ਼ਾ ਦੇਣ ਲਈ ਤਿਆਰੀ ਕਰ ਲਈ ਗਈ ਹੈ। 59 ਸਾਲਾ ਵਿਲੀ ਜੇਮਜ ਪਾਈ ਨੂੰ 1996 ਦੀਆਂ ਗਰਮੀਆਂ ਦੌਰਾਨ ਆਪਣੀ ਸਾਬਕਾ ਮਿੱਤਰ ਕੁੜੀ ਅਲੀਸੀਆ ਲਿਨ ਯਰਬਰੌਘ ਨੂੰ ਅਗਵਾ ਕਰਨ, ਜਬਰਜਨਾਹ ਕਰਨ ਤੇ ਉਸ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਅਟਾਰਨੀ ਜਨਰਲ ਤੇ ਸਟੇਟ ਦਫਤਰ ਅਨੁਸਾਰ ਉਸ ਨੂੰ ਬਿਨਾਂ ਦਰਦ ਪ੍ਰਣਾਲੀ ਦੀ ਵਰਤੋਂ ਦੁਆਰਾ ਮੌਤ

ਦੀ ਸਜ਼ਾ ਦਿੱਤੀ ਜਾਵੇਗੀ। ਉਸ ਨੂੰ ਕਿਸੇ ਵੀ ਸਮੇਂ ਫਾਹੇ ਲਾਇਆ ਜਾ ਸਕਦਾ ਹੈ।

ਟਰੰਪ ਨੇ ਇਜ਼ਰਾਈਲ ਨੂੰ ਗਾਜ਼ਾ 'ਚ ਜੰਗ ਖ਼ਤਮ ਕਰਨ ਦੀ ਕੀਤੀ ਅਪੀਲ

ਨਿਊਯਾਰਕ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਵੀ ਹਮਾਸ ਵੱਲੋਂ 7 ਅਕਤੂਬਰ ਨੂੰ ਕੀਤੇ ਗਏ ਹਮਲੇ ਤੋਂ ਬਾਅਦ ਇਜ਼ਰਾਈਲ ਵਾਂਗ ਪ੍ਰਤੀਕਿਰਿਆ ਕਰਦੇ, ਪਰ ਉਨ੍ਹਾਂ ਨੇ ਗਾਜ਼ਾ ਵਿੱਚ ਆਪਣੇ ਚੱਲ ਰਹੇ ਹਮਲਿਆਂ ਨੂੰ 'ਖ਼ਤਮ' ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਉਹ (ਇਜ਼ਰਾਈਲ) ਅੰਤਰਰਾਸ਼ਟਰੀ ਸਮਰਥਨ ਗੁਆ ਰਹਾ ਹੈ। ਟਰੰਪ ਨੇ ਇਜ਼ਰਾਇਲੀ ਅਖ਼ਬਾਰ ਇਜ਼ਰਾਈਲ ਹੇਓਮ ਨੂੰ ਦਿੱਤੇ ਇੰਟਰਵਿਊ 'ਚ ਕਿਹਾ ਕਿ ਤੁਹਾਨੂੰ (ਇਜ਼ਰਾਈਲ) ਆਪਣੀ ਜੰਗ ਖ਼ਤਮ ਕਰਨੀ ਪਵੇਗੀ।

ਉਨ੍ਹਾਂ ਕਿਹਾ ਕਿ ਸਾਨੂੰ ਸ਼ਾਂਤੀ ਲਿਆਉਣੀ ਪਵੇਗੀ। ਤੁਸੀਂ ਇਸ ਨੂੰ ਜਾਰੀ ਨਹੀਂ ਰੱਖ ਸਕਦੇ ਅਤੇ ਮੈਂ ਇਜ਼ਰਾਈਲ ਨੂੰ ਬਹੁਤ ਸਾਵਧਾਨ ਰਹਿਣ ਲਈ ਕਹਾਂਗਾ, ਕਿਉਂਕਿ ਤੁਸੀਂ ਦੁਨੀਆ ਦਾ ਸਮਰਥਨ ਗੁਆ ਰਹੇ ਹੋ। ਇਹ ਲਗਭਗ ਤੈਅ ਹੈ ਕਿ ਟਰੰਪ ਇਸ ਮਹੀਨੇ ਦੇ ਸ਼ੁਰੂ ਵਿੱਚ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ

ਦੇ ਉਮੀਦਵਾਰ ਬਣ ਜਾਣਗੇ। ਉਸਨੇ ਇਜ਼ਰਾਈਲ ਦੇ ਹਮਲੇ ਨੂੰ ਲੈ ਕੇ ਵਿਸ਼ਵਵਿਆਪੀ ਆਲੋਚਨਾ 'ਤੇ ਗੱਲ ਕੀਤੀ। ਉਸ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੀ ਵਿਵਾਦ ਨਾਲ ਨਜਿੱਠਣ ਲਈ ਵਰਤੇ ਤਰੀਕੇ ਕਈ ਵਾਰ ਨਿਸ਼ਾਨਾ ਬਣਾਇਆ ਹੈ। ਅਖ਼ਬਾਰ ਦੁਆਰਾ ਪ੍ਰਕਾਸ਼ਿਤ ਇੰਟਰਵਿਊ ਅਨੁਸਾਰ ਟਰੰਪ ਨੇ ਕਿਹਾ ਕਿ ਇਜ਼ਰਾਈਲ ਨੇ ਗਾਜ਼ਾ ਵਿੱਚ ਆਪਣੇ ਹਮਲੇ ਦੀਆਂ ਫੋਟੋਆਂ ਅਤੇ ਵੀਡੀਓਜ਼ ਨੂੰ ਸਾਂਝਾ ਕਰਕੇ ਇੱਕ 'ਵੱਡੀ ਗ਼ਲਤੀ' ਕੀਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਜ਼ਰਾਈਲ ਦੀ ਜਨਤਕ ਅਕਸ ਨੂੰ ਢਾਹ ਲੱਗੀ ਹੈ। ਹਾਲਾਂਕਿ ਇਹ ਟਿੱਪਣੀਆਂ ਇੰਟਰਵਿਊ ਦੇ ਸ਼ੇਅਰ ਕੀਤੇ ਵੀਡੀਓ ਵਿੱਚ ਨਹੀਂ ਹਨ।

ਟਰੰਪ ਨੇ ਕਿਹਾ, "ਇਹ ਭਿਆਨਕ ਤਸਵੀਰਾਂ ਹਨ। ਇਹ ਦੁਨੀਆ ਲਈ ਬਹੁਤ ਬੁਰੀ ਤਸਵੀਰ ਹੈ।" ਇਜ਼ਰਾਈਲ ਹੇਓਮ ਨੂੰ ਵਿਆਪਕ ਤੌਰ 'ਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਮੁਖ ਪੱਤਰ ਮੰਨਿਆ ਜਾਂਦਾ ਹੈ। ਪਿਛਲੇ ਸਾਲ ਅਕਤੂਬਰ ਵਿਚ ਦੱਖਣੀ ਇਜ਼ਰਾਈਲ 'ਤੇ ਹਮਾਸ ਦੇ ਹਮਲੇ ਤੋਂ ਬਾਅਦ ਟਰੰਪ ਨੇ ਨੇਤਨਯਾਹੂ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਉਹ ਗਾਜ਼ਾ ਤੋਂ ਘਾਤਕ ਹਮਲੇ ਲਈ 'ਤਿਆਰ ਨਹੀਂ' ਸੀ। ਹਮਾਸ ਦੇ ਹਮਲੇ ਵਿੱਚ 1,200 ਲੋਕ ਮਾਰੇ ਗਏ ਸਨ ਅਤੇ 250 ਲੋਕਾਂ ਨੂੰ ਬੰਧਕ ਬਣਾ ਲਿਆ ਗਿਆ ਸੀ। ਹਮਾਸ ਸ਼ਾਸਿਤ ਗਾਜ਼ਾ ਦੇ ਸਿਹਤ ਮੰਤਰਾਲੇ ਮੁਤਾਬਕ ਇਜ਼ਰਾਇਲੀ ਹਮਲੇ 'ਚ 30 ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ।

ਅਮਰੀਕਾ ਦੇ ਜ਼ਿਆਦਾਤਰ ਵੋਟਰ ਬਾਈਡੇਨ ਨੂੰ ਮੰਨਦੇ ਹਨ ਕਮਜ਼ੋਰ ਫੌਜੀ ਨੇਤਾ

ਵਾਸ਼ਿੰਗਟਨ : ਅਮਰੀਕਾ ਵਿਚ ਜ਼ਿਆਦਾਤਰ ਸੰਭਾਵੀ ਵੋਟਰ ਰਾਸ਼ਟਰਪਤੀ ਜੋਅ ਬਾਈਡੇਨ ਨੂੰ ਹਾਲੀਆ ਹੋਰ ਰਾਸ਼ਟਰਪਤੀਆਂ ਦੇ ਮੁਕਾਬਲੇ ਅਮਰੀਕੀ ਫੌਜ ਦਾ ਕਮਜ਼ੋਰ ਕਮਾਂਡਰ ਅਤੇ ਮੁਖੀ ਮੰਨਦੇ ਹਨ। ਇਹ ਖੁਲਾਸਾ 18 ਤੋਂ 20 ਮਾਰਚ ਦਰਮਿਆਨ ਹੋਏ ਰਾਸਮੁਸੇਨ ਰਿਪੋਰਟਸ ਪੋਲ ਵਿੱਚ ਹੋਇਆ ਹੈ। ਮੰਗਲਵਾਰ ਨੂੰ ਸਰਵੇਖਣ ਦੀ ਰਿਪੋਰਟ ਵਿੱਚ ਕਿਹਾ ਗਿਆ ਕਿ 53 ਫ਼ੀਸਦੀ ਵੋਟਰਾਂ ਦਾ ਮੰਨਣਾ ਹੈ ਕਿ ਬਾਈਡੇਨ ਹਾਲ ਹੀ ਦੇ ਅਮਰੀਕੀ ਰਾਸ਼ਟਰਪਤੀਆਂ ਦੀ ਤੁਲਨਾ ਵਿਚ ਇੱਕ ਕਮਜ਼ੋਰ ਫੌਜੀ ਕਮਾਂਡਰ ਹਨ। ਸਰਵੇਖਣ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇੱਕ-ਚੌਥਾਈ ਤੋਂ ਘੱਟ ਯਾਨੀ 24 ਫ਼ੀਸਦੀ ਵੋਟਰਾਂ ਦਾ ਮੰਨਣਾ ਹੈ ਕਿ ਬਾਈਡੇਨ ਹੋਰ ਹਾਲੀਆ ਰਾਸ਼ਟਰਪਤੀਆਂ ਦੇ ਮੁਕਾਬਲੇ ਇੱਕ ਮਜ਼ਬੂਤ ਫ਼ੌਜੀ ਨੇਤਾ ਹਨ, ਜਦੋਂ ਕਿ 20 ਫ਼ੀਸਦੀ ਬਾਈਡੇਨ ਨੂੰ ਹੋਰ ਰਾਸ਼ਟਰਪਤੀਆਂ ਵਾਂਗ ਹੀ ਮੰਨਦੇ ਹਨ। ਪੋਲ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਪ੍ਰੈਲ 2022 ਤੋਂ ਬਾਅਦ ਅੰਕੜਿਆਂ ਵਿੱਚ ਮਾਮੂਲੀ ਬਦਲਾਅ ਹੋਇਆ ਹੈ। ਇਹ ਸਰਵੇਖਣ ਯੂਕ੍ਰੇਨ ਅਤੇ ਇਜ਼ਰਾਈਲ ਵਿੱਚ ਸੰਘਰਸ਼ਾਂ ਦੇ ਨਾਲ-ਨਾਲ ਲਾਲ ਸਾਗਰ ਵਿੱਚ ਇੱਕ ਫੌਜੀ ਕਾਰਵਾਈ ਵਿੱਚ ਅਮਰੀਕਾ ਦੀ ਸ਼ਮੂਲੀਅਤ ਦੇ ਵਿਚਕਾਰ ਆਇਆ ਹੈ।

ਵਿਰਾਸਤ-ਏ-ਖਾਲਸਾ ਸੈਲਾਨੀਆਂ ਲਈ ਬਣਿਆ ਖਿੱਚ ਦਾ ਕੇਂਦਰ

ਸ੍ਰੀ ਅਨੰਦਪੁਰ ਸਾਹਿਬ : ਵਿਸ਼ਵ ਪ੍ਰਸਿੱਧ ਵਿਰਾਸਤ-ਏ-ਖਾਲਸਾ ਇਸ ਵਾਰ ਵੀ ਹੋਲਾ-ਮਹੱਲਾ ਮੌਕੇ ਸੈਲਾਨੀਆਂ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ ਰਿਹਾ। ਸੈਰ ਸਪਾਟਾ ਵਿਭਾਗ ਵੱਲੋਂ ਇਸ ਵਾਰ ਐਡਵੈਚਰ ਸਪੋਰਟਸ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ, ਜਿਸ ਵਿੱਚ ਹੋਟ ਏਅਰ ਵੈਲੂਨ ਅਤੇ ਵਾਟਰ ਵੋਟਿੰਗ ਦਾ ਉਚੇਚਾ ਪ੍ਰਬੰਧ ਕੀਤਾ ਹੋਇਆ ਸੀ, ਜਿਸ ਦਾ ਸੈਲਾਨੀਆਂ ਨੇ ਭਰਪੂਰ ਅਨੰਦ ਮਾਣਿਆ।

ਵਿਰਾਸਤ-ਏ-ਖਾਲਸਾ ਨੂੰ ਵੇਖਣ ਲਈ ਇਸ ਵਾਰ ਆਮ ਦਿਨਾ ਤੋਂ ਚਾਰ ਗੁਣਾ ਵਧੇਰੇ ਸੈਲਾਨੀਆਂ ਦੀ ਆਮਦ ਹੋਈ ਹੈ। ਇਸ ਦੇ ਰੱਖ ਰਖਾਓ ਦੀ ਸੈਲਾਨੀਆਂ ਵੱਲੋ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ, ਸੈਲਾਨੀਆਂ ਦੀ ਭਾਰੀ ਆਮਦ ਨੂੰ ਵੇਖਦੇ ਹੋਏ ਪ੍ਰਬੰਧਕਾਂ ਨੇ ਵਿਰਾਸਤ-ਏ-ਖਾਲਸਾ ਦੇ ਖੋਲ੍ਹਣ ਦੇ ਸਮੇਂ ਵਿਚ ਵੀ ਵਾਧਾ ਕੀਤਾ ਹੋਇਆ ਹੈ। ਸੈਲਾਨੀ ਹੋਟ ਏਅਰ ਵੈਲੂਨ ਅਤੇ ਵਾਟਰ ਵੋਟਿੰਗ ਦਾ ਵੀ ਅਨੰਦ ਮਾਣ ਰਹੇ ਹਨ। ਸੁਰੱਖਿਆ ਪ੍ਰਬੰਧਾਂ ਨੂੰ ਵੀ ਪੂਰੀ ਤਰਾਂ ਦਰੁੱਸਤ ਕੀਤਾ ਹੋਇਆ ਹੈ। ਵਿਰਾਸਤ-ਏ-ਖਾਲਸਾ ਵਿੱਚ ਸਵੀਪ ਗਤੀਵਿਧੀਆਂ ਬਾਰੇ

ਜਾਣਕਾਰੀ ਦੇਣ ਲਈ ਵਿਸੇਸ਼ ਕਾਊਟਰ ਸਥਾਪਤ ਕੀਤਾ ਹੋਇਆ ਹੈ, ਜਿੱਥੇ ਸੈਲਾਨੀ ਵੋਟ ਦੇ ਮਹੱਤਵ, ਵੋਟ ਦੇ ਅਧਿਕਾਰੀ ਅਤੇ ਵੋਟ ਦੀ ਲਾਜ਼ਮੀ ਵਰਤੋਂ ਬਾਰੇ ਜਾਣਕਾਰੀ ਪ੍ਰਾਪਤ ਕਰ ਰਹੇ ਹਨ।

ਕੇਜਰੀਵਾਲ ਨੂੰ ਨਿਰਪੱਖ ਤੇ ਪਾਰਦਰਸ਼ੀ ਸੁਣਵਾਈ ਦਾ ਮੌਕਾ ਮਿਲੇ: ਅਮਰੀਕਾ

ਜਰਮਨੀ ਮਗਰੋਂ ਅਮਰੀਕੀ ਵਿਦੇਸ਼ ਵਿਭਾਗ ਨੇ ਵੀ ਕੀਤੀ ਟਿੱਪਣੀ

ਵਾਸ਼ਿੰਗਟਨ : ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਕਿ ਉਹ ਭਾਰਤ ਵਿਚ ਵਿਰੋਧੀ ਧਿਰ ਦੇ ਆਗੂਆਂ ਵਿਚ ਸ਼ੁਮਾਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਈਡੀ ਵੱਲੋਂ ਕੀਤੀ ਗ੍ਰਿਫ਼ਤਾਰੀ ਨੂੰ ਨੇੜਿਓਂ ਵਾਚ ਰਿਹਾ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਕਿਹਾ ਕਿ ਕੇਜਰੀਵਾਲ ਨੂੰ ਨਿਰਪੱਖ ਤੇ ਪਾਰਦਰਸ਼ੀ ਕਾਨੂੰਨ ਪ੍ਰਕਿਰਿਆ ਤੇ ਸੁਣਵਾਈ ਦਾ ਮੌਕਾ ਮਿਲਣਾ ਚਾਹੀਦਾ ਹੈ। ਭਾਰਤ ਦੀ ਸੰਘੀ ਜਾਂਚ ਏਜੰਸੀ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਕੇਜਰੀਵਾਲ ਨੂੰ ਸ਼ਰਾਬ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿਚ ਪਿਛਲੇ ਹਫ਼ਤੇ ਗ੍ਰਿਫ਼ਤਾਰ ਕੀਤਾ ਸੀ। ਇਹ ਗ੍ਰਿਫ਼ਤਾਰੀ ਅਜਿਹੇ ਮੌਕੇ ਹੋਈ ਹੈ ਜਦੋਂ ਦੇਸ਼ ਵਿਚ ਲੋਕ ਸਭਾ ਚੋਣਾਂ ਦਾ ਐਲਾਨ ਹੋ ਚੁੱਕਾ ਹੈ। ਜਰਮਨੀ ਮਗਰੋਂ ਅਮਰੀਕਾ ਅਜਿਹਾ ਦੂਜਾ ਮੁਲਕ ਹੈ ਜਿਸ ਨੇ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ।

ਜਰਮਨ ਸਰਕਾਰ ਦੀਆਂ ਟਿੱਪਣੀਆਂ ਮਗਰੋਂ ਭਾਰਤ ਸਰਕਾਰ ਨੇ ਸ਼ਨਿਚਰਵਾਰ ਨੂੰ ਜਰਮਨ ਸਫ਼ੀਰ ਨੂੰ ਤਲਬ ਕਰਕੇ ਰੋਸ ਜਤਾਇਆ ਸੀ। ਅਮਰੀਕੀ ਤਰਜਮਾਨ ਨੇ ਕਿਹਾ, "ਅਸੀਂ ਮੁੱਖ ਮੰਤਰੀ ਕੇਜਰੀਵਾਲ ਲਈ ਨਿਰਪੱਖ, ਪਾਰਦਰਸ਼ੀ ਅਤੇ ਸਮੇਂ ਸਿਰ ਕਾਨੂੰਨੀ ਪ੍ਰਕਿਰਿਆ ਦੀ ਹਮਾਇਤ ਕਰਦੇ ਹਾਂ।" ਜਰਮਨੀ ਦੇ ਵਿਦੇਸ਼ ਵਿਭਾਗ ਦੇ ਤਰਜਮਾਨ ਸੈਬੇਸਟੀਅਨ ਫਿਸ਼ਰ ਨੇ ਸ਼ੁੱਕਰਵਾਰ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਪੁੱਛੇ ਸਵਾਲ ਦੇ ਜਵਾਬ ਵਿਚ ਕਿਹਾ ਸੀ ਕਿ ਦੋਸ਼ਾਂ ਦਾ ਸਾਹਮਣਾ ਕਰ ਰਹੇ ਕਿਸੇ ਹੋਰ ਵਿਅਕਤੀ ਵਾਂਗ ਕੇਜਰੀਵਾਲ ਨਿਰਪੱਖ ਤੇ ਪਾਰਦਰਸ਼ੀ ਸੁਣਵਾਈ ਦੇ ਹੱਕਦਾਰ ਹਨ। ਫਿਸ਼ਰ ਨੇ ਕਿਹਾ ਸੀ, "ਅਸੀਂ ਇਹ ਮੰਨਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਨਿਆਂਪਾਲਿਕਾ ਦੀ ਆਜ਼ਾਦੀ ਨਾਲ ਸਬੰਧਤ ਮਾਪਦੰਡ ਅਤੇ ਬੁਨਿਆਦੀ ਜਮਹੂਰੀ ਸਿਧਾਂਤਾਂ ਨੂੰ ਵੀ ਇਸ ਮਾਮਲੇ ਵਿੱਚ ਲਾਗੂ ਕੀਤਾ ਜਾਵੇਗਾ।" ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਜਰਮਨ ਅੰਬੈਸੀ ਦੇ ਡਿਪਟੀ ਚੀਫ਼ ਆਫ਼ ਮਿਸ਼ਨ ਜੌਰਜ ਐਂਜ਼ਵੀਲਰ ਨੂੰ ਤਲਬ ਕਰਕੇ ਸਖਤ ਰੋਸ ਜਤਾਇਆ ਸੀ। ਮੰਤਰਾਲੇ ਨੇ ਕਿਹਾ ਸੀ ਕਿ 'ਅਸੀਂ ਅਜਿਹੀਆਂ ਟਿੱਪਣੀਆਂ ਸਾਡੀ ਨਿਆਂਪਾਲਿਕਾ ਦੀ ਆਜ਼ਾਦੀ ਨੂੰ ਕਮਜ਼ੋਰ ਕਰਨ ਵਜੋਂ ਦੇਖਦੇ ਹਾਂ ਤੇ ਇਸ ਮਸਲੇ ਨੂੰ ਲੈ ਕੇ ਬਣਾਈਆਂ ਗਈਆਂ ਧਾਰਨਾਵਾਂ ਗੈਰ-ਵਾਜਬ ਹਨ।"

American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ
ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver
With 2 Year Experience

(209) 405-1544

127 Darcy Parkway,Lathrop,CA 95330

ਮਾਸਕੋ ਅੱਤਵਾਦੀ ਹਮਲੇ 'ਚ ਮਰਨ ਵਾਲਿਆਂ ਦੀ ਗਿਣਤੀ 143 ਹੋਈ

ਮਾਸਕੋ : ਰੂਸ ਦੀ ਰਾਜਧਾਨੀ ਮਾਸਕੋ ਵਿੱਚ ਹਮਲਾਵਰਾਂ ਨੇ ਇੱਕ ਵੱਡੇ ਸਮਾਗਮ ਵਾਲੀ ਥਾਂ ਉੱਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਸ ਵਿੱਚ 3 ਬੱਚਿਆਂ ਸਮੇਤ 143 ਲੋਕਾਂ ਦੀ ਮੌਤ ਹੋ ਤੇ 100 ਤੋਂ ਵਧ ਜ਼ਖ਼ਮੀ ਹੋ ਗਏ। ਹਮਲਾਵਰਾਂ ਨੇ ਗੋਲ਼ੀਬਾਰੀ ਤੋਂ ਬਾਅਦ ਘਟਨਾ ਸਥਾਨ 'ਤੇ ਅੱਗ ਲਗਾ ਦਿੱਤੀ। ਇਸ ਹਮਲੇ ਤੋਂ ਬਾਅਦ 11 ਸ਼ੱਕੀਆਂ ਨੂੰ ਹਿਰਾਸਤ 'ਚ ਲਿਆ ਗਿਆ ਹੈ । ਹਮਲਾਵਰਾਂ ਨੇ ਗੋਲੀਬਾਰੀ ਤੋਂ ਬਾਅਦ ਘਟਨਾ ਵਾਲੀ ਥਾਂ ਨੂੰ ਅੱਗ ਲਗਾ ਦਿੱਤੀ । ਇਸਲਾਮਿਕ ਸਟੇਟ ਅੱਤਵਾਦੀ ਸਮੂਹ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ । ਰੂਸ ਦੀ ਸਰਕਾਰੀ ਸਮਾਚਾਰ ਏਜੰਸੀ ਟਾਸ ਦੇ ਅਨੁਸਾਰ, ਸੰਘੀ ਸੁਰੱਖਿਆ ਸੇਵਾ ਦੇ ਮੁਖੀ ਨੇ ਸ਼ਨੀਵਾਰ ਨੂੰ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਦੱਸਿਆ ਕਿ ਹਿਰਾਸਤ ਵਿੱਚ ਲਏ ਗਏ 11 ਵਿੱਚੋਂ ਚਾਰ ਹਮਲੇ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਸਨ ।

ਕੁਝ ਦਿਨ ਪਹਿਲਾਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਦੇਸ਼ ਵਿਚ ਹੋਈਆਂ ਚੋਣਾਂ ਜਿੱਤ ਕੇ ਸੱਤਾ 'ਤੇ ਆਪਣੀ ਪਕੜ ਹੋਰ ਮਜ਼ਬੂਤ ਕੀਤੀ ਸੀ । ਇਸਲਾਮਿਕ ਸਟੇਟ ਸਮੂਹ ਨੇ ਸੋਸ਼ਲ ਮੀਡੀਆ 'ਤੇ ਸਬੰਧਤ ਚੈਨਲਾਂ 'ਤੇ ਸਾਂਝੇ ਕੀਤੇ ਗਏ ਇਕ ਬਿਆਨ ਵਿਚ ਹਮਲੇ ਦੀ ਜ਼ਿੰਮੇਵਾਰੀ ਲਈ ਹੈ । ਇਸਲਾਮਿਕ ਸਟੇਟ ਸਮੂਹ ਨੇ ਆਪਣੀ ਅਮਾਕ ਨਿਊਜ਼ ਏਜੰਸੀ ਦੁਆਰਾ ਸਾਂਝੇ ਕੀਤੇ ਗਏ ਇੱਕ ਬਿਆਨ ਵਿੱਚ ਕਿਹਾ ਕਿ ਉਸਨੇ ਮਾਸਕੋ ਦੇ ਬਾਹਰਵਾਰ ਕ੍ਰਾਸਨੋਗੋਰਸਕ ਵਿੱਚ 'ਈਸਾਈਆਂ' ਦੇ ਇੱਕ ਵੱਡੇ ਇਕੱਠ 'ਤੇ ਹਮਲਾ ਕੀਤਾ, ਜਿਸ ਵਿਤ ਸੈਂਕੜੇ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਜ਼ਖ਼ਮੀ ਹੋ ਗਏ । ਫਿਲਹਾਲ ਦਾਅਵੇ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਨਹੀਂ ਹੋ ਸਕੀ ਹੈ ਪਰ ਅਮਰੀਕੀ ਖੁਫੀਆ ਏਜੰਸੀ ਦੇ ਇਕ ਅਧਿਕਾਰੀ ਨੇ 'ਦ ਐਸੋਸੀਏਟਡ ਪ੍ਰੈਸ' ਨੂੰ ਦੱਸਿਆ ਕਿ ਅਮਰੀਕੀ ਖੁਫੀਆ ਏਜੰਸੀ ਨੂੰ ਪਤਾ ਲੱਗਾ ਸੀ ਕਿ ਅਫ਼ਗਾਨਿਸਤਾਨ ਵਿਚ ਇਸਲਾਮਿਕ ਸਟੇਟ ਸਮੂਹ ਦੀ ਸ਼ਾਖਾ ਮਾਸਕੋ ਵਿਚ ਹਮਲੇ ਦੀ ਯੋਜਨਾ ਬਣਾ ਰਹੀ ਹੈ ਅਤੇ ਉਸ ਨੇ ਰੂਸੀ ਅਧਿਕਾਰੀਆਂ ਨਾਲ ਜਾਣਕਾਰੀ ਸਾਂਝੀ ਕੀਤੀ ਸੀ । ਪਿਛਲੇ ਦੋਦਹਾਕਿਆਂ 'ਚ ਰੂਸ 'ਚ ਇਹ ਸਭ ਤੋਂ ਭਿਆਨਕ ਅੱਤਵਾਦੀ ਹਮਲਾ ਮੰਨਿਆ ਜਾ ਰਿਹਾ ਹੈ । ਇਹ ਹਮਲਾ ਅਜਿਹੇ ਸਮੇਂ 'ਚ ਹੋਇਆ ਹੈ, ਜਦੋਂ ਦੇਸ਼ ਦੀ ਯੂਕਰੇਨ ਨਾਲ ਜੰਗ ਤੀਜੇ ਸਾਲ ਵੀ ਜਾਰੀ ਹੈ ।

ਮਾਸਕੋ ਦੇ ਮੇਅਰ ਸਰਗੇਈ ਸੋਬਯਾਨਿਨ ਨੇ ਇਸ ਹਮਲੇ ਨੂੰ 'ਵੱਡੀ ਤ੍ਰਾਸਦੀ' ਕਰਾਰ ਦਿੱਤਾ ਹੈ । ਰੂਸੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਕ੍ਰੇਮਲਿਨ ਨੇ ਕਿਹਾ ਕਿ ਪੁਤਿਨ ਨੂੰ ਇਸ ਦੀ ਸੂਚਨਾ ਹਮਲਾਵਰਾਂ ਦੇ 'ਕ੍ਰੋਕਸ ਸਿਟੀ ਹਾਲ' 'ਤੇ ਹਮਲਾ ਕਰਨ ਤੋਂ ਕੁਝ ਮਿੰਟਾਂ ਬਾਅਦ ਦਿੱਤੀ ਗਈ । ਹਾਲ ਮਾਸਕੋ ਦੇ ਪੱਛਮੀ ਕਿਨਾਰੇ ਵਿੱਚ ਸਥਿਤ ਇੱਕ ਵਿਸ਼ਾਲ ਸੰਗੀਤ ਸਥਾਨ ਹੈ, ਜਿਸ ਵਿੱਚ 6,200 ਲੋਕ ਬੈਠ ਸਕਦੇ ਹਨ । ਇਹ ਹਮਲਾ ਉਸ ਸਮੇਂ ਹੋਇਆ ਜਦੋਂ ਮਸ਼ਹੂਰ ਰੂਸੀ ਰਾਕ ਬੈਂਡ 'ਪਿਕਨਿਕ' ਦੇ ਇੱਕ ਸੰਗੀਤ ਸਮਾਰੋਹ ਵਿਚ ਸ਼ਾਮਲ ਹੋਣ ਲਈ ਕ੍ਰੋਕਸ ਸਿਟੀ ਹਾਲ ਵਿਚ ਲੋਕਾਂ ਦੀ ਭੀੜ ਇਕੱਠੀ ਹੋਈ ਸੀ । ਸਰਕਾਰੀ ਵਕੀਲ ਦੇ ਦਫਤਰ ਨੇ ਕਿਹਾ ਕਿ ਲੜਾਕੂ ਪੋਸ਼ਾਕ ਪਹਿਨੇ ਕਈ ਵਿਅਕਤੀ ਸਮਾਰੋਹ ਸਥਾਨ ਵਿੱਚ ਦਾਖਲ ਹੋਏ ਅਤੇ ਉੱਥੇ ਮੌਜੂਦ ਲੋਕਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਰੂਸੀ ਮੀਡੀਆ ਚੈਨਲਾਂ ਦੁਆਰਾ ਪੋਸਟ ਕੀਤੇ ਗਏ ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਹਮਲਾਵਰ ਅਸਾਲਟ ਰਾਈਫਲਾਂ ਨਾਲ ਲੋਕਾਂ ਨੂੰ ਨੇੜਿਓਂ ਗੋਲੀਆਂ ਮਾਰਦੇ ਦਿਖਾਈ ਦਿੱਤੇ ।

ਰੂਸ 'ਤੇ ਅੱਤਵਾਦੀ ਹਮਲੇ ਦੇ ਹੋ ਸਕਦੇ ਹਨ ਭਿਆਨਕ ਨਤੀਜੇ

ਪਿਛਲੇ ਦਿਨੀਂ ਰੂਸ ਦੀ ਰਾਜਧਾਨੀ ਮਾਸਕੋ ਦੇ ਬਾਹਰਵਾਰ ਕ੍ਰੋਕਸ ਸਿਟੀ ਹਾਲ, ਜਿਥੇ ਵੱਡੀ ਗਿਣਤੀ ਵਿਚ ਲੋਕ ਇਕ ਥੀਏਟਰ ਸ਼ੋਅ ਵੇਖ ਰਹੇ ਸਨ, ਵਿਚ ਕੁਝ ਬੰਦੂਕਧਾਰੀਆਂ ਵਲੋਂ ਆਪਣੇ ਸਵੈਚਾਲਿਤ ਹਥਿਆਰਾਂ ਨਾਲ ਹਮਲਾ ਕਰਕੇ 143 ਵਿਅਕਤੀਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਇਸ ਹਮਲੇ ਵਿਚ ਸੈਂਕੜੇ ਹੀ ਹੋਰ ਜ਼ਖ਼ਮੀਆਂ ਵਿਚੋਂ ਵੀ ਬਹੁਤਿਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਰੂਸ ਵਿਚ ਅਜਿਹਾ ਹਮਲਾ ਦੋ ਦਹਾਕਿਆਂ ਤੋਂ ਬਾਅਦ ਹੀ ਹੋਇਆ ਥੀਏਟਰ 'ਤੇ ਕੀਤੇ ਗਏ ਇਸ ਹਮਲੇ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ ਅਤੇ ਇਸ ਵਿਚ ਯੂਕਰੇਨ ਨੇ ਕਿਸੇ ਵੀ ਤਰ੍ਹਾਂ ਦਾ ਉਸ ਦਾ ਕੋਈ ਦਖ਼ਲ ਨਾ ਹੋਣ ਦੀ ਗੱਲ ਕਹੀ ਹੈ।

ਪੁਤਿਨ ਲਈ ਇਹ ਭਿਆਨਕ ਤੇ ਦੁਖਦਾਈ ਘਟਨਾ ਇਸ ਲਈ ਵੀ ਚੁਣੌਤੀਪੂਰਨ ਹੈ ਕਿਉਂਕਿ ਪਿਛਲੇ ਦਿਨੀਂ ਹੀ ਉਸ ਨੇ ਰੂਸ ਵਿਚ ਚੋਣਾਂ ਕਰਵਾ ਕੇ ਪੰਜਵੀਂ ਵਾਰ ਆਪਣੇ ਆਪ ਨੂੰ ਮੁੜ ਰਾਸ਼ਟਰਪਤੀ ਸਥਾਪਿਤ ਕਰ ਲਿਆ ਹੈ। ਪੁਤਿਨ ਨੇ ਲਗਭਗ ਪਿਛਲੇ 24 ਸਾਲ ਤੋਂ ਰੂਸ ਦੇ ਪ੍ਰਸ਼ਾਸਨ 'ਤੇ ਵੀ ਰੂਸ 'ਤੇ ਸਮੇਂ-ਸਮੇਂ ਗੁਰੀਲਾ ਹਮਲੇ ਕਰਦੇ ਰਹੇ ਹਨ। ਸਾਲ 2004 ਵਿਚ ਇਕ ਇਸਲਾਮਿਕ ਜਥੇਬੰਦੀ ਨੇ ਹੀ ਰੂਸ ਦੇ ਦੱਖਣੀ ਭਾਗ ਬੇਸਲਾਨ ਵਿਚ ਇਕ ਸਕੂਲ ਉੱਤੇ ਹਮਲਾ ਕਰਕੇ ਉਥੇ ਵਿਦਿਆਰਥੀਆਂ ਸਮੇਤ ਬਹੁਤ ਸਾਰੇ ਲੋਕਾਂ ਨੂੰ ਬੰਦੀ ਬਣਾ ਲਿਆ ਸੀ। ਇਸ ਘਟਨਾ ਵਿਚ ਹਮਲਾਵਰਾਂ ਸਮੇਤ 380 ਲੋਕ ਮਾਰੇ ਗਏ ਸਨ। ਇਸੇ ਤਰ੍ਹਾਂ ਸਾਲ 2010 ਵਿਚ ਵੀ ਮਾਸਕੋ ਦੇ ਇਕ ਜ਼ਮੀਨਦੋਜ਼ ਰੇਲਵੇ ਸਟੇਸ਼ਨ 'ਤੇ ਕੁਝ ਅੱਤਵਾਦੀਆਂ ਵਲੋਂ ਹਮਲਾ ਕੀਤਾ ਗਿਆ ਸੀ, ਜਿਸ ਵਿਚ 40 ਲੋਕ ਮਾਰੇ ਗਏ ਸਨ। ਇਸੇ ਹੀ ਕੜੀ ਵਿਚ ਸਾਲ 2017 ਵਿਚ ਰੂਸ ਦੇ ਦੂਸਰੇ ਵੱਡੇ ਸ਼ਹਿਰ ਸੇਂਟ ਪੀਟਰਜ਼ਬਰਗ ਵਿਚ ਵੀ ਇਕ ਜ਼ਮੀਨਦੋਜ਼ ਪਲੇਟਫ਼ਾਰਮ 'ਤੇ ਕੀਤੇ ਇਕ ਆਤਮਘਾਤੀ ਹਮਲੇ ਵਿਚ 16 ਲੋਕ ਮਾਰੇ ਗਏ ਸੀ।

ਇਸ ਭਿਆਨਕ ਘਟਨਾ ਦੇ ਵਾਪਰਨ ਤੋਂ ਬਾਅਦ ਪੁਤਿਨ ਵਲੋਂ ਦਿੱਤੀ ਧਮਕੀ ਤੋਂ ਪਿੱਛੋਂ ਘਟਨਾਕ੍ਰਮ ਕੀ ਰੁਖ਼ ਅਖ਼ਤਿਆਰ ਕਰਦਾ ਹੈ, ਇਸ ਦਾ ਅੰਦਾਜ਼ਾ ਲਗਾਇਆ ਜਾਣਾ ਮੁਸ਼ਕਿਲ ਹੈ। ਕਿਉਂਕਿ ਇਸਲਾਮਿਕ ਸਟੇਟ ਜਥੇਬੰਦੀ ਦੇ ਰੂਸ ਪਹਿਲਾਂ ਵੀ ਨਿਸ਼ਾਨੇ 'ਤੇ ਰਿਹਾ ਹੈ। ਰੂਸ ਦੇ ਮੁੱਖ ਪ੍ਰਸ਼ਾਸਨਿਕ ਕੇਂਦਰ ਕ੍ਰੈਮਲਿਨ ਵਲੋਂ ਸਖ਼ਤ ਰੁਖ਼ ਅਖ਼ਤਿਆਰ ਕਰਨ ਅਤੇ ਮੁਸਲਿਮ ਵਿਰੋਧੀ ਨੀਤੀਆਂ ਅਪਣਾਉਣ ਕਾਰਨ ਇਸਲਾਮਿਕ ਜਥੇਬੰਦੀਆਂ ਨੇ ਰੂਸ ਨੂੰ ਧਮਕੀਆਂ ਦਿੱਤੀਆਂ ਸਨ। ਪੁਤਿਨ ਨੂੰ ਯੂਕਰੇਨ ਵਿਚ ਲੜਾਈ ਦੇ ਨਾਲ-ਨਾਲ ਅਜਿਹੇ ਸੰਗਠਨਾਂ ਵਲੋਂ ਵੀ ਵੱਡੀ ਚੁਣੌਤੀ ਮਿਲਦੀ ਰਹੀ ਹੈ। ਰੂਸ ਦੀ ਆਰਥਿਕ ਸਥਿਤੀ ਵੀ ਮੌਜੂਦਾ ਲੜਾਈ ਨੇ ਬੇਹੱਦ ਕਮਜ਼ੋਰ ਕਰ ਦਿੱਤੀ ਹੈ ਪਰ ਇਸ ਦੇ ਬਾਵਜੂਦ ਪੁਤਿਨ ਵਲੋਂ ਇਸ ਲੜਾਈ ਨੂੰ ਜਾਰੀ ਰੱਖਣ ਦਾ ਅਹਿਦ ਲਗਾਤਾਰ ਦੁਹਰਾਇਆ ਜਾਂਦਾ ਰਿਹਾ ਹੈ। ਵਾਪਰ ਰਿਹਾ ਅਜਿਹਾ ਘਟਨਾਕ੍ਰਮ ਦੁਨੀਆ ਭਰ ਲਈ ਵੀ ਇਕ ਖ਼ਤਰੇ ਦੀ ਘੰਟੀ ਮੰਨਿਆ ਜਾ ਸਕਦਾ ਹੈ, ਕਿਉਂਕਿ ਯੂਕਰੇਨ ਨਾਲ ਲੜਾਈ ਦੇ ਨਾਲ-ਨਾਲ ਪੁਤਿਨ ਸਾਹਮਣੇ ਖੜ੍ਹੀਆਂ ਚੁਣੌਤੀਆਂ ਉਸ ਨੂੰ ਹੋਰ ਵੱਡੀ ਜੰਗ ਵਿਚ ਧੱਕਣ ਲਈ ਮਜਬੂਰ ਕਰ ਸਕਦੀਆਂ ਹਨ। ਅਜਿਹੀ ਜੰਗ ਦੇ ਕੌਮਾਂਤਰੀ ਰੂਪ ਅਖ਼ਤਿਆਰ ਕਰ ਲੈਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਹੈ, ਜਿਸ ਵਿਚ ਏਨੀ ਵੱਡੀ ਗਿਣਤੀ ਵਿਚ ਲੋਕ ਮਾਰੇ ਗਏ ਹੋਣ। ਚਾਹੇ ਇਸ ਲਈ ਅਫ਼ਗਾਨਿਸਤਾਨ ਵਿਚਲੇ ਸੰਗਠਨ ਨਾਲ ਸੰਬੰਧਿਤ ਜਥੇਬੰਦੀ ਇਸਲਾਮਿਕ ਸਟੇਟ ਨੇ ਇਸ ਦੀ ਜ਼ਿੰਮੇਵਾਰੀ ਲਈ ਹੈ, ਪਰ ਰੂਸੀ ਪ੍ਰਸ਼ਾਸਨ ਵਲੋਂ ਇਸ ਹਮਲੇ ਲਈ ਯੂਕਰੇਨ 'ਤੇ ਵੀ ਉਂਗਲੀ ਉਠਾਈ ਜਾ ਰਹੀ ਹੈ, ਕਿਉਂਕਿ ਪਿਛਲੇ ਦੋ ਸਾਲਾਂ ਤੋਂ ਇਨ੍ਹਾਂ ਦੋਵਾਂ ਦੇਸ਼ਾਂ ਵਿਚਾਲੇ ਭਿਆਨਕ ਜੰਗ ਚੱਲ ਰਹੀ ਹੈ। ਇਸ ਜੰਗ ਦੌਰਾਨ ਰੂਸ ਵਲੋਂ ਯੂਕਰੇਨ ਉੱਤੇ ਕੀਤੇ ਹਮਲਿਆਂ ਵਿਚ ਹਜ਼ਾਰਾਂ ਲੋਕ ਮਾਰੇ ਗਏ ਹਨ ਅਤੇ ਯੂਕਰੇਨ ਦੇ ਬਹੁਤ ਵੱਡੇ ਹਿੱਸੇ ਵਿਚ ਤਬਾਹੀ ਦੇ ਮੰਜ਼ਰ ਦਿਖਾਈ ਦੇ ਰਹੇ ਹਨ। ਇਸ ਜੰਗ ਦੌਰਾਨ ਰੂਸ ਨੇ ਯੂਕਰੇਨ ਦੇ ਕਈ ਮਹੱਤਵਪੂਰਨ ਜ਼ਿਲ੍ਹਿਆਂ 'ਤੇ ਕਬਜ਼ਾ ਵੀ ਕਰ ਲਿਆ ਹੈ ਪਰ ਯੂਕਰੇਨ ਨੇ ਆਪਣੇ ਵਲੋਂ ਆਪਣਾ ਸ਼ਿਕੰਜਾ ਕੱਸੀ ਰੱਖਿਆ ਹੈ। ਉਸ ਨੇ ਇਸ ਘਟਨਾ 'ਤੇ ਪ੍ਰਤੀਕਰਮ ਪ੍ਰਗਟ ਕਰਦੇ ਹੋਏ ਇਹ ਵੀ ਕਿਹਾ ਕਿ ਇਸ ਹਮਲੇ ਲਈ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇ ਭਾਗੀ ਬਣਾਇਆ ਜਾਵੇਗਾ। ਇਸਲਾਮਿਕ ਸਟੇਟ ਜਥੇਬੰਦੀ ਵਲੋਂ ਇਸ ਦੀ ਜ਼ਿੰਮੇਵਾਰੀ ਲੈਣ 'ਤੇ ਉਸ 'ਤੇ ਉਂਗਲ ਉੱਠਣਾ ਇਸ ਲਈ ਕੁਦਰਤੀ ਹੈ, ਕਿਉਂਕਿ ਇਸ ਘਟਨਾ ਤੋਂ ਲਗਭਗ ਦੋ ਹਫ਼ਤੇ ਪਹਿਲਾਂ ਮਾਸਕੋ ਵਿਚ ਸਥਾਪਿਤ ਅਮਰੀਕਾ ਦੇ ਸਫ਼ਾਰਤਖ਼ਾਨੇ ਵਲੋਂ ਰੂਸੀ ਪ੍ਰਸ਼ਾਸਨ ਨੂੰ ਇਹ ਦੱਸਿਆ ਗਿਆ ਸੀ ਕਿ ਉਥੇ ਆਉਂਦੇ ਦਿਨਾਂ ਵਿਚ ਕੋਈ ਵੱਡਾ ਅੱਤਵਾਦੀ ਹਮਲਾ ਹੋ ਸਕਦਾ ਹੈ। ਅਮਰੀਕਾ ਵਲੋਂ ਪੁਖ਼ਤਾ ਸੂਚਨਾ ਦੇਣ ਤੋਂ ਬਾਅਦ ਵੀ ਹਮਲਾਵਰ ਆਪਣੇ ਮਿੱਥੇ ਮਕਸਦ 'ਚ ਸਫ਼ਲ ਹੋ ਗਏ। ਜਿਥੋਂ ਤਕ ਇਸਲਾਮਿਕ ਗਰੁੱਪਾਂ ਦਾ ਸੰਬੰਧ ਹੈ, ਇਹ ਪਹਿਲਾਂ

ਰੂਸ 'ਚ ਦਹਿਸ਼ਤੀ ਹਮਲੇ ਮਗਰੋਂ ਸੋਗ ਦਾ ਮਾਹੌਲ

ਮਾਸਕੋ : ਇਥੋਂ ਦੇ ਸੰਗੀਤਕ ਹਾਲ 'ਚ ਸ਼ੁੱਕਰਵਾਰ ਹੋਏ ਦਹਿਸ਼ਤੀ ਹਮਲੇ ਦੌਰਾਨ ਲਾਪਤਾ ਹੋਏ ਲੋਕਾਂ ਦੇ ਪਰਿਵਾਰਕ ਮੈਂਬਰ ਆਪਣਿਆਂ ਦੀ ਭਾਲ 'ਚ ਜੁਟੇ ਹੋਏ ਹਨ। ਹਮਲੇ 'ਚ ਵੱਡੀ ਗਿਣਤੀ ਲੋਕਾਂ ਦੀ ਮੌਤ ਕਾਰਨ ਐਤਵਾਰ ਨੂੰ ਕੌਮੀ ਸੋਗ ਦਿਵਸ ਐਲਾਨਿਆ ਗਿਆ। ਇਸ ਦੌਰਾਨ ਸਾਰੇ ਪ੍ਰੋਗਰਾਮ ਰੱਦ ਕਰਨ ਦੇ ਨਾਲ ਨਾਲ ਝੰਡੇ ਝੁਕਾ ਦਿੱਤੇ ਗਏ ਹਨ। ਟੀਵੀ 'ਤੇ ਮਨੋਰੰਜਨ ਦੇ ਪ੍ਰੋਗਰਾਮ ਅਤੇ ਇਸ਼ਤਿਹਾਰ ਵੀ ਨਹੀਂ ਚਲ ਰਹੇ ਹਨ। ਹਮਲੇ ਮਗਰੋਂ ਸੜੇ ਹੋਏ ਕੰਸਰਟ ਹਾਲ ਨੇੜੇ ਲੋਕ ਫੁੱਲ ਰੱਖ ਕੇ ਮ੍ਰਿਤਕਾਂ ਨੂੰ ਸ਼ਰਧਾਂਜਲੀਆਂ ਦੇ ਰਹੇ ਹਨ। ਨੁਕਸਾਨੀ ਗਈ ਇਮਾਰਤ 'ਚ ਕਰਮੀ ਲਗਾਤਾਰ ਬਚਾਅ ਕਾਰਜਾਂ 'ਚ ਜੁਟੇ ਹੋਏ ਹਨ। ਕੁਝ ਪਰਿਵਾਰਾਂ ਨੂੰ ਅਜੇ ਤੱਕ ਨਹੀਂ ਪਤਾ ਕਿ ਸਮਾਗਮ ਨੂੰ ਦੇਖਣ ਗਏ ਉਨ੍ਹਾਂ ਦੇ ਪਰਿਵਾਰਕ ਮੈਂਬਰ ਜਿਊਂਦੇ ਹਨ ਜਾਂ ਨਹੀਂ। ਉਧਰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਹਮਲੇ ਲਈ ਯੂਕਰੇਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਜਦਕਿ ਉਥੋਂ ਦੀ ਸਰਕਾਰ ਨੇ ਇਸ ਤੋਂ ਇਨਕਾਰ ਕੀਤਾ ਹੈ। ਪੂਤਿਨ ਨੇ ਕਿਹਾ ਹੈ ਕਿ ਉਹ ਹਮਲੇ ਦੇ ਸਾਜ਼ਿਸ਼ਘਾੜਿਆਂ ਨੂੰ ਸਖ਼ਤ ਸਜ਼ਾਵਾਂ ਦੇਣਗੇ। ਸੁਰੱਖਿਆ ਏਜੰਸੀਆਂ ਨੇ ਚਾਰ ਹਮਲਾਵਰਾਂ ਸਣੇ 11 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਹਾਦੀ ਗੁੱਟ ਇਸਲਾਮਿਕ ਸਟੇਟ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਅਮਰੀਕਾ ਨੇ ਇਸ ਮਹੀਨੇ ਦੇ ਸ਼ੁਰੂ 'ਚ ਮਾਸਕੋ 'ਚ ਦਹਿਸ਼ਤੀ ਹਮਲਾ ਹੋਣ ਦਾ ਖ਼ਦਸ਼ਾ ਜਤਾਉਂਦਿਆਂ ਇਸ ਦੀ ਸੂਚਨਾ ਰੂਸ ਨਾਲ ਸਾਂਝੀ ਕੀਤੀ ਸੀ ਅਤੇ ਅਮਰੀਕੀਆਂ ਨੂੰ ਇਹਤਿਆਤ ਰੱਖਣ ਲਈ ਕਿਹਾ ਸੀ।

ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

ਅਛੂਤਾਂ ਦੀ ਗਿਣਤੀ

ਅਛੂਤ ਉਧਾਰ ਦੀ ਚਰਚ ਅੱਜ ਕੱਲ੍ਹ ਛਿੜੀ ਹੋਈ ਹੈ। ਇਸ ਸਬੰਧ ਵਿਚ ਹੇਠ ਲਿਖੀ ਵਾਕਫ਼ੀ ਵਿਚਾਰ ਨਾਲ ਪੜ੍ਹੀ ਜਾਣੀ ਚਾਹੀਦੀ ਹੈ।

1931 ਦੀ ਜਨਗਣਨਾ ਅਨੁਸਾਰ ਸਾਰੇ ਹਿੰਦੁਸਤਾਨ ਵਿਚ ਅਛੂਤਾਂ ਦੀ ਵਸੋਂ ਪੰਜ ਕਰੋੜ ਹੈ; ਜਿਨ੍ਹਾਂ ਦੀ ਸੂਬੇਵਾਰ ਵੰਡ ਇਸ ਪ੍ਰਕਾਰ ਹੈ। ਯੂ.ਪੀ. 1 ਕਰੋੜ 13 ਲੱਖ, ਬੰਗਾਲ 68 ਲੱਖ, ਅਸਾਮਾਨ 18 ਲੱਖ, ਬਿਹਾਰ ਤੇ ਉੜੀਸਾ 57 ਲੱਖ, ਸੀ.ਪੀ. 28 ਲੱਖ, ਬੰਬਈ 20 ਲੱਖ, ਪੰਜਾਬ ਵਿਚ 12 ਲੱਖ, ਮਦਰਾਸ 72 ਲੱਖ। ਬਾਕੀ ਸੂਬਿਆਂ ਵਿਚ ਇਕ ਲੱਖ। ਦੇਸੀ ਰਿਆਸਤਾਂ ਵਿਚ 1 ਕਰੋੜ 11 ਲੱਖ।

ਅਛੂਤਾਂ ਦੀ ਵੱਖੋ ਵੱਖ ਜਾਤਾਂ ਦੀ ਗਿਣਤੀ ਪੈਂਤੇ ਤਿੰਨ ਸੌ ਹੈ; ਜਿਨ੍ਹਾਂ ਵਿਚੋਂ ਡੇਢ ਸੌ ਜਾਤਾਂ ਵਿਚ ਹਰ ਜਾਤ ਪ੍ਰਤੀ ਗਿਣਤੀ ਦਸ ਦਸ ਹਜ਼ਾਰ ਤੋਂ ਵੱਧ ਨਹੀਂ। 88 ਜਾਤਾਂ ਐਸੀਆਂ ਹਨ ਜਿਨ੍ਹਾਂ ਵਿਚ ਇਕ ਇਕ ਹਜ਼ਾਰ ਤੋਂ ਵਸੋਂ ਵੱਧ ਨਹੀਂ। 26 ਜਾਤਾਂ ਅਜਿਹੀਆਂ ਹਨ ਜਿਨ੍ਹਾਂ ਵਿਚ ਇਕ ਇਕ ਸੌ ਤੋਂ ਵੱਧ ਆਦਮੀ ਨਹੀਂ, ਬਾਕੀ ਪੰਦਰਾਂ ਜਾਤਾਂ ਵਿਚ ਕੁਝ ਜ਼ਿਆਦਾ ਗਿਣਤੀ ਹੈ। ਜਿਨ੍ਹਾਂ ਵਿਚੋਂ ਪੰਜ ਜਾਤਾਂ, ਕੋਰੇ, ਡੂਮ, ਭੰਗੀ, ਕੋਰੀ, ਬਲਾਈ ਵਿਚ ਪੰਜ ਪੰਜ ਸਤ ਸਤ ਲੱਖ ਦੀ ਗਿਣਤੀ ਹੈ। ਇਨ੍ਹਾਂ ਪੰਜਾਂ ਦੀ ਸਾਰੀ ਗਿਦਤੀ 38 ਲੱਖ ਹੈ, ਜਿਨ੍ਹਾਂ ਵਿਚੋਂ 28 ਹਜ਼ਾਰ ਅੱਖਰਾਂ ਦੀ ਪਛਾਣ ਰੱਖਦੇ ਹਨ। 'ਪਾਸੀ', 'ਹਿੰਦੂ', 'ਧੋਬੀ', 'ਦਸਾਧ', 'ਪਰਿਆ', 'ਬਾਗੜੀ' ਜਾਤਾਂ ਵਿਚ ਬਾਰਾਂ ਬਾਰਾਂ ਲੱਖ ਦੀ ਗਿਣਤੀ ਹੈ। ਇਨ੍ਹਾਂ ਸਾਰੀਆਂ ਜਾਤੀਆਂ ਵਿਚ 68 ਲੱਖ ਆਦਮੀ ਹਨ ਜਿਨ੍ਹਾਂ ਵਿਚੋਂ 38 ਹਜ਼ਾਰ ਅੱਖਰਾਂ ਦੀ ਪਛਾਣ ਰੱਖੇ ਹਨ। ਹੇਠ ਲਿਖੀਆਂ ਪੰਜ ਜਾਤਾਂ ਵੱਡੀਆਂ ਕਹਾਉਂਦੀਆਂ ਹਨ :

1. ਨਾਮ ਸ਼ੂਦਰ ਯਾ ਚੰਡਾਲ-ਇਹ ਆਸਾਮ ਤੇ ਬੰਗਾਲ ਵਿਚ ਆਬਾਦ ਹੈ। 1931 ਦੀ ਮਰਦੁਮਸ਼ੁਮਰੀ ਅਨੁਸਾਰ ਇਨ੍ਹਾਂ ਦੀ ਗਿਣਤੀ 22 ਲੱਖ ਤੋਂ ਉਪਰ ਹੈ। ਜਿਨ੍ਹਾਂ ਵਿਚੋਂ 1 ਲੱਖ 35 ਹਜ਼ਾਰ ਪੜ੍ਹੇ ਲਿਖੇ ਹਨ।

2 ਆਦੀ ਦਰਾਵੜ-ਇਹ ਕੌਮ ਮਦਰਾਸ ਹਾਤੇ ਵਿਚ ਸੋਲਾਂ ਲੱਖ ਦੀ ਗਿਣਤੀ ਵਿਚ ਆਬਾਦ ਹੈ। ਇਨ੍ਹਾਂ ਦੀ ਹਾਲਤ ਬਹੁਤ ਖਰਾਬ ਹੈ। ਇਨ੍ਹਾਂ ਬਾਬਤ 1931 ਵਿਚ ਜ਼ਿਲ੍ਹਾ ਰਾਮਨਾਦ, ਮਦਰਾਸ ਹਾਤੇ ਦੇ ਉਚ ਜਾਤ ਦੇ ਹਿੰਦੂਆਂ ਨੇ ਇਸ ਭਾਵ ਦੇ ਮਤੇ ਪਾਸ ਕੀਤੇ ਸਨ।

ਅਛੂਤਾਂ 'ਤੇ ਪਾਬੰਦੀਆਂ

1. ਆਦਿ ਦਰਾਵੜ ਗੌਡਿਆਂ ਤੋਂ ਹੇਠਾਂ ਤੱਕ ਕੋਈ ਕੱਪੜਾ ਨਾ ਪਹਿਨੇ,
• ਆਦੀ ਦਰਾਵੜ ਸੋਨੇ ਚਾਂਦੀ ਦਾ ਕੋਈ ਗਹਿਣਾ ਨਾ ਪਾਵੇ।
• ਇਹ ਲੋਕ ਕੋਟ ਪਤਲੂਨ, ਕਮੀਜ਼ ਤੇ ਬੂਨੈਨ ਨਾ ਪਹਿਨਣ।



• ਸਿਰ ਦੇ ਵਾਲ ਨਾ ਕਟਾਉਣ।
• ਮਿੱਟੀ ਦੇ ਭਾਂਡਿਆਂ ਤੋਂ ਬਿਨਾਂ ਹੋਰ ਭਾਂਡੇ ਨਾ ਵਰਤਣ।
• ਛੱਤਰੀ ਤੇ ਖੜਾਵਾਂ ਨਾ ਰੱਖਣ।
• ਆਦੀ ਦਰਾਵੜ ਆਪਣੀਆਂ ਜ਼ਮੀਨਾਂ ਮੀਰਾਸਦਾਰਾਂ ਨੂੰ ਵੇਚ ਦੇਣ।
• ਜੇ ਇਹ ਜ਼ਮੀਨਾਂ ਨਾ ਵੇਚਣ ਤਾਂ ਇਨ੍ਹਾਂ ਨੂੰ ਖੇਤੀਬਾੜੀ ਲਈ ਪਾਣੀ ਨਾ ਦਿੱਤਾ ਜਾਏ।
• ਇਹ ਲੋਕ ਧਨੀਆਂ ਕੋਲ ਸਵੇਰੇ 6 ਵਜੇ ਤੋਂ ਸ਼ਾਮ 7 ਵਜੇ ਤੱਕ ਸੇਵਾ ਵਿਚ ਰਹਿਣ, ਜਿਸ ਦੇ ਬਦਲੇ ਮਰਦਾਂ ਨੂੰ ਚਾਰ ਆਨੇ ਤੇ ਔਰਤਾਂ ਨੂੰ ਦੁਆਨੀ ਰੋਜ਼ ਮਿਲਿਆ ਕਰੇ।
• ਇਹ ਲੋਕ ਕਿਸੇ ਤਰ੍ਹਾਂ ਦੀ ਵਿਦਿਆ ਹਾਸਲ ਨਾ ਕਰਨ।
• ਸ਼ਾਦੀ ਆਦਿ ਖੁਸ਼ੀ ਦੇ ਮੌਕੇ ਇਹ ਲੋਕ ਹਿੰਦੁਸਤਾਨੀ ਗੀਤ ਨਾ ਗਾਉਣ।
• ਇਹ ਲੋਕ ਕਿਸੇ ਤਰ੍ਹਾਂ ਦੀ ਸਵਾਰ ਨਾ ਵਰਤਣ।

2. ਮਾਂਗ : ਇਸ ਜਾਤੀ ਦੀ ਗਿਣਤੀ 25 ਲੱਖ ਦੇ ਕਰੀਬ ਹੈ, ਅੱਧੋਂ ਵੱਧ ਵਸੋਂ ਰਿਆਸਤ ਹੈਦਰਾਬਾਦ ਦੱਖਣ ਵਿਚ ਹੈ। 6 ਲੱਖ ਦੇ ਕਰੀਬ ਮਦਰਾਸ ਹਾਤੇ ਵਿਚ ਹੈ, ਬਾਕੀ ਬੰਬਈ ਤੇ ਸੀ.ਪੀ. ਵਿਚ ਹੈ। ਇਨ੍ਹਾਂ ਵਿਚੋਂ 12 ਹਜ਼ਾਰ ਦੇ ਕਰੀਬ ਪੜ੍ਹਨਾ ਲਿਖਣਾ ਜਾਣਦੇ ਹਨ।

3. ਚਮਾਰ : ਅਛੂਤਾਂ ਵਿਚੋਂ ਇਨ੍ਹਾਂ ਦੀ ਗਿਣਤੀ ਸਭ ਤੋਂ ਵੱਧ ਹੈ, ਯੂ.ਪੀ. ਵਿਚ 63 ਲੱਖ, ਪੰਜਾਬ ਵਿਚ 11 ਲੱਖ, ਬਿਹਾਰ ਉੜੀਸਾ ਵਿਚ 13 ਲੱਖ, ਬਾਕੀ ਸੂਬਿਆਂ ਵਿਚ 30 ਲੱਖ, ਕੁਲ ਚਮਾਰ ਇਕ ਕਰੋੜ 27 ਲੱਖ ਹਨ, ਇਨ੍ਹਾਂ ਵਿਚੋਂ 47 ਹਜ਼ਾਰ ਪੜ੍ਹੇ ਲਿਖੇ ਹਨ।

4. ਮੁਹਾਰ : ਜਿਨ੍ਹਾਂ ਨੂੰ ਮਹਿਰ ਯਾ ਮਹਿਰ ਭੀ ਕਹਿੰਦੇ ਹਨ, ਇਨ੍ਹਾਂ ਦੀ ਗਿਣਤੀ 58 ਲੱਖ ਤੋਂ ਉਪਰ ਹੈ। ਇਨ੍ਹਾਂ ਦੀ ਵਸੋਂ ਸੂਬੇਵਾਰ ਇਸ ਤਰ੍ਹਾਂ ਹੈ :

ਇਹਾਤਾ ਬੰਬਈ 14 ਲੱਖ 38 ਹਜ਼ਾਰ, ਇਹਾਤਾ ਮਦਰਾਸ 14 ਲੱਖ 13 ਹਜ਼ਾਰ, ਸੀ.ਪੀ. 12 ਲੱਖ 56 ਹਜ਼ਾਰ, ਰਿਆਸਤ ਹੈਦਰਾਬਾਦ ਵਿਚ 10 ਲੱਖ 13 ਹਜ਼ਾਰ, ਬਾਕੀ ਸੂਬਿਆਂ ਤੇ ਰਿਆਸਤਾਂ ਵਿਚ 2 ਲੱਖ 65 ਹਜ਼ਾਰ। 1931 ਦੀ ਮਰਦੁਮਸ਼ੁਮਾਰੀ ਅਨੁਸਾਰ ਆਬਾਦੀ 58 ਲੱਖ 47 ਹਜ਼ਾਰ ਹੈ, ਇਨ੍ਹਾਂ ਵਿਚੋਂ 26 ਹਜ਼ਾਰ ਤੋਂ ਵੱਧ ਪੜ੍ਹੇ ਲਿਖੇ ਹਨ। ਆਮ ਤੌਰ 'ਤੇ ਢਾਈ ਫੀਸਦੀ ਇਹ ਲੋਕ ਮਜ਼ਦੂਰ ਪੇਸ਼ਾ ਹਨ। ਕੁਝ ਕਾਰਖਾਨਿਆਂ ਵਿਚ ਤੇ ਕੁਝ ਚੌਕੀਦਾਰੀ ਦਾ ਕੰਮ ਕਰਦੇ ਹਨ। ਮਰਦਾਸ ਵਿਚ ਇਨ੍ਹਾਂ ਦੀ ਹਾਲਤ ਖਰਾਬ ਹੈ। ਲਫ਼ਜ਼ ਮੁਹਾਰ ਦੇ ਅਰਥਾਂ ਸਬੰਧੀ ਮਤਭੇਦ ਹੈ। ਕਈ ਇਸ ਦੇ ਅਰਥ ਮਹਾਂ+ਅਹਾਰੀ, ਬਹੁਤਾ ਖਾਣ ਵਾਲੇ ਕਰਦੇ ਹਨ ਤੇ ਕਈ ਮਹਾਂ+ਆਰ=ਵੱਡਾ ਆਰੀਆ ਜਾਂ ਆਰਿਆ ਤੋਂ ਭੀ ਵੱਡਾ ਦੱਸਦੇ ਹਨ।

(ਚਲਦਾ)

ਵਿਸ਼ਵ ਪ੍ਰਸਿੱਧ ਗੁਰਮਤਿ ਸੰਗੀਤ ਦੇ ਸ਼੍ਰੋਮਣੀ ਕੀਰਤਨੀਏ ਡਾ. ਗੁਰਨਾਮ ਸਿੰਘ ਨੇ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਗੁਰਮਤਿ ਸੰਗੀਤ ਪਰੰਪਰਾ ਨੂੰ ਵਰਤਮਾਨ ਸਮੇਂ ਪੁਨਰ ਸੁਰਜੀਤ ਕਰਨ ਵਿੱਚ ਵਿਲੱਖਣ ਯੋਗਦਾਨ ਪਾਇਆ ਹੈ। ਆਪ ਦੇਸ਼ ਵਿਦੇਸ਼ ਦੀਆਂ ਯੂਨੀਵਰਸਿਟੀਆਂ ਵਿੱਚ ਪਿਛਲੇ 40 ਵਰ੍ਹਿਆਂ ਤੋਂ ਬਤੌਰ ਡੀਨ ਤੇ ਪ੍ਰੋਫੈਸਰ ਕਾਰਜ ਕਰਦੇ ਆ ਰਹੇ ਹਨ। ਆਪਨੂੰ ਗੁਰਮਤਿ ਸੰਗੀਤ ਵਿੱਚ ਭਾਰਤ ਦਾ ਸਰਵੋੱਤਮ ਰਾਸ਼ਟਰਪਤੀ ਐਵਾਰਡ, ਸ਼੍ਰੋਮਣੀ ਰਾਗੀ ਐਵਾਰਡ ਅਤੇ ਗਲੋਬਲ ਪੱਧਰ ਉੱਤੇ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਸਨਮਾਨ ਦਿੱਤੇ ਜਾ ਚੁੱਕੇ ਹਨ। ਗੁਰੂ ਕਿਰਪਾ ਦੁਆਰਾ ਆਪਣੇ ਆਪਣੀ ਆਵਾਜ਼ ਵਿੱਚ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਰਾਗਾਂ ਤੇ ਮਿਸ਼ਰਤ ਰਾਗਾਂ ਦਾ 1999 ਵਿੱਚ ਵਿਸ਼ਾਲ ਰਿਕਾਰਡਿੰਗ ਕਰਵਾਈ। ਵੱਖ ਵੱਖ ਆਡੀਓ ਵਿਜ਼ੂਅਲ ਕੰਪਨੀਆਂ ਤੇ ਯੂਟਿਊਬ ਉੱਤੇ ਆਪਦੀਆਂ ਅਨੇਕ ਕੀਰਤਨ ਰਿਕਾਰਡਿੰਗਜ਼ ਹਨ। ਯੂਨੀਵਰਸਿਟੀਆਂ, ਕਾਲਜਾਂ ਸਕੂਲਾਂ ਵਿੱਚ ਪੀ. ਐਚਡੀ ਤੱਕ ਗੁਰਮਤਿ ਸੰਗੀਤ ਸਬਜੈਕਟ ਵਜੋਂ ਲਾਗੂ ਕਰਵਾਇਆ, ਪੜ੍ਹਾਇਆ ਅਤੇ ਦੇਸ਼ ਵਿਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿੱਚ ਕਈ ਗੁਰਮਤਿ ਸੰਗੀਤ ਵਿਭਾਗਾਂ ਦੀ ਸਥਾਪਨਾ ਕਰਵਾਈ। -ਨਾਰਥ ਅਮਰੀਕਾ ਵਿੱਚ ਆਪਣੇ ਰਾਗਾਤਮਕ ਕੀਰਤਨ ਦਰਬਾਰਾਂ ਤੇ ਗੁਰਮਤਿ ਸੰਗੀਤ ਸਿਖਲਾਈ ਕੈਂਪਾਂ ਦੁਆਰਾ ਵੱਡੀ ਸੇਵਾ ਨਿਭਾਈ ਹੈ। -21 ਪੁਸਤਕਾਂ 32 ਸੰਪਾਦਿਤ ਪੁਸਤਕਾਂ ਤੇ 200 ਤੋਂ ਵੱਧ ਖੋਜ ਲੇਖ ਲਿਖੇ ਹਨ। ਇਸ ਤੋਂ ਇਲਾਵਾ ਕਈ ਵਿਦਿਆਰਥੀਆਂ ਨੂੰ ਪੀਐਚ ਡੀ ਤੱਕ ਦਾ ਅਧਿਆਪਨ ਕਰਵਾਇਆ ਹੈ। -ਸ੍ਰੀ ਦਰਬਾਰ ਸਾਹਿਬ ਤੋਂ ਤੰਤੀ ਸਾਜ਼ ਲਾਗੂ ਕਰਵਾਉਣ ਵਿੱਚ ਆਪਦੀ ਪ੍ਰਮੁੱਖ ਭੂਮਿਕਾ ਰਹੀ ਹੈ। ਸਾਨੂੰ ਪ੍ਰਸੰਨਤਾ ਹੈ ਕਿ 'ਸਾਡੇ ਲੋਕ' ਅਦਾਰੇ ਲਈ ਡਾ. ਸਾਹਿਬ ਨੇ ਗੁਰਮਤਿ ਸੰਬੰਧੀ ਜਾਣਕਾਰੀ ਭਰਪੂਰ ਰਚਨਾ ਭੇਜੀ ਹੈ। ਇਸ ਹਫਤੇ ਤੋਂ ਅਸੀਂ ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਡਾ. ਗੁਰਨਾਮ ਸਿੰਘ ਜੀ ਵਲੋਂ 'ਸਾਡੇ ਲੋਕ' ਦੇ ਪਾਠਕਾਂ ਲਈ ਲੜੀਵਾਰ ਆਰਟੀਕਲ ਛਾਪਕੇ ਮਾਣ ਹਾਸਲ ਕਰ ਰਹੇ ਹਾਂ : -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਗੁਰਮਤਿ ਸੰਗੀਤ ਦਾ ਤੰਤੀ ਸਾਜ਼ - ਰਬਾਬ

ਰਬਾਬ ਗੁਰਮਤਿ ਸੰਗੀਤ ਦਾ ਪ੍ਰਥਮ ਪ੍ਰਮੁੱਖ ਸਾਜ਼ ਹੈ ਜਿਸ ਦਾ ਵਾਦਨ ਰਬਾਬੀ ਭਾਈ ਮਰਦਾਨਾ, ਗੁਰੂ ਨਾਨਕ ਦੇਵ ਜੀ ਦੇ ਸ਼ਬਦ ਕੀਰਤਨ ਨਾਲ ਕਰਿਆ ਕਰਦੇ ਸਨ। ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨਾ ਨੂੰ ਆਪਣਾ ਸੰਗੀ ਚੁਣਨ ਸਮੇਂ ਗਾਇਨ ਦੇ ਨਾਲ-ਨਾਲ ਉਸ ਦੀ ਵਾਦਨ ਕਲਾ ਨੂੰ ਵੀ ਆਪਦੀ ਮਿਹਰ ਦਾ ਪਾਤਰ ਬਣਾਇਆ। ਇਤਿਹਾਸਕ ਹਵਾਲਿਆਂ ਅਨੁਸਾਰ ਭਾਈ ਮਰਦਾਨਾ ਪਹਿਲਾਂ ਸਾਰੰਗੀ ਦਾ ਵਾਦਨ ਕਰਿਆ ਕਰਦੇ ਸਨ। ਲੋਕਾਈ ਨੂੰ ਸੋਧਣ ਲਈ ਕੀਤੀਆਂ ਚਾਰ ਉਦਾਸੀਆਂ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨਾ ਨੂੰ ਰਬਾਬ ਲੈਣ ਲਈ ਭਾਈ ਫਿਰੰਦਾ ਕੋਲ ਭੇਜਿਆ ਅਤੇ ਸੁਲਤਾਨਪੁਰ ਲੋਧੀ ਨੇੜੇ ਭੈਰੋਆਣਾ ਦੇ ਸਥਾਨ ਤੇ ਭਾਈ ਫਿਰੰਦਾ (ਭਾਈ ਫੇਰੂ) ਨੇ ਸਾਜ਼ ਭੇਟ ਕੀਤਾ। ਭਾਈ ਮਰਦਾਨੇ ਦਾ ਇਹ ਰਬਾਬ ਗੁਰਮਤਿ ਸੰਗੀਤ ਦੀ ਵਾਦਨ ਪਰੰਪਰਾ ਦਾ ਇਤਿਹਾਸਕ ਗੌਰਵ ਹੈ ਜੋ ਬਾਣੀ ਅਵਤਰਣ ਸਮੇਂ ਰਬਾਬ ਭਾਈ ਮਰਦਾਨੇ ਦੇ ਵਾਦਨ ਦੀ ਕਲਾਤਮਕ ਛੋਹ ਸੰਗ ਅਨਹਦ ਧੁਨੀ ਉਪਜਾਉਂਦਿਆਂ ਜਗਤ ਜਲੰਦੇ ਦੇ ਅਨੇਕ ਤਪਦੇ ਹਿਰਦਿਆਂ ਨੂੰ ਬਾਣੀ ਨਾਲ ਠਾਰਦਾ ਰਿਹਾ।

ਭਾਈ ਮਰਦਾਨੇ ਅਤੇ ਰਬਾਬ ਦੀ ਇਸ ਅਟੁੱਟ ਸਾਂਝ ਨੇ ਗੁਰਮਤਿ ਸੰਗੀਤ ਵਾਦਨ ਪਰੰਪਰਾ ਦਾ ਆਰੰਭ ਕੀਤਾ। ਭਾਈ ਮਰਦਾਨੇ ਦੀ ਕੁਲ ਦੇ ਸੰਗੀਤਕਾਰ ਦੀ ਰਬਾਬੀਆਂ ਵਜੋਂ ਪ੍ਰਸਿੱਧੀ ਹੋਈ।

ਰਬਾਬ ਦੀ ਉਤਪਤੀ ਅਤੇ ਵਿਕਾਸ ਸਬੰਧੀ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਇਹ ਪੁਰਾਤਨ ਸਾਜ਼ ਥੋੜ੍ਹੇ ਬਹੁਤੇ ਭੇਦ ਨਾਲ ਏਸ਼ਿਆਈ ਖਿੱਤੇ ਵਿਚ ਪ੍ਰਚਾਰ ਵਿਚ ਰਿਹਾ। ਪੰਡਿਤ ਅਹੋਬਲ ਦੇ ਸੰਗੀਤ ਪਾਰਿਜਾਤ ਵਿਚ ਵੀ ਇਸ ਦਾ ਜ਼ਿਕਰ ਮਿਲਦਾ ਹੈ। ਪਰੰਤੂ ਕਿਸੇ ਹੋਰ ਸੰਗੀਤ ਦੇ ਗ੍ਰੰਥ ਵਿਚ ਇਸ ਦਾ ਉਲੇਖ ਪ੍ਰਾਪਤ ਨਹੀਂ ਹੁੰਦਾ। ਇਕ ਧਾਰਨਾ ਅਨੁਸਾਰ ਇਸ ਸਾਜ਼ ਦਾ ਵਿਕਾਸ ਅਰਬ ਦੇ ਰੁਬਾਬ ਸਾਜ਼ ਤੋਂ ਮੰਨਿਆ ਜਾਂਦਾ ਹੈ ਪਰੰਤੂ ਇੰਜ ਜਾਪਦਾ ਹੈ ਕਿ ਜਿਵੇਂ 'ਰੁਬਾਬ' ਦਾ ਨਾਮ ਹੀ ਰਬਾਬ ਹੋਵੇ ਅਤੇ ਇਹ ਇਕੋ ਹੀ ਸਾਜ਼ ਹੋਵੇ। ਇਹ ਸਾਜ਼ ਉੱਤਰ ਭਾਰਤ ਅਤੇ ਅਫ਼ਗਾਨਿਸਤਾਨ ਵਿਚ ਵੀ ਕਾਫੀ ਪ੍ਰਚਾਰ ਵਿਚ ਰਿਹਾ। ਇਸ ਦਾ ਵਧੇਰੇ ਕਰਕੇ ਪ੍ਰਯੋਗ ਸੈਲਾਨੀ ਕਰਿਆ ਕਰਦੇ ਸਨ। ਭਾਰਤ ਦੇ ਉੱਤਰੀ ਭਾਗਾਂ ਵਿਚ ਇਸ ਦਾ ਪ੍ਰਯੋਗ ਮੁਸਲਮਾਨਾਂ ਵਿਚ ਪ੍ਰਚੱਲਿਤ ਰਿਹਾ।

ਰਬਾਬ ਖੁੱਲ੍ਹੀ ਥਿਜਾਂ ਨੂੰ ਆਪਣੀ ਗਹਿਰ ਗੰਭੀਰ ਅਵਾਜ਼ ਨਾਲ ਭਰਨ ਦੇ ਸਮਰੱਥ ਹੈ। ਇਹ ਪੱਤਰੇ ਜਾਂ ਚਕੌਰ ਨਾਲ ਵਜਾਈ ਜਾਂਦੀ ਹੈ ਇਸ ਲਈ ਲੈਅ ਨਿਰਧਾਰਤ ਕਰਨਾ ਵੀ ਇਸ ਸਾਜ਼ ਨਾਲ ਆਸਾਨ ਹੋ ਜਾਂਦਾ ਹੈ ਅਤੇ ਗਾਇਨ ਲਈ ਇਕ ਨਿਰੰਤਰ ਲੈਅ ਦੀ ਸਥਾਪਨਾ ਵੀ ਹੋ ਜਾਂਦੀ ਹੈ। ਸਫ਼ਰ ਲਈ ਇਹ ਸਾਜ਼ ਢੁੱਕਵਾਂ ਹੈ। ਰਬਾਬ ਦੇ ਸੰਰਚਨਾਤਮਕ ਗੁਣਾਂ ਅਤੇ ਮਧੁਰ ਗਹਿਰ ਗੰਭੀਰ ਸਾਜ਼ ਹੋਣ ਕਰਕੇ ਹੀ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਆਪਣੀਆਂ ਲੰਮੀਆਂ ਉਦਾਸੀਆਂ ਤੇ ਬਿਖੜੇ ਪੈਂਡਿਆਂ ਵਿਚ ਸ਼ਬਦ ਕੀਰਤਨ ਦੀ ਧੁਨੀ ਦੇ ਵਾਦਨ ਪ੍ਰਵਾਹ ਲਈ ਚੁਣਿਆ।

ਰਬਾਬ ਦੀ ਬਣਤਰ ਕੁਝ ਇਸ ਪ੍ਰਕਾਰ ਦੀ ਹੈ। ਇਸ ਦੀ ਡਾਂਡ ਲੰਬੇ ਅਤੇ ਖੋਖਲੇ ਡੰਡੇ ਨੁਮਾ ਲੱਕੜ ਤੋਂ ਬਣਦੀ ਹੈ। ਡਾਂਡ ਦੇ ਹੇਠਾਂ ਲੱਕੜੀ ਦਾ ਇਕ ਤੂੰਬਾ ਹੁੰਦਾ ਹੈ, ਜੋ ਡਾਂਡ ਦਾ ਹੀ ਇਕ ਹਿੱਸਾ ਹੁੰਦਾ ਹੈ। ਤੂੰਬੇ ਵਾਲਾ ਭਾਗ ਕੁਝ ਚੌੜਾ ਅਤੇ ਉੱਪਰ ਤੋਂ ਚਪਟਾ ਹੁੰਦਾ ਹੈ। ਤੂੰਬੇ ਦੇ ਉਪਰਲੇ ਹਿੱਸੇ ਨੂੰ ਆਮ ਕਰਕੇ ਬੱਕਰੀ ਜਾਂ ਕਿਸੇ ਹੋਰ ਜਾਨਵਰ ਦੀ ਪਤਲੀ ਸਾਫ ਖੱਲ ਨਾਲ ਮੜ੍ਹਿਆ ਜਾਂਦਾ ਹੈ, ਇਸ ਨੂੰ ਮਾਂਦ ਕਹਿੰਦੇ ਹਨ। ਰਬਾਬ ਵਿਚ ਛੇ ਤਾਰ ਹੁੰਦੇ ਹਨ ਜੋ ਤਾਂਤ ਨਾਲ ਬਣੇ ਰਹਿੰਦੇ ਹਨ। ਡਾਂਡ ਦੇ ਜਿਸ ਭਾਗ ਉੱਤੇ ਤਾਰ ਦਬਾਏ ਜਾਂਦੇ ਹਨ, ਉਸ ਨੂੰ ਸਥਾਨ ਕਿਹਾ ਜਾਂਦਾ ਹੈ। ਰਬਾਬ ਨੂੰ ਵਜਾਉਣ ਦੇ ਲਈ ਆਮ ਤੌਰ 'ਤੇ ਲੱਕੜੀ ਜਾਂ ਹਾਥੀ ਦੰਦ ਦਾ ਤਿਕੋਣਾ ਟੁਕੜਾ ਪ੍ਰਯੋਗ ਕੀਤਾ ਜਾਂਦਾ ਹੈ, ਇਸ ਨੂੰ ਜਵਾ ਜਾਂ ਜਰਬ ਕਹਿੰਦੇ ਹਨ। ਰਬਾਬ ਦੇ ਇਕ ਰੂਪ ਨੂੰ ਗਜ਼ ਦੁਆਰਾ ਵੀ ਵਜਾਇਆ ਜਾਂਦਾ ਸੀ। ਦਸਵੀਂ ਸ਼ਤਾਬਦੀ ਈਸਵੀ ਪੂਰਬ ਵਿਚ ਅਰਬ ਦੇ ਐਲ. ਫਾਰਬੀ ਨੇ ਇਕ ਰਬਾਬ ਦਾ ਵਰਨਣ ਕੀਤਾ ਹੈ ਜੋ ਗਜ ਦੁਆਰਾ ਵੱਜਣ ਵਾਲਾ ਸਾਜ਼ ਸੀ ਪਰੰਤੂ ਕਸ਼ਮੀਰ ਅਤੇ ਅਫ਼ਗਾਨਿਸਤਾਨ ਵਾਲੇ ਰਬਾਬ ਜਵਾ ਨਾਲ ਵੱਜਣ ਵਾਲਾ ਹੀ ਸੀ ਅਤੇ ਉਹੀ ਉੱਤਰੀ ਭਾਰਤ ਵਿਚ 500 ਸਾਲਾਂ ਤੋਂ ਹੁਣ ਤੱਕ ਪ੍ਰਚੱਲਿਤ ਰਿਹਾ। ਗੁਰਇਤਿਹਾਸ, ਗੁਰਬਾਣੀ ਅਤੇ ਗੁਰੂ ਸਾਹਿਬ ਦੇ ਚਿੱਤਰਾਂ ਤੋਂ ਪ੍ਰਾਪਤ ਹੋਣ ਵਾਲੇ ਰਬਾਬ ਦੇ ਸਰੂਪ ਵਿਚ ਪ੍ਰਚੱਲਿਤ ਰਬਾਬਾਂ ਨਾਲੋਂ ਭਿੰਨਤਾ ਪਾਈ ਜਾਂਦੀ ਹੈ। ਇਸ ਤਰ੍ਹਾਂ ਸਾਨੂੰ ਰਬਾਬ ਦੇ ਤਿੰਨ ਸਰੂਪ ਪ੍ਰਾਪਤ ਹੁੰਦੇ ਹਨ ਬਿਨਾਂ ਪਰਦਿਆਂ ਵਾਲਾ ਪੁਰਾਤਨ ਰਬਾਬ, ਆਧੁਨਿਕ ਰਬਾਬ ਅਤੇ ਭਾਈ ਮਰਦਾਨੇ ਵਾਲਾ ਫਿਰੰਦੀਆ ਰਬਾਬ। ਪੁਰਾਤਨ ਰਬਾਬ ਅਤੇ ਆਧੁਨਿਕ ਰਬਾਬ ਵਿਚ ਕੁਝ ਅੰਤਰ ਹਨ ਜਿਵੇਂ ਕਿ ਪੁਰਾਤਨ ਰਬਾਬ ਦਾ ਤੂੰਬਾ ਗੋਲ ਹੁੰਦਾ ਸੀ, ਪਰੰਤੂ ਆਧੁਨਿਕ ਰਬਾਬ ਦੇ ਤੂੰਬੇ ਵਿਚ ਫਰਕ ਹੈ। ਪੁਰਾਤਨ ਰਬਾਬ ਦੀ ਡਾਂਡ ਆਧੁਨਿਕ ਰਬਾਬ ਦੇ ਮੁਕਾਬਲੇ ਲੰਬੀ ਹੁੰਦੀ ਸੀ। ਪੁਰਾਤਨ ਰਬਾਬ ਵਿਚ ਪਰਦੇ ਨਹੀਂ ਹੁੰਦੇ ਸੀ ਪਰੰਤੂ ਆਧੁਨਿਕ ਰਬਾਬ ਵਿਚ ਮੜ੍ਹੇ ਹੋਏ ਪਰਦੇ ਵੀ ਲਗਾ ਲਏ ਜਾਂਦੇ ਹਨ। ਪੁਰਾਤਨ ਰਬਾਬ ਵਿਚ ਤਰਬ ਦੀਆਂ ਤਾਰਾਂ ਨਹੀਂ ਹੁੰਦੀਆਂ ਸੀ ਪਰੰਤੂ ਆਧੁਨਿਕ ਰਬਾਬ ਵਿਚ ਤਰਬ ਦੀਆਂ ਤਾਰਾਂ ਵੀ ਪਾ ਲਈਆਂ ਜਾਂਦੀਆਂ ਹਨ।

ਪੁਰਾਤਨ ਦੀਵਾਰ ਚਿੱਤਰਾਂ ਤੋਂ ਜੋ ਸਾਨੂੰ ਵਿਸ਼ੇਸ਼ ਕਰਕੇ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਤੋਂ ਪ੍ਰਾਪਤ ਹੁੰਦੇ ਹਨ। ਮਰਦਾਨੇ ਦੀ ਰਬਾਬ ਦਾ ਸਾਰ ਸਰੂਪ ਇਨ੍ਹਾਂ ਦੋਹਾਂ ਪ੍ਰਕਾਰਾਂ ਦੇ ਰਬਾਬਾਂ ਤੋਂ ਭਿੰਨ ਹੈ ਜਿਸ ਦੇ ਤੂੰਬੇ ਦਾ ਅਕਾਰ ਚੌੜਾ ਤੇ ਵੱਡਾ ਦਰਸਾਇਆ ਗਿਆ ਹੈ। ਇਸ ਉੱਤੇ ਚਾਰ ਤਾਰਾਂ ਵਿਖਾਈ ਦਿੰਦੀਆਂ ਹਨ। ਰਬਾਬ ਵਜਾਉਂਦੇ ਭਾਈ ਮਰਦਾਨੇ ਦੀ ਬੈਠਕ ਤੇ ਵਾਦਨ ਵਿਧੀ ਵੀ ਭਿੰਨ ਹੈ ਜਿਸ ਵਿਚ ਡਾਂਡ ਵਾਲਾ ਹਿੱਸਾ ਖੱਬੇ ਪਾਸੇ ਉੱਪਰ ਨੂੰ ਕੀਤਾ ਹੋਇਆ ਹੈ ਅਤੇ ਸੱਜੀ ਲੱਤ ਛਾਤੀ ਨਾਲ ਲਗਾ ਕੇ ਇਸ ਦੀਆਂ ਤਾਰਾਂ ਨੂੰ ਟਕੋਰ ਦਿੱਤੀ ਜਾਂਦੀ ਹੈ। ਦੂਸਰਾ ਇਸ ਰਬਾਬ ਵਿਚ ਪਰੰਪਰਾਗਤ ਤਾਰਾਂ ਦਾ ਇਸਤੇਮਾਲ ਹੀ ਕੀਤਾ ਜਾਂਦਾ ਹੈ ਜਿਵੇਂ ਕਿ ਜ਼ੀਲ ਦੀ ਤਾਰ। ਹਿਮਾਚਲ ਦੇ ਮੰਡੀ ਸ਼ਹਿਰ ਵਿਚਲੇ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸਕ ਗੁਰਧਾਮ ਵਿਚ ਇਕ ਰਬਾਬ ਦੇ ਦਰਸ਼ਨ ਕਰਵਾਏ ਜਾਂਦੇ ਹਨ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਰਬਾਬ ਕਿਹਾ ਜਾਂਦਾ ਹੈ।

ਇਸ ਪ੍ਰਕਾਰ ਰਬਾਬ ਗੁਰਮਤਿ ਸੰਗੀਤ ਦਾ ਪਹਿਲਾ ਅਤੇ ਪ੍ਰਮੁੱਖ ਤੱਤ ਸਾਜ਼ ਰਿਹਾ ਹੈ। ਵਰਤਮਾਨ ਸਮੇਂ ਵਿਚ ਰਬਾਬ ਦੇ ਸਰੂਪ ਅਤੇ ਵਾਦਨ ਵਿਧੀ ਦੇ ਕਈ ਤੱਥ ਇਕੱਤਰ ਕਰਕੇ ਨਿਰੰਤਰ ਕੋਸ਼ਿਸ਼ਾਂ ਸਦਕਾ 'ਰਬਾਬ' ਨੂੰ ਪੁਨਰ ਸੁਰਜੀਤ ਕੀਤਾ ਗਿਆ ਹੈ।

ਰਬਾਬ ਸਬੰਧੀ ਵਿਚਾਰ ਚਰਚਾ ਤੋਂ ਸਪੱਸ਼ਟ ਹੈ ਕਿ ਰਬਾਬ ਦੇ ਕਾਬਲੀ, ਅਫਗਾਨੀ, ਕਸ਼ਮੀਰੀ ਮੁਖ ਰੂਪ ਪ੍ਰਚਾਰ ਵਿਚ ਰਹੇ। ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਵਿਭਾਗ ਵਲੋਂ ਗੁਰੂ ਘਰ ਦੀ ਗੁਰਮਤਿ ਸੰਗੀਤ ਪਰੰਪਰਾ ਵਿਚ ਪ੍ਰਚਲਿਤ ਰਬਾਬ ਦੀ ਭਾਲ ਦੌਰਾਨ ਫਿਰੰਦੀਆਂ ਰਬਾਬ ਦੀ ਖੋਜ ਕਰਕੇ ਇਸ ਦੇ ਵਿਦਿਆਰਥੀਆਂ ਲਈ ਸੁਵਿਧਾਜਨਕ ਰੂਪ ਤਿਆਰ ਕਰਵਾਏ ਹਨ। ਜਿਹੜੇ ਵੀ ਲੋਕ ਤੰਤੀ ਸਾਜ਼ਾਂ ਤੇ ਖੋਜ ਕਰ ਰਹੇ ਹਨ ਉਹ ਸਾਰੇ ਸਾਡੇ ਸਤਿਕਾਰ ਦੇ ਪਾਤਰ ਹਨ। ਆਓ! ਗੁਰੂ ਘਰ ਦੇ ਤੰਤੀ ਸਾਜ਼ਾਂ ਦਾ ਪ੍ਰਚਾਰ ਕਰੀਏ ਤਾਂ ਜੋ ਰਾਗਾਤਮਕ ਪਰੰਪਰਾ ਲਈ ਉਪਯੁਕਤ ਇਨ੍ਹਾਂ ਤੰਤੀ ਸਾਜ਼ਾਂ ਦੇ ਮਾਧਿਅਮ ਨਾਲ ਰਾਗਾਤਮਕ ਪਰੰਪਰਾ ਨੂੰ ਹੋਰ ਪ੍ਰਫੁੱਲਤ ਕਰ ਸਕੀਏ।

ਰਾਜਨਾਥ ਸਿੰਘ ਨੇ ਲੇਹ ਵਿੱਚ ਜਵਾਨਾਂ ਨਾਲ ਮਨਾਈ ਹੋਲੀ



ਲੇਹ : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਲੇਹ ਵਿੱਚ ਸੈਨਾ ਦੇ ਜਵਾਨਾਂ ਨਾਲ ਹੋਲੀ ਮਨਾਈ ਅਤੇ ਖਰਾਬ ਮੌਸਮੀ ਪ੍ਰਸਥਿਤੀਆਂ ਨਾਲ ਜੂਝਦਿਆਂ ਦੁਸ਼ਮਣਾਂ ਤੋਂ ਦੇਸ਼ ਦੀ ਰੱਖਿਆ ਕਰਨ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ। ਰਾਜਨਾਥ ਸਿੰਘ ਨੇ ਪਹਿਲਾਂ ਦੁਨੀਆ ਦੀ ਸਭ ਤੋਂ ਉੱਚੀ ਰਣਭੂਮੀ ਸਿਆਚਿਨ ਜਾਣਾ ਸੀ ਪਰ ਖਰਾਬ ਮੌਸਮ ਕਾਰਨ ਉਨ੍ਹਾਂ ਦਾ ਦੌਰਾ ਰੱਦ ਕਰ ਦਿੱਤਾ ਗਿਆ ਹੈ। ਉਨ੍ਹਾਂ ਨਾਲ ਥਲ ਸੈਨਾ ਦੇ ਮੁਖੀ ਜਨਰਲ ਮਨੋਜ ਪਾਂਡੇ ਵੀ ਹਾਜ਼ਰ ਸਨ। ਰੱਖਿਆ ਮੰਤਰੀ ਨੇ ਜਵਾਨਾਂ ਦੇ ਮੱਥੇ 'ਤੇ 'ਗੁਲਾਲ' ਲਗਾ ਕੇ ਤਿਲਕ ਕੀਤਾ। ਹੋਲੀ ਮਨਾਉਣ ਮਗਰੋਂ ਸੈਨਿਕਾਂ ਨੂੰ ਸੰਬੋਧਨ ਕਰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਲੱਦਾਖ ਹਿੰਮਤ ਅਤੇ ਬਹਾਦਰੀ ਦੀ ਕੌਮੀ ਰਾਜਧਾਨੀ ਹੈ। ਉਨ੍ਹਾਂ ਕਿਹਾ, "ਜਿਵੇਂ ਦਿੱਲੀ ਸਾਡੀ ਕੌਮੀ ਰਾਜਧਾਨੀ ਹੈ, ਮੁੰਬਈ ਆਰਥਿਕ ਰਾਜਧਾਨੀ ਹੈ ਅਤੇ ਬੰਗਲੂਰੂ ਤਕਨਾਲੋਜੀ ਰਾਜਧਾਨੀ ਹੈ, ਉਸੇ ਤਰ੍ਹਾਂ ਲੱਦਾਖ ਭਾਰਤ ਦੀ ਹਿੰਮਤ ਅਤੇ ਬਹਾਦਰੀ ਦੀ ਰਾਜਧਾਨੀ ਹੈ।" ਰੱਖਿਆ ਮੰਤਰੀ ਨੇ ਕਿਹਾ, "ਜਦੋਂ ਹਰ ਕੋਈ ਖਰਾਬ ਮੌਸਮ ਕਾਰਨ ਆਪਣੇ ਘਰਾਂ ਵਿੱਚ ਰਹਿਣਾ ਚਾਹੁੰਦਾ ਹੈ ਤਾਂ ਤੁਸੀਂ ਅਟੁੱਟ ਇੱਛਾ ਸ਼ਕਤੀ ਨਾਲ ਆਪਣੇ ਦੁਸ਼ਮਣਾਂ ਤੋਂ ਦੇਸ਼ ਦੀ ਰੱਖਿਆ ਕਰਨ ਲਈ ਡਟੇ ਰਹਿੰਦੇ ਹੋ।" ਉਨ੍ਹਾਂ ਕਿਹਾ ਕਿ ਦੇਸ਼ ਫ਼ੌਜੀਆਂ ਦੇ ਸਮਰਪਣ ਅਤੇ ਸੇਵਾ ਲਈ ਹਮੇਸ਼ਾ ਉਨ੍ਹਾਂ ਦਾ ਕਰਜ਼ਦਾਰ ਰਹੇਗਾ। ਰਾਜਨਾਥ ਸਿੰਘ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਤੁਸੀਂ ਸਾਰੇ ਦੁਸ਼ਮਣਾਂ ਤੋਂ ਸਾਡੀ ਰੱਖਿਆ ਕਰਦਿਆਂ ਸਾਡੇ ਲਈ ਰੱਖਿਆ ਕਰਨ ਵਾਲੇ ਪਰਮਾਤਮਾ ਤੋਂ ਘੱਟ ਨਹੀਂ ਹੋ।" ਉਨ੍ਹਾਂ ਹਥਿਆਰਬੰਦ ਬਲਾਂ ਅਤੇ ਉਨ੍ਹਾਂ ਦੇ ਪਰਿਵਾਰ ਦੀ ਭਲਾਈ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਦੀ ਵਚਨਬੱਧਤਾ ਦੁਹਰਾਈ।

ਓਬੀਸੀ ਭਾਈਚਾਰੇ ਲਈ ਯੋਜਨਾਵਾਂ ਜ਼ਮੀਨੀ ਪੱਧਰ 'ਤੇ ਲਿਆਉਣਾ ਹੋਵੇਗੀ ਪਹਿਲ: ਸੰਧੂ

ਅੰਮ੍ਰਿਤਸਰ : ਭਾਜਪਾ ਓ.ਬੀ.ਸੀ ਮੋਰਚਾ ਅੰਮ੍ਰਿਤਸਰ ਵੱਲੋਂ ਜ਼ਿਲ੍ਹਾ ਪ੍ਰਧਾਨ ਅਰਵਿੰਦਰ ਵੜੈਚ ਦੀ ਅਗਵਾਈ ਵਿੱਚ ਜ਼ਿਲ੍ਹਾ ਟੀਮ ਦੇ ਅਹੁਦੇਦਾਰਾਂ ਵੱਲੋਂ ਭਾਜਪਾ ਵਿੱਚ ਸ਼ਾਮਲ ਹੋਏ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਦਾ ਅੱਜ ਸਨਮਾਨ ਕੀਤਾ ਗਿਆ। ਇਸ ਸਮੇਂ ਸ੍ਰੀ ਸੰਧੂ ਨੇ ਕਿਹਾ ਕਿ ਅੰਮ੍ਰਿਤਸਰ ਵਿੱਚ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਪਹਿਲ ਦੇ ਆਧਾਰ 'ਤੇ ਕੰਮ ਕਰਨ ਵਿੱਚ ਹਮੇਸ਼ਾਂ ਪਹਿਲ ਰਹੇਗੀ। ਉਨ੍ਹਾਂ ਕਿਹਾ ਕਿ ਓਬੀਸੀ ਵਰਗ ਦੇ ਨੌਜਵਾਨਾਂ ਦੀ ਸਿੱਖਿਆ ਅਤੇ ਰੁਜ਼ਗਾਰ ਸਬੰਧੀ ਕੇਂਦਰ ਦੀਆਂ ਯੋਜਨਾਵਾਂ ਦੇ ਤਹਿਤ ਮਿਲਣ ਵਾਲੇ ਲਾਭ ਅੰਮ੍ਰਿਤਸਰ ਲੋਕ ਸਭਾ ਅਧੀਨ ਆਉਂਦੇ ਸਾਰੇ ਹਲਕਿਆਂ ਵਿੱਚ ਜ਼ਮੀਨੀ ਪੱਧਰ 'ਤੇ ਲਿਆਂਦੇ ਜਾਣਗੇ। ਜ਼ਿਲ੍ਹਾ ਪ੍ਰਧਾਨ ਅਰਵਿੰਦਰ ਵੜੈਚ ਨੇ ਕਿਹਾ ਕਿ ਭਾਜਪਾ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਭਾਜਪਾ ਓਬੀਸੀ ਮੋਰਚਾ ਪੰਜਾਬ ਦੇ ਪ੍ਰਧਾਨ ਅਮਰਪਾਲ ਸਿੰਘ ਬੋਨੀ ਅਜਨਾਲਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਪਹਿਰਾ ਦਿੰਦੇ ਹੋਏ ਗੁਰੂ ਨਗਰੀ ਵਿੱਚ ਓਬੀਸੀ ਮੋਰਚਾ ਦੇ ਪਰਿਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅੰਮ੍ਰਿਤਸਰ ਵਿੱਚ ਉਤਾਰੇ ਜਾਣ ਵਾਲੇ ਲੋਕ ਸਭਾ ਉਮੀਦਵਾਰ ਨੂੰ ਜਿਤਾਉਣ ਵਿੱਚ ਦਿਨ ਰਾਤ ਇੱਕ ਕਰ ਦੇਣਗੇ। ਇਸ ਮੌਕੇ ਕੰਵਲਜੀਤ ਸਿੰਘ ਬੱਲ, ਹਰਮਿੰਦਰ ਸਿੰਘ ਵੇਰਕਾ, ਧਰਮਵੀਰ ਬਾਵਾ, ਕਮਲ ਸੂਰੀ, ਦੀਪਕ, ਮੁਨੀਸ਼ ਕੁਮਾਰ, ਸੋਨੂ, ਚਾਚਾ ਦਿਆਲ ਸਿੰਘ, ਪਵਿੱਤਰਜੋਤ, ਰਾਮ ਰੂਪ, ਅਵਤਾਰ ਸਿੰਘ, ਜਗਪ੍ਰੀਤ ਸਿੰਘ, ਜਗਤਾਰ ਸਿੰਘ ਭੁੱਲਰ ਤੇ ਰਿੰਕੂ ਆਦਿ ਮੌਜੂਦ ਸਨ।

ਚੀਫ਼ ਖ਼ਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਵੱਲੋਂ ਬਾਲ ਬਸੰਤ ਦਰਬਾਰ

ਅੰਮ੍ਰਿਤਸਰ : ਚੀਫ਼ ਖ਼ਾਲਸਾ ਦੀਵਾਨ ਧਰਮ-ਪ੍ਰਚਾਰ ਕਮੇਟੀ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚੌਕ ਪਰਾਗਦਾਸ ਵਿੱਚ ਬਾਲ ਬਸੰਤ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਪੁਰਾਤਨ ਤੰਤੀ ਸਾਜ਼ਾਂ ਨਾਲ ਰਾਗ ਬਸੰਤ ਵਿੱਚ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਪ੍ਰਧਾਨ ਡਾ. ਨਿੱਜਰ ਅਤੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਅਤੇ ਹੋਰਨਾਂ ਅਹੁਦੇਦਾਰਾਂ ਵੱਲੋਂ ਸੰਗਤਾਂ ਨੂੰ ਹੋਲੇ ਮਹੱਲੇ ਦੇ ਵਧਾਈ ਸੰਦੇਸ਼ ਭੇਜੇ ਗਏ। ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ ਨੇ ਨਵੀਂ ਪੀੜ੍ਹੀ ਨੂੰ ਗੁਰਮਤਿ ਸੰਗੀਤ ਕਲਾ ਅਤੇ ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਗਾਇਣ ਨਾਲ ਜੋੜਨ ਅਤੇ ਪੁਰਾਤਨ ਤੰਤੀ ਸਾਜ਼ਾਂ ਨੂੰ ਮੁੜ ਸੁਰਜੀਤ ਕਰਨ ਲਈ ਧਰਮ ਪ੍ਰਚਾਰ ਕਮੇਟੀ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਤਰਲੋਚਨ ਸਿੰਘ ਅਤੇ ਹਰਮਨਜੀਤ ਸਿੰਘ ਨੇ ਹੋਲੇ ਮਹੱਲੇ ਦੇ ਸ਼ਾਨਦਾਰ ਪਿਛੋਕੜ ਅਤੇ ਮਹੱਤਤਾ 'ਤੇ ਚਾਨਣਾ ਪਾਇਆ। ਦੀਵਾਨ ਪ੍ਰਬੰਧਕਾਂ ਅਤੇ ਮੈਂਬਰਾਂ ਵੱਲੋਂ ਸਾਲ 2023-2024 ਦੌਰਾਨ ਕਰਵਾਏ ਗੁਰਮਤਿ ਸਮਾਗਮਾਂ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਮੈਂਬਰ ਇੰਚਾਰਜ ਸਕੂਲ ਕਮਲਜੀਤ ਸਿੰਘ, ਜਗਦੀਪ ਸਿੰਘ ਨਰੂਲਾ, ਪ੍ਰਦੀਪ ਸਿੰਘ ਵਾਲੀਆ, ਸਰਬਜੀਤ ਸਿੰਘ ਵਾਲੀਆ ਅਤੇ ਪ੍ਰਿੰਸੀਪਲ ਤੇਜਪਾਲ ਕੌਰ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਅਰਵਿੰਦ ਕੇਜਰੀਵਾਲ ਕੋਲ ਨਾ ਕੰਪਿਊਟਰ ਨਾ ਕਾਗਜ਼, ਫਿਰ ਹੁਕਮ ਕਿਵੇਂ ਦਿੱਤਾ ?

ਨਵੀਂ ਦਿੱਲੀ : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸ਼ਰਾਬ ਘੁਟਾਲੇ 'ਚ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਦੀ ਹਿਰਾਸਤ 'ਚ ਹਨ। ਹਾਲਾਂਕਿ ਉਨ੍ਹਾਂ ਨੇ ਅਜੇ ਤੱਕ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਨਹੀਂ ਦਿੱਤਾ ਹੈ ਤੇ ਪਾਰਟੀ ਦਾ ਕਹਿਣਾ ਹੈ ਕਿ ਉਹ ਜੇਲ ਤੋਂ ਹੀ ਸਰਕਾਰ ਚਲਾਉਣਗੇ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਐਤਵਾਰ ਨੂੰ ਇਕ ਆਦੇਸ਼ ਜਾਰੀ ਕੀਤਾ। ਦਿੱਲੀ ਸਰਕਾਰ ਦੇ ਮੰਤਰੀ ਆਤਿਸ਼ੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਜੇਲ ਤੋਂ ਹੁਕਮ ਦਿੱਤਾ ਹੈ ਕਿ ਰਾਜਧਾਨੀ 'ਚ ਨਿਰਵਿਘਨ ਪਾਣੀ ਦੀ ਸਪਲਾਈ ਹੋਣੀ ਚਾਹੀਦੀ ਹੈ ਤੇ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਚਾਹੀਦਾ।

ਕੇਜਰੀਵਾਲ ਨੇ ਕਿਵੇਂ ਦਿੱਤਾ ਪ੍ਰਿੰਟਿਡ ਆਰਡਰ ?

ਹੁਣ ਇਸ 'ਚ ਅਹਿਮ ਗੱਲ ਇਹ ਹੈ ਕਿ ਆਤਿਸ਼ੀ ਵਲੋਂ ਦਿਖਾਇਆ ਗਿਆ ਆਰਡਰ ਪ੍ਰਿੰਟਿਡ ਹੈ। ਅਜਿਹੇ 'ਚ ਇਕ ਵੱਡਾ ਸਵਾਲ ਇਹ ਉੱਠਦਾ ਹੈ ਕਿ ਜੇਕਰ ਅਰਵਿੰਦ ਕੇਜਰੀਵਾਲ ਈ. ਡੀ. ਦੀ ਹਿਰਾਸਤ 'ਚ ਹਨ ਤਾਂ ਉਨ੍ਹਾਂ ਨੇ ਪ੍ਰਿੰਟ ਆਰਡਰ ਕਿਵੇਂ ਦਿੱਤਾ ਕਿਉਂਕਿ ਨਾ ਤਾਂ ਉਨ੍ਹਾਂ ਨੂੰ ਕੋਈ ਕੰਪਿਊਟਰ ਦਿੱਤਾ ਗਿਆ ਹੈ ਤੇ ਨਾ ਹੀ ਕੋਈ ਕਾਗਜ਼ ਮੁਹੱਈਆ ਕਰਵਾਇਆ ਗਿਆ ਹੈ ਤੇ ਪ੍ਰਿੰਟ ਆਰਡਰ ਵੀ। ਇਸ 'ਤੇ ਕੇਜਰੀਵਾਲ ਦੇ ਦਸਤਖ਼ਤ ਹਨ। ਈ. ਡੀ. ਨੇ ਪੂਰੇ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ ਤੇ ਆਪਣੀ ਜਾਂਚ ਵੀ ਸ਼ੁਰੂ ਕਰ ਸਕਦੀ ਹੈ। ਈ. ਡੀ. ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਹੁਕਮਾਂ ਦੀ ਕਾਪੀ ਮੀਡੀਆ 'ਚ ਕਿਵੇਂ ਆਈ ਤੇ ਜਦੋਂ ਕੇਜਰੀਵਾਲ ਕੋਲ ਕੋਈ ਕਾਗਜ਼ ਜਾਂ ਕੰਪਿਊਟਰ ਨਹੀਂ ਹੈ ਤਾਂ ਇਸ ਦੀ ਛਪਾਈ ਕਿਵੇਂ ਹੋਈ ? ਸੀ. ਐੱਮ. ਕੇਜਰੀਵਾਲ ਨੇ ਆਪਣੇ ਆਦੇਸ਼ 'ਚ ਲਿਖਿਆ ਸੀ, "ਮੈਨੂੰ ਪਤਾ ਲੱਗਾ ਹੈ ਕਿ ਦਿੱਲੀ ਦੇ ਇਲਾਕਿਆਂ 'ਚ ਪਾਣੀ ਤੇ ਸੀਵਰੇਜ ਦੀ ਬਹੁਤ ਸਮੱਸਿਆ ਹੈ। ਮੈਂ ਇਸ ਬਾਰੇ ਚਿੰਤਤ ਹਾਂ। ਮੈਂ ਜੇਲ 'ਚ ਹਾਂ, ਇਸ ਕਾਰਨ ਲੋਕਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣੀ ਚਾਹੀਦੀ, ਗਰਮੀਆਂ ਵੀ ਆ ਰਹੀਆਂ ਹਨ ਤੇ ਜਿਥੇ ਪਾਣੀ ਦੀ ਕਮੀ ਹੈ, ਉਚਿਤ ਗਿਣਤੀ 'ਚ ਟੈਂਕਰਾਂ ਦਾ ਪ੍ਰਬੰਧ ਕਰੋ। ਮੁੱਖ ਸਕੱਤਰ ਤੇ ਹੋਰ ਅਧਿਕਾਰੀਆਂ ਨੂੰ ਯੋਗ ਆਦੇਸ਼ ਦੇਣ ਤਾਂ ਜੋ ਜਨਤਾ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਲੋੜ ਪੈਣ 'ਤੇ ਲੈਫਟੀਨੈਂਟ ਗਵਰਨਰ ਤੋਂ ਵੀ ਮਦਦ ਲਓ। ਉਹ ਵੀ ਤੁਹਾਡੀ ਮਦਦ ਜ਼ਰੂਰ ਕਰਨਗੇ।"

ਇਸ ਦੌਰਾਨ ਅਜੇ ਤਾਂ ਕੇਜਰੀਵਾਲ ਈ. ਡੀ. ਦੀ ਹਿਰਾਸਤ 'ਚ ਹਨ ਪਰ ਜੇ ਉਹ ਜੇਲ ਚਲੇ ਗਏ ਤਾਂ ਸਰਕਾਰ ਚਲਾਉਣੀ ਮੁਸ਼ਕਿਲ ਹੋ ਜਾਵੇਗੀ। ਜੇ ਕੇਜਰੀਵਾਲ ਜੇਲ ਜਾਂਦੇ ਹਨ ਤਾਂ ਉਨ੍ਹਾਂ ਲਈ ਵੀ ਆਮ ਕੈਦੀਆਂ ਵਾਂਗ ਨਿਯਮ ਹੋਣਗੇ। ਉਦਾਹਰਣ ਵਜੋਂ ਕੈਦੀ ਨੂੰ ਕਿਸੇ ਵੀ ਕਿਸਮ ਦੀ ਕੋਈ ਫਾਈਲ ਦਸਤਖ਼ਤ ਲਈ ਨਹੀਂ ਭੇਜੀ ਜਾ ਸਕਦੀ। ਕੈਦੀ ਨੂੰ ਮਿਲਣ ਲਈ ਵੀ ਜੇਲ ਪ੍ਰਸ਼ਾਸਨ ਨੂੰ ਨਾਂ ਦੇਣੇ ਪੈਂਦੇ ਹਨ। ਇਜਾਜ਼ਤ ਤੋਂ ਬਾਅਦ ਇਕ ਵਾਰ 'ਚ ਸਿਰਫ਼ 3 ਲੋਕ ਹੀ ਮਿਲ ਸਕਦੇ ਹਨ।

ਕੇਜਰੀਵਾਲ ਦੀ ਗ੍ਰਿਫ਼ਤਾਰੀ ਖ਼ਿਲਾਫ਼ ਪ੍ਰਦਰਸ਼ਨ ਹੋਰ ਵਿਸ਼ਾਲ ਹੋਵੇਗਾ: ਮਾਨ

ਨਵੀਂ ਦਿੱਲੀ : ਇਥੇ ਰਾਜਘਾਟ ਵਿਖੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਾਡਾ ਆਗੂ ਅਰਵਿੰਦ ਕੇਜਰੀਵਾਲ ਹੈ। ਉਨ੍ਹਾਂ ਕਿਹਾ ਇਹ ਸ੍ਰੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਖ਼ਿਲਾਫ਼ ਪ੍ਰਦਰਸ਼ਨ ਹੋਰ ਵਿਸ਼ਾਲ ਹੋਵੇਗਾ ਪਰ ਅਸੀਂ ਡਰਾਂਗੇ ਨਹੀਂ। ਇਹ ਪ੍ਰਦਰਸ਼ਨ ਭਾਰਤੀ ਲੋਕਤੰਤਰ ਬਚਾਉਣ ਲਈ ਹੈ। ਪ੍ਰਦਰਸ਼ਨ ਵਿੱਚ ਕਾਂਗਰਸ ਦੇ ਆਗੂ ਹਾਰੂਨ ਯੂਸਫ਼ ਤੇ ਹੋਰ ਆਗੂ ਸ਼ਾਮਲ ਹੋਏ। ਉਨ੍ਹਾਂ ਐਲਾਨ ਕੀਤਾ ਕਿ ਰਾਜਘਾਟ ਤੋਂ ਪਾਰਟੀ ਦਫ਼ਤਰ ਦੀਨ ਦਿਆਲ ਉਪਾਧਿਆਏ ਮਾਰਗ ਵੱਲ ਮਾਰਚ ਕੀਤਾ ਜਾਵੇਗਾ। ਦਿੱਲੀ ਪ੍ਰਦੇਸ਼ ਭਾਜਪਾ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਮਗਰੋਂ ਕੇਜਰੀਵਾਲ ਖ਼ਿਲਾਫ਼ ਰਾਜਘਾਟ ਵਿਖੇ ਪ੍ਰਦਰਸ਼ਨ ਕੀਤਾ।

ਅਰਵਿੰਦ ਕੇਜਰੀਵਾਲ ਨੂੰ ਦਿੱਲੀ ਹਾਈਕੋਰਟ ਤੋਂ ਕੋਈ ਰਾਹਤ ਨਹੀਂ

ਗ੍ਰਿਫ਼ਤਾਰੀ ਖ਼ਿਲਾਫ਼ ਹੁਣ 3 ਅਪ੍ਰੈਲ ਨੂੰ ਹੋਵੇਗੀ ਸੁਣਵਾਈ

ਨਵੀਂ ਦਿੱਲੀ: ਦਿੱਲੀ ਹਾਈ ਕੋਰਟ ਨੇ ਕਥਿਤ ਸ਼ਰਾਬ ਨੀਤੀ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ (ਕਾਲੇ ਧਨ ਨੂੰ ਚਿੱਟਾ ਕਰਨ ਦੇ) ਮਾਮਲੇ 'ਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਲੋਂ ਉਨ੍ਹਾਂ ਦੀ ਗ੍ਰਿਫਤਾਰੀ ਅਤੇ 6 ਦਿਨਾਂ ਦੇ ਰਿਮਾਂਡ ਨੂੰ ਚੁਨੌਤੀ ਦੇਣ ਵਾਲੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਟੀਸ਼ਨ 'ਤੇ ਅੱਜ ਨੋਟਿਸ ਜਾਰੀ ਕੀਤਾ।

ਹਾਲਾਂਕਿ ਜਸਟਿਸ ਸਵਰਨ ਕਾਂਤਾ ਸ਼ਰਮਾ ਨੇ ਮੌਜੂਦਾ ਮੁੱਖ ਮੰਤਰੀ ਨੂੰ ਫਿਲਹਾਲ ਕੋਈ ਰਾਹਤ ਦੇਣ ਤੋਂ ਇਨਕਾਰ ਕਰ ਦਿਤਾ ਅਤੇ ਤੁਰਤ ਰਿਹਾਈ ਦੀ ਮੰਗ ਕੀਤੀ ਵਾਲੀ ਉਨ੍ਹਾਂ ਦੀ ਅੰਤਰਿਮ ਅਰਜ਼ੀ 'ਤੇ ਨੋਟਿਸ ਜਾਰੀ ਕੀਤਾ। ਹਾਈ ਕੋਰਟ ਨੇ ਗ੍ਰਿਫਤਾਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ 54 ਨੂੰ ਆਪਣਾ ਜਵਾਬ ਦਾਇਰ ਕਰਨ ਲਈ 2 ਅਪ੍ਰੈਲ ਤਕ ਦਾ ਸਮਾਂ ਦਿਤਾ। ਫਿਲਹਾਲ ਕੇਜਰੀਵਾਲ ਜੇਲ੍ਹ 'ਚ ਹੀ ਰਹਿਣਗੇ। ਉਨ੍ਹਾਂ ਦੀ ਅਰਜ਼ੀ 'ਤੇ ਅਗਲੀ ਸੁਣਵਾਈ 3 ਅਪ੍ਰੈਲ ਨੂੰ ਹੋਵੇਗੀ।

ਈ.ਡੀ. ਵਲੋਂ ਪੇਸ਼ ਹੋਏ ਵਧੀਕ ਸਾਲਿਸਿਟਰ ਜਨਰਲ ਐਸ.ਵੀ. ਰਾਜੂ ਨੇ ਕਿਹਾ ਕਿ ਕੇਜਰੀਵਾਲ ਦੇ ਵਕੀਲ ਨੇ ਏਜੰਸੀ ਨੂੰ ਪਟੀਸ਼ਨ ਦੀ ਕਾਪੀ ਨਹੀਂ ਦਿਤੀ। ਉਨ੍ਹਾਂ ਕਿਹਾ ਕਿ ਪਟੀਸ਼ਨ ਆਖਰੀ ਸਮੇਂ 'ਤੇ ਦਿਤੀ ਗਈ ਸੀ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਜਵਾਬ ਦਾਇਰ ਕਰਨ ਅਤੇ ਕੁੱਝ ਤੱਥ ਦੱਸਣ ਦੀ ਜ਼ਰੂਰਤ ਹੈ।

ਜਸਟਿਸ ਸ਼ਰਮਾ ਨੇ ਕਿਹਾ, "ਇਸ ਪੜਾਅ 'ਤੇ ਪਟੀਸ਼ਨਕਰਤਾ (ਕੇਜਰੀਵਾਲ) ਦੀ ਅੰਤਰਿਮ ਰਿਹਾਈ ਦੀ ਅਰਜ਼ੀ 'ਚ ਈ.ਡੀ. ਤੋਂ ਜਵਾਬ ਮੰਗੇ ਬਿਨਾਂ ਮੁੱਖ ਪਟੀਸ਼ਨ ਦਾ ਨਿਪਟਾਰਾ ਹੋਣ ਤਕ ਪਾਸ ਕੀਤਾ ਗਿਆ ਕੋਈ ਵੀ ਹੁਕਮ ਮੁੱਖ ਪਟੀਸ਼ਨ 'ਤੇ ਫੈਸਲਾ ਲੈਣ ਦੇ ਬਰਾਬਰ ਹੋਵੇਗਾ।" ਇਹ ਪਟੀਸ਼ਨ ਸਨਿਚਰਵਾਰ (23 ਮਾਰਚ) ਨੂੰ ਦਾਇਰ ਕੀਤੀ ਗਈ ਸੀ। ਹਾਲਾਂਕਿ ਈ.ਡੀ. ਮੁਤਾਬਕ ਪਟੀਸ਼ਨ ਦੀ ਕਾਪੀ ਉਨ੍ਹਾਂ ਨੂੰ ਮੰਗਲਵਾਰ ਨੂੰ ਹੀ ਦਿਤੀ ਗਈ ਸੀ।

ਕੇਜਰੀਵਾਲ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਕਿਹਾ ਕਿ ਚੁਨੌਤੀ ਉਨ੍ਹਾਂ ਨੂੰ ਰਿਮਾਂਡ 'ਤੇ ਲੈਣ ਦੀ ਹੈ ਅਤੇ ਇਸ ਮਾਮਲੇ 'ਚ ਕਿਸੇ ਜਵਾਬ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਗਿਆ ਸੀ ਕਿ ਸਨਿਚਰਵਾਰ ਨੂੰ ਰਜਿਸਟਰੀ ਬੰਦ ਹੋਣ ਕਾਰਨ ਉਨ੍ਹਾਂ ਲਈ ਪਟੀਸ਼ਨ ਦੀ ਕਾਪੀ ਪਹਿਲਾਂ ਦੇਣਾ ਸੰਭਵ ਨਹੀਂ ਸੀ। ਜਸਟਿਸ ਸ਼ਰਮਾ ਨੇ ਫਿਰ ਸੰਕੇਤ ਦਿਤਾ ਕਿ ਉਹ ਮੁੱਖ ਪਟੀਸ਼ਨ 'ਤੇ ਨੋਟਿਸ ਜਾਰੀ ਕਰੇਗੀ ਅਤੇ ਅੰਤਰਿਮ ਰਾਹਤ 'ਤੇ ਪਟੀਸ਼ਨ ਬਾਰੇ ਹੁਕਮ ਪਾਸ ਕਰਨਗੇ। ਜ਼ਿਕਰਯੋਗ ਹੈ ਕਿ ਕੇਜਰੀਵਾਲ ਦੀ ਰਿਮਾਂਡ ਸ਼ੁਕਰਵਾਰ ਨੂੰ ਖਤਮ ਹੋ ਰਹੀ ਹੈ ਅਤੇ ਉਨ੍ਹਾਂ ਨੂੰ ਸ਼ਹਿਰ ਦੀ ਰਾਊਜ਼ ਐਵੇਨਿਊ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।

ਕਿਸੇ ਵੀ ਅੰਤਰਿਮ ਰਾਹਤ ਤੋਂ ਇਨਕਾਰ ਕਰਦਿਆਂ ਅਦਾਲਤ ਨੇ ਕਿਹਾ ਕਿ ਇਸ ਸਿੱਟੇ 'ਤੇ ਪਹੁੰਚਣ ਲਈ ਕਿ ਕੇਜਰੀਵਾਲ ਤੁਰਤ ਰਿਹਾਈ ਦੇ ਹੱਕਦਾਰ ਹਨ ਜਾਂ ਨਹੀਂ, ਉਸ ਨੂੰ ਮੁੱਖ ਪਟੀਸ਼ਨ 'ਚ ਉਠਾਏ ਗਏ ਮੁੱਦਿਆਂ 'ਤੇ ਫੈਸਲਾ ਕਰਨਾ ਹੋਵੇਗਾ।

ਬੈਂਚ ਨੇ ਅੱਗੇ ਕਿਹਾ ਕਿ ਹਿਰਾਸਤ ਤੋਂ ਰਿਹਾਈ ਦਾ ਕੋਈ ਵੀ ਹੁਕਮ ਕੇਜਰੀਵਾਲ ਨੂੰ ਜ਼ਮਾਨਤ ਜਾਂ ਅੰਤਰਿਮ ਜ਼ਮਾਨਤ 'ਤੇ ਵਧਾਉਣ ਦੇ ਬਰਾਬਰ ਹੋਵੇਗਾ ਅਤੇ ਸੰਵਿਧਾਨ ਦੀ ਧਾਰਾ 226 ਦੇ ਤਹਿਤ ਅਦਾਲਤ ਦਾ ਰਿੱਟ ਅਧਿਕਾਰ ਖੇਤਰ ਸੀਆਰਪੀਸੀ ਦੀ ਧਾਰਾ 439 ਦੇ ਤਹਿਤ ਜ਼ਮਾਨਤ ਦੇ ਉਪਾਅ ਦਾ ਬਦਲ ਨਹੀਂ ਹੈ।

'ਇੰਡੀਆ' ਗੱਠਜੋੜ ਵੱਲੋਂ ਦਿੱਲੀ ਵਿੱਚ ਮਹਾ ਰੈਲੀ 31 ਨੂੰ

ਕੇਜਰੀਵਾਲ ਦੀ ਗ੍ਰਿਫ਼ਤਾਰੀ ਮਗਰੋਂ ਇਕਜੁੱਟ ਹੋਈ ਵਿਰੋਧੀ ਧਿਰ

ਨਵੀਂ ਦਿੱਲੀ : ਵਿਰੋਧੀ ਧਿਰ 'ਇੰਡੀਆ' ਗਠਜੋੜ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰਨ ਲਈ 31 ਮਾਰਚ ਨੂੰ ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ ਇੱਕ 'ਮਹਾ ਰੈਲੀ' ਕੀਤੀ ਜਾਵੇਗੀ। 'ਇੰਡੀਆ' ਬਲਾਕ ਦੀ ਸਹਿਯੋਗੀ ਕਾਂਗਰਸ ਅਤੇ 'ਆਪ' ਨੇ ਦੇਸ਼ ਦੇ ਹਿੱਤਾਂ ਅਤੇ ਲੋਕਤੰਤਰ ਬਚਾਉਣ ਲਈ ਸਾਂਝੇ ਤੌਰ 'ਤੇ ਰੈਲੀ ਕਰਨ ਦਾ ਐਲਾਨ ਕੀਤਾ। 'ਆਪ' ਨੇਤਾ ਗੋਪਾਲ ਰਾਏ ਨੇ ਐਤਵਾਰ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, "ਅਸੀਂ ਦੇਸ਼ ਵਿਚ ਜੋ ਕੁਝ ਹੋ ਰਿਹਾ ਹੈ ਉਸ ਖ਼ਿਲਾਫ਼ 31 ਮਾਰਚ ਨੂੰ ਰਾਮਲੀਲਾ ਮੈਦਾਨ ਵਿਚ ਮਹਾ ਰੈਲੀ ਕਰਾਂਗੇ। ਲੋਕਤੰਤਰ ਅਤੇ ਦੇਸ਼ ਖਤਰੇ ਵਿੱਚ ਹੈ ਅਤੇ ਸਾਰੀਆਂ ਪਾਰਟੀਆਂ ਇਸ ਦੀ ਰੱਖਿਆ ਲਈ ਇਕਜੁੱਟ ਹੋਣਗੀਆਂ।" ਉਨ੍ਹਾਂ ਕਿਹਾ ਕਿ ਰੈਲੀ 'ਚ 'ਇੰਡੀਆ' ਗੱਠਜੋੜ ਦੀ ਸਿਖਰਲੀ ਲੀਡਰਸ਼ਿਪ ਵੀ ਸ਼ਮੂਲੀਅਤ ਕਰੇਗੀ। ਪ੍ਰੈੱਸ ਕਾਨਫਰੰਸ ਦੌਰਾਨ ਮੌਜੂਦ ਕਾਂਗਰਸ ਦੀ ਦਿੱਲੀ ਇਕਾਈ ਦੇ ਮੁਖੀ ਅਰਵਿੰਦਰ ਸਿੰਘ ਲਵਲੀ ਨੇ ਆਪਣੀ ਪਾਰਟੀ ਦੇ ਖਾਤੇ ਬੰਦ ਕੀਤੇ ਜਾਣ ਅਤੇ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਵਿਰੋਧੀ ਧਿਰਾਂ ਨੂੰ ਸਰਕਾਰ ਦੇ ਅਢੁੱਕਵੇਂ ਰਵੱਈਏ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਵਲੀ ਨੇ ਕਿਹਾ, "31 ਮਾਰਚ ਦੀ ਮਹਾ ਰੈਲੀ ਸਿਰਫ਼ ਸਿਆਸੀ ਹੀ ਨਹੀਂ ਹੋਵੇਗੀ, ਸਗੋਂ ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਅਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਰੁੱਧ ਆਵਾਜ਼ ਉਠਾਉਣ ਦਾ ਸੱਦਾ ਹੋਵੇਗੀ।" ਮਹਾ ਰੈਲੀ ਦਾ ਐਲਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਮਗਰੋਂ ਹੋਇਆ ਹੈ।

ਕੇਜਰੀਵਾਲ ਨੇ ਹਿਰਾਸਤ 'ਚੋਂ ਹੀ ਦਿੱਤੇ ਪਾਣੀ ਦੀ ਸਮੱਸਿਆ ਦੇ ਹੱਲ ਦੇ ਨਿਰਦੇਸ਼

ਮੰਤਰੀ ਆਤਿਸ਼ੀ ਨੂੰ ਲੋਕਾਂ ਦੀਆਂ ਪਾਣੀ ਤੇ ਸੀਵਰੇਜ ਨਾਲ ਸਬੰਧਤ ਮੁਸ਼ਕਲਾਂ ਹੱਲ ਕਰਨ ਦੀ ਹਦਾਇਤ

ਨਵੀਂ ਦਿੱਲੀ : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਈਡੀ ਦੀ ਹਿਰਾਸਤ ਵਿੱਚ ਰਹਿੰਦਿਆਂ ਰਾਸ਼ਟਰੀ ਰਾਜਧਾਨੀ ਦੇ ਕੁਝ ਹਿੱਸਿਆਂ ਵਿੱਚ ਪਾਣੀ ਅਤੇ ਸੀਵਰੇਜ ਦੇ ਮੁੱਦਿਆਂ ਬਾਰੇ ਪਹਿਲਾ ਨਿਰਦੇਸ਼ ਜਾਰੀ ਕੀਤਾ। ਇਸ ਨਿਰਦੇਸ਼ ਨਾਲ ਕੇਜਰੀਵਾਲ ਨੇ ਹਿਰਾਸਤ ਵਿੱਚੋਂ ਹੀ ਅਸਿੱਧੇ ਤੌਰ 'ਤੇ ਸਰਕਾਰ ਚਲਾਉਣੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਜਲ ਮੰਤਰੀ ਆਤਿਸ਼ੀ ਨੂੰ ਸ਼ਹਿਰ ਦੇ ਕੁਝ ਇਲਾਕਿਆਂ 'ਚ ਪਾਣੀ ਅਤੇ ਸੀਵਰੇਜ ਨਾਲ ਸਬੰਧਤ ਸਮੱਸਿਆਵਾਂ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਆਤਿਸ਼ੀ ਨੇ ਪ੍ਰੈੱਸ ਕਾਨਫਰੰਸ ਕਰਕੇ ਦੱਸਿਆ ਕਿ ਉਨ੍ਹਾਂ ਨੂੰ ਸ਼ਨਿਚਰਵਾਰ ਨੂੰ ਦੇਰੀ ਨਾਲ ਕੇਜਰੀਵਾਲ ਤੋਂ ਨਿਰਦੇਸ਼ ਮਿਲੇ ਹਨ। 'ਆਪ ਖੁਦ ਮੁਸ਼ਕਲ 'ਚ ਘਿਰੇ ਹੋਣ ਦੇ ਬਾਵਜੂਦ ਕੇਜਰੀਵਾਲ ਦੀ ਦਿੱਲੀ ਦੇ ਲੋਕਾਂ ਪ੍ਰਤੀ ਵਚਨਬੱਧਤਾ ਨੂੰ ਦੇਖ ਕੇ ਮੇਰੀਆਂ ਅੱਖਾਂ ਵਿੱਚ ਹੰਝੂ ਆ ਗਏ। ਕੇਜਰੀਵਾਲ ਨੂੰ ਈਡੀ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਮਗਰੋਂ ਉਨ੍ਹਾਂ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਨਹੀਂ ਦਿੱਤਾ ਹੈ ਅਤੇ ਆਖਿਆ ਜਾ ਰਿਹਾ ਹੈ ਕਿ ਉਹ ਜੇਲ੍ਹ 'ਚੋਂ ਹੀ ਸਰਕਾਰ ਚਲਾਉਣਗੇ। ਹੁਣ ਉਨ੍ਹਾਂ ਵੱਲੋਂ ਜਾਰੀ ਨਿਰਦੇਸ਼ਾਂ ਤੋਂ ਇਹ ਸਪੱਸ਼ਟ ਜਾਪਦਾ ਹੈ ਕਿ ਉਹ ਈਡੀ ਦੀ ਹਿਰਾਸਤ 'ਚ ਵੀ ਸਰਕਾਰ ਚਲਾਉਂਦੇ ਰਹਿਣਗੇ। ਆਤਿਸ਼ੀ ਨੇ ਦੱਸਿਆ ਕਿ ਕੇਜਰੀਵਾਲ ਨੇ ਗਰਮੀਆਂ ਦੇ ਨੇੜੇ ਆਉਂਦੇ ਹੀ ਪਾਣੀ ਦੀ ਘਾਟ ਦਾ ਸਾਹਮਣਾ ਕਰ ਰਹੇ ਇਲਾਕਿਆਂ ਵਿੱਚ ਵਾਧੂ ਪਾਣੀ ਦੇ ਟੈਂਕਰ ਭੇਜਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਮੁੱਖ ਸਕੱਤਰ ਅਤੇ ਹੋਰ ਅਧਿਕਾਰੀਆਂ ਇਸ ਬਾਰੇ ਨਿਰਦੇਸ਼ ਜਾਰੀ ਕਰਨ ਦੀ ਹਦਾਇਤ ਕੀਤੀ ਹੈ। ਆਤਿਸ਼ੀ ਮੁਤਾਬਕ ਕੇਜਰੀਵਾਲ ਨੇ ਇਹ ਵੀ ਕਿਹਾ ਹੈ ਕਿ ਲੋੜ ਪੈਣ 'ਤੇ ਉਪ ਰਾਜਪਾਲ ਵੀ ਕੇ ਸਕਸੈਨਾ ਤੋਂ ਵੀ ਸਹਾਇਤਾ ਲਈ ਜਾਵੇ। ਕੇਜਰੀਵਾਲ ਨੇ ਉਮੀਦ ਜ਼ਾਹਿਰ ਕੀਤੀ ਹੈ ਕਿ ਅਧਿਕਾਰੀ ਸਮੱਸਿਆ ਦੇ ਹੱਲ ਲਈ ਪੂਰਾ ਸਹਿਯੋਗ ਦੇਣਗੇ। ਆਤਿਸ਼ੀ ਨੇ 'ਐਕਸ' 'ਤੇ ਲਿਖਿਆ, "ਅਰਵਿੰਦ ਕੇਜਰੀਵਾਲ ਆਪਣੇ ਆਪ ਨੂੰ ਸਿਰਫ਼ ਦਿੱਲੀ ਦੇ ਲੋਕਾਂ ਦਾ ਮੁੱਖ ਮੰਤਰੀ ਨਹੀਂ ਸਮਝਦੇ, ਉਹ ਦਿੱਲੀ ਦੇ ਹਰ ਵਸਨੀਕ ਨੂੰ ਆਪਣੇ ਪਰਿਵਾਰ ਦਾ ਮੈਂਬਰ ਸਮਝਦੇ ਹਨ। ਇਸ ਲਈ ਇੱਕ ਪੁੱਤਰ, ਇੱਕ ਵੱਡਾ ਭਰਾ, ਹਿਰਾਸਤ ਵਿੱਚ ਹੋਣ ਦੇ ਬਾਵਜੂਦ ਵੀ ਉਹ 24 ਘੰਟੇ ਚਿੰਤਤ ਹਨ। ਦਿੱਲੀ ਦੇ 2 ਕਰੋੜ ਲੋਕ ਉਨ੍ਹਾਂ ਦਾ ਪਰਿਵਾਰ ਹੈ, ਉਹ ਸਿਰਫ ਦਿੱਲੀ ਦੇ ਲੋਕਾਂ ਬਾਰੇ ਸੋਚਦੇ ਹਨ।" ਆਤਿਸ਼ੀ ਨੇ ਕਿਹਾ ਕਿ ਕੇਜਰੀਵਾਲ ਮੰਤਰੀਆਂ ਅਤੇ ਵਿਧਾਇਕਾਂ ਨੂੰ ਦਿੱਤੇ ਕੰਮਾਂ ਉਪਰ ਨਿਗਰਾਨੀ ਕਰਦੇ ਆਏ ਹਨ ਅਤੇ ਹੁਣ ਵੀ ਉਨ੍ਹਾਂ ਦਾ ਪੂਰਾ ਧਿਆਨ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੀਤੇ ਦਿਨੀਂ ਕਿਹਾ ਸੀ ਕਿ ਕੇਜਰੀਵਾਲ ਦੇ ਜੇਲ੍ਹ 'ਚੋਂ ਸਰਕਾਰ ਚਲਾਉਣ ਲਈ ਪ੍ਰਬੰਧ ਦੇਖੇ ਜਾਣਗੇ।

ਪੰਜਾਬ ਵਿੱਚ ਇਕੱਲਿਆਂ ਚੋਣ ਲੜੇਗੀ ਭਾਜਪਾ

ਸੀਟਾਂ ਦੀ ਵੰਡ ਉਤੇ ਪੇਚ ਫਸਣ ਕਾਰਨ ਅਕਾਲੀ ਦਲ ਨਾਲ ਨਾ ਹੋਇਆ ਗੱਠਜੋੜ

* ਜਾਖੜ ਵੱਲੋਂ ਸਾਰੀਆਂ 13 ਸੀਟਾਂ ਤੋਂ ਉਮੀਦਵਾਰ ਉਤਾਰਨ ਦਾ ਐਲਾਨ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵਿਚਾਲੇ ਸੀਟਾਂ ਦੀ ਵੰਡ ਨੂੰ ਲੈ ਕੇ ਗੱਲ ਕਿਸੇ ਤਣ-ਪੱਤਣ ਨਾ ਲੱਗਣ ਮਗਰੋਂ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ ਇਕੱਲਿਆਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਸਾਲ 1998 ਤੋਂ ਬਾਅਦ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਲੋਕ ਸਭਾ ਚੋਣਾਂ 'ਚ ਇੱਕ-ਦੂਜੇ ਦੇ ਸਾਹਮਣੇ ਹੋਣਗੇ। ਇਸ ਮਗਰੋਂ ਦੋਵਾਂ ਪਾਰਟੀਆਂ ਨੇ ਚੋਣਾਂ ਲਈ ਸਰਗਰਮੀਆਂ ਵਿੱਢ ਦਿੱਤੀਆਂ ਹਨ। ਸ਼੍ਰੋਮਣੀ ਅਕਾਲੀ ਦਲ ਨੇ 1 ਅਤੇ 2 ਅਪਰੈਲ ਨੂੰ ਮੁੱਖ ਦਫਤਰ 'ਚ ਆਗੂਆਂ ਦੀਆਂ ਹਲਕਾਵਾਰ ਮੀਟਿੰਗਾਂ ਕਰਨ ਦਾ ਫ਼ੈਸਲਾ ਕੀਤਾ ਹੈ। 'ਪੰਜਾਬ ਬਚਾਓ ਯਾਤਰਾ' ਵਿੱਚ ਤਬਦੀਲੀ ਕਰਦਿਆਂ ਹੁਣ 5 ਤੋਂ 12 ਅਪਰੈਲ ਤੱਕ ਯਾਤਰਾ ਉਲੀਕੀ ਗਈ ਹੈ। ਦੂਜੇ ਪਾਸੇ ਭਾਜਪਾ ਦੀ ਸੂਬਾਈ ਲੀਡਰਸ਼ਿਪ ਨੇ 28 ਮਾਰਚ ਨੂੰ ਕੋਰ ਕਮੇਟੀ ਦੀ ਮੀਟਿੰਗ ਬੁਲਾ ਲਈ ਹੈ ਜਿਸ ਵਿੱਚ ਪੰਜਾਬ ਮਾਮਲਿਆਂ ਦੇ ਇੰਚਾਰਜ ਵਿਜੈ ਰੂਪਾਨੀ ਵੀ ਸ਼ਾਮਿਲ ਹੋਣਗੇ। ਇਸ ਮੀਟਿੰਗ ਵਿੱਚ ਸੰਭਾਵੀ ਉਮੀਦਵਾਰਾਂ ਦੇ ਨਾਵਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾਣਗੀਆਂ। ਪਤਾ ਲੱਗਾ ਹੈ ਕਿ ਅੱਜ ਕੇਂਦਰੀ ਲੀਡਰਸ਼ਿਪ ਤੋਂ ਤੋੜ ਵਿਛੋੜੇ ਲਈ ਝੰਡੀ ਮਿਲਣ ਮਗਰੋਂ ਸੁਨੀਲ ਜਾਖੜ ਨੇ ਐਲਾਨ ਕੀਤਾ ਕਿ ਭਾਜਪਾ ਪੰਜਾਬ 'ਚ ਇਕੱਲਿਆਂ ਚੋਣਾਂ ਲੜੇਗੀ। ਉਨ੍ਹਾਂ ਦੱਸਿਆ ਕਿ ਪਾਰਟੀ ਆਗੂਆਂ, ਵਰਕਰਾਂ ਅਤੇ ਆਮ ਲੋਕਾਂ ਤੋਂ ਮਸ਼ਵਰਾ ਲੈਣ ਮਗਰੋਂ ਇਹ ਫ਼ੈਸਲਾ ਲਿਆ ਗਿਆ ਹੈ। ਜਾਖੜ ਨੇ ਕਿਹਾ ਕਿ ਪੰਜਾਬ 'ਚ ਅਮਨ-ਸ਼ਾਂਤੀ ਅਤੇ ਸੂਬੇ ਦੇ ਸੁਨਹਿਰੀ ਭਵਿੱਖ ਲਈ ਭਾਜਪਾ ਨੇ ਇਹ ਫ਼ੈਸਲਾ ਕੀਤਾ ਹੈ। ਉਨ੍ਹਾਂ ਲੰਘੇ ਦਸ ਸਾਲਾਂ ਦੌਰਾਨ ਕਿਸਾਨਾਂ ਦੀਆਂ ਫਸਲਾਂ ਖਰੀਦੇ ਜਾਣ ਅਤੇ ਕਰਤਾਰਪੁਰ ਲਾਂਘਾ ਖੋਲ੍ਹੇ ਜਾਣ ਨੂੰ ਪਾਰਟੀ ਦੀ ਪ੍ਰਾਪਤੀ ਵਜੋਂ ਪੇਸ਼ ਕੀਤਾ। ਜਾਖੜ ਨੇ ਕਿਹਾ ਕਿ ਸਰਹੱਦੀ ਸੂਬੇ ਦੇ ਹਿੱਤ ਵਿਚ ਲਿਆ ਇਹ ਫੈਸਲਾ ਪਹਿਲੀ ਜੂਨ ਨੂੰ ਭਾਜਪਾ ਦੀ ਮਜ਼ਬੂਤੀ ਬਣੇਗਾ। ਦੱਸਣਯੋਗ ਹੈ ਕਿ ਤਿੰਨ ਖੇਤੀ ਕਾਨੂੰਨਾਂ ਦੇ ਮਾਮਲੇ 'ਚ ਸ਼੍ਰੋਮਣੀ ਅਕਾਲੀ ਦਲ ਨੇ ਐੱਨਡੀਏ 'ਚੋਂ ਬਾਹਰ ਆਉਣ ਦਾ ਫ਼ੈਸਲਾ 2020 ਵਿਚ ਕੀਤਾ ਸੀ। ਸ਼੍ਰੋਮਣੀ ਅਕਾਲੀ ਦਲ ਨੇ 22 ਮਾਰਚ ਨੂੰ ਕੋਰ ਕਮੇਟੀ ਦੀ ਮੀਟਿੰਗ ਵਿਚ ਆਪਣਾ ਪੈਂਤੜਾ ਭਾਜਪਾ ਨੂੰ ਸਪੱਸ਼ਟ ਕਰ ਦਿੱਤਾ ਸੀ। ਅਕਾਲੀ ਲੀਡਰਸ਼ਿਪ ਦਾ ਇੱਕ ਹਿੱਸਾ ਭਾਜਪਾ ਵੱਲੋਂ ਲਗਾਤਾਰ ਕੀਤੀ ਜਾ ਰਹੀ ਅਣਦੇਖੀ ਤੋਂ ਨਾਰਾਜ਼ ਸੀ। ਬੰਦੀ ਸਿੰਘਾਂ ਦੇ ਮਾਮਲੇ 'ਤੇ ਬਣੀ ਕਮੇਟੀ ਨੂੰ ਕੇਂਦਰ ਸਰਕਾਰ ਵੱਲੋਂ ਸਮਾਂ ਨਾ ਦੇਣਾ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀਆਂ ਚਿੱਠੀਆਂ ਦਾ ਕੋਈ ਜੁਆਬ ਨਾ ਦੇਣ ਤੋਂ ਅਕਾਲੀ ਸਫ਼ਾਂ ਨਾਰਾਜ਼ ਸਨ। ਸ਼੍ਰੋਮਣੀ ਅਕਾਲੀ ਦਲ ਨੂੰ ਇਹ ਜਾਪਦਾ ਸੀ ਕਿ ਕਿਸਾਨੀ ਅਤੇ ਪੰਥਕ ਹਿੱਤਾਂ ਨੂੰ ਨਜ਼ਰਅੰਦਾਜ਼ ਕਰਕੇ ਗੱਠਜੋੜ ਕਰਨ ਨਾਲ ਨੁਕਸਾਨ ਹੋ ਸਕਦਾ ਹੈ। ਭਾਜਪਾ ਇਸ ਦਮ 'ਤੇ ਕੁੱਦ ਰਹੀ ਹੈ ਕਿ ਰਾਮ ਮੰਦਰ ਅਤੇ ਪ੍ਰਧਾਨ ਮੰਤਰੀ ਦੇ ਵਿਕਾਸ ਕੰਮਾਂ ਕਰਕੇ ਚੋਣਾਂ ਵਿਚ ਜ਼ਿਆਦਾ ਸਮਰਥਨ ਮਿਲੇਗਾ। ਇਸੇ ਦੌਰਾਨ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਪਾਰਟੀ ਨੇ ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ ਇਕੱਲੇ ਚੋਣ ਲੜਨ ਦਾ ਫੈਸਲਾ ਕੀਤਾ ਹੈ ਜਿਨ੍ਹਾਂ 'ਤੇ ਜਿੱਤ ਹੋਣ ਦਾ ਪੂਰਨ ਯਕੀਨ ਹੈ। ਸੂਤਰਾਂ ਅਨੁਸਾਰ ਗੱਠਜੋੜ 'ਚ ਮੁੱਖ ਪੇਚ ਸੀਟਾਂ ਦੀ ਵੰਡ ਨੂੰ ਲੈ ਕੇ ਫਸਿਆ ਹੋਇਆ ਸੀ। ਭਾਜਪਾ ਨੇ ਛੇ ਸੀਟਾਂ ਦੀ ਮੰਗ ਕੀਤੀ ਜਦਕਿ ਅਕਾਲੀ ਦਲ ਚਾਰ ਸੀਟਾਂ ਦੀ ਪੇਸ਼ਕਸ਼ ਕਰ ਰਿਹਾ ਸੀ।

ਅਸੂਲਾਂ ਨਾਲ ਕੋਈ ਸਮਝੌਤਾ ਨਹੀਂ: ਸੁਖਬੀਰ ਬਾਦਲ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਵਲੋਂ ਬੀਤੇ ਦਿਨੀਂ ਕੋਰ ਕਮੇਟੀ ਦੀ ਹੋਈ ਮੀਟਿੰਗ ਦੌਰਾਨ ਭਾਵੇਂ ਕੁੱਝ ਪੰਥਕ ਮੁੱਦਿਆਂ ਦਾ ਜ਼ਿਕਰ ਕਰਦਿਆਂ ਚੋਣਾਂ ਲਈ ਇਨ੍ਹਾਂ ਮੁੱਦਿਆਂ 'ਤੇ ਪਹਿਰਾ ਦੇਣ ਦੀ ਗੱਲ ਆਖੀ ਗਈ ਸੀ ਲੇਕਿਨ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਵਲੋਂ ਉਸ ਤੋਂ ਅੱਗੇ ਵਧਦਿਆਂ ਸਪਸ਼ਟ ਤੌਰ 'ਤੇ ਵੱਖਰੇ ਤੌਰ 'ਤੇ ਚੋਣ ਲੜਨ ਦਾ ਜਿਵੇਂ ਐਲਾਨ ਕਰ ਦਿੱਤਾ ਗਿਆ ਹੈ, ਉਹ ਸਿਆਸੀ ਹਲਕਿਆਂ ਲਈ ਵੀ ਹੈਰਾਨੀ ਵਾਲਾ ਹੈ। ਅਕਾਲੀ ਦਲ ਵਲੋਂ ਸਪਸ਼ਟ ਤੌਰ 'ਤੇ ਹੁਣ ਤੱਕ ਭਾਜਪਾ ਨਾਲ ਗੱਠਜੋੜ ਨਾ ਕਰਨ ਦੀ ਕੋਈ ਗੱਲ ਨਹੀਂ ਕੀਤੀ ਗਈ ਸੀ। ਪ੍ਰੰਤੂ ਭਾਜਪਾ ਨੇ ਅੱਜ ਸਪਸ਼ਟ ਕਰ ਦਿੱਤਾ ਹੈ ਕਿ ਉਹ ਬਿਨ੍ਹਾਂ ਕਿਸੇ ਗੱਠਜੋੜ ਦੇ ਹੀ ਚੋਣ ਲੜਨ ਜਾ ਰਹੀ ਹੈ। ਪਿਛਲੇ ਕਾਫ਼ੀ ਲੰਮੇ ਸਮੇਂ ਬਾਅਦ ਅਕਾਲੀ ਦਲ ਅਤੇ ਭਾਜਪਾ ਪਹਿਲੀ ਵਾਰ ਵੱਖੋ ਵੱਖ ਚੋਣ ਮੈਦਾਨ 'ਚ ਕੁੱਦ ਰਹੇ ਹਨ ਅਤੇ ਦੋਵਾਂ ਪਾਰਟੀਆਂ ਲਈ ਵੀ ਇਹ ਇਮਤਿਹਾਨ ਦੀ ਘੜੀ ਹੋਵੇਗੀ ਕਿਉਂਕਿ ਇਹ ਚੋਣ ਦੋਵਾਂ ਪਾਰਟੀਆਂ ਦੇ ਪੰਜਾਬ 'ਚ ਸਮਰਥਨ ਨੂੰ ਸਪਸ਼ਟ ਕਰ ਦੇਵੇਗੀ। ਉਧਰ ਪੰਜਾਬ ਭਾਜਪਾ ਪ੍ਰਧਾਨ ਦੇ ਬਿਆਨ 'ਤੇ ਪ੍ਰਤੀਕਰਮ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਸਿਰਫ਼ ਅੰਕੜਿਆਂ ਦੀ ਖੇਡ 'ਚ ਨਹੀਂ ਉਲਝਦੀ ਬਲਕਿ ਉਨ੍ਹਾਂ ਲਈ ਪੰਜਾਬ ਤੇ ਖ਼ਾਲਸਾ ਪੰਥ ਲਈ ਦ੍ਰਿਸ਼ਟੀਕੋਣ ਤੇ ਸੋਚ ਸਭ ਤੋਂ ਉਪਰ ਹੈ। ਉਨ੍ਹਾਂ ਕਿਹਾ ਕਿ ਸਾਡੇ ਲਈ ਅੰਕੜੇ ਮਾਇਨੇ ਨਹੀਂ ਰੱਖਦੇ ਬਲਕਿ ਸਾਡੇ ਲਈ ਸਾਡੇ ਆਦਰਸ਼ ਤੇ ਟੀਚੇ ਸਭ ਤੋਂ ਉਪਰ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਕੋਰ ਕਮੇਟੀ ਨੇ ਕੁਝ ਦਿਨ ਪਹਿਲਾਂ ਆਪਣੀ ਮੀਟਿੰਗ ਵਿਚ ਸਪਸ਼ਟ ਕੀਤਾ ਸੀ ਕਿ ਕੌਮੀ ਪਾਰਟੀਆਂ ਦਿੱਲੀ ਤੋਂ ਚੱਲਦੀਆਂ ਹਨ ਪਰ ਅਕਾਲੀ ਦਲ ਪੰਜਾਬ ਵਿਚ ਡੂੰਘੀਆਂ ਜੜ੍ਹਾਂ ਵਾਲੀ ਖੇਤਰੀ ਪਾਰਟੀ ਹੈ ਜੋ ਪੰਥਕ ਆਦਰਸ਼ਾਂ ਮੁਤਾਬਿਕ ਚੱਲਦੀ ਹੈ ਤੇ ਅਸੀਂ ਸਰਬੱਤ ਦੇ ਭਲੇ 'ਚ ਯਕੀਨ ਰੱਖਦੇ ਹਾਂ।

ਲੁਧਿਆਣਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਭਾਜਪਾ 'ਚ ਸ਼ਾਮਲ

ਸੂਬਾਈ ਲੀਡਰਸ਼ਿਪ ਨੇ ਸ਼ਮੂਲੀਅਤ ਸਮੇਂ ਬਣਾਈ ਦੂਰੀ

ਨਵੀਂ ਦਿੱਲੀ : ਲੁਧਿਆਣਾ ਤੋਂ ਕਾਂਗਰਸੀ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਭਾਜਪਾ ਹੈੱਡਕੁਆਰਟਰ ਵਿਖੇ ਪਾਰਟੀ 'ਚ ਸ਼ਾਮਲ ਹੋ ਗਏ। ਬਿੱਟੂ ਭਾਜਪਾ ਜਨਰਲ ਸਕੱਤਰ ਵਿਨੋਦ ਤਾਵੜੇ ਦੀ ਮੌਜੂਦਗੀ ਵਿਚ ਪਾਰਟੀ 'ਚ ਸ਼ਾਮਿਲ ਹੋਏ। ਹਾਲਾਂਕਿ ਪੰਜਾਬ ਪ੍ਰਦੇਸ਼ ਭਾਜਪਾ ਪ੍ਰਧਾਨ ਸੁਨੀਲ ਜਾਖੜ ਅਤੇ ਨਾ ਹੀ ਕੋਈ ਹੋਰ ਸੂਬਾਈ ਨੇਤਾ ਬਿੱਟੂ ਦੀ ਸ਼ਮੂਲੀਅਤ ਸਮੇਂ ਨਾਲ ਮੌਜੂਦ ਸੀ। ਕਾਂਗਰਸ ਹਲਕਿਆਂ ਮੁਤਾਬਿਕ ਬਿੱਟੂ ਪਿਛਲੇ ਤਕਰੀਬਨ ਇਕ ਮਹੀਨੇ ਤੋਂ ਭਾਜਪਾ ਆਗੂਆਂ ਨਾਲ ਸੰਪਰਕ 'ਚ ਸਨ। ਰਾਹੁਲ ਗਾਂਧੀ ਦੇ ਕਰੀਬੀ ਮੰਨੇ ਜਾਂਦੇ ਬਿੱਟੂ ਦੀ ਆਪਣੀ ਲੋਕ ਸਭਾ ਹਲਕੇ 'ਚ ਘੱਟ ਮੌਜੂਦਗੀ ਨੂੰ ਲੈ ਕੇ ਕਾਂਗਰਸ ਦੇ ਸੂਬਾਈ ਨੇਤਾਵਾਂ 'ਚ ਕਾਫ਼ੀ ਨਾਰਾਜ਼ਗੀ ਮੰਨੀ ਜਾ ਰਹੀ ਸੀ। ਹਲਕਿਆਂ ਮੁਤਾਬਿਕ ਬਿੱਟੂ ਨੂੰ ਕਾਂਗਰਸ ਵਲੋਂ ਟਿਕਟ ਮਿਲਣ ਨੂੰ ਲੈ ਕੇ ਵੀ ਸ਼ੰਕਾ ਪ੍ਰਗਟਾਈ ਜਾ ਰਹੀ ਸੀ। ਇਸ ਦੌਰਾਨ ਭਾਜਪਾ ਅਤੇ ਵਿਸ਼ੇਸ਼ ਤੌਰ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਲਗਾਤਾਰ ਸੰਪਰਕ ਕਾਰਨ ਬਿੱਟੂ ਪਾਰਟੀ 'ਚ ਸ਼ਾਮਿਲ ਹੋ ਗਏ। ਬਿੱਟੂ ਦੀ ਸ਼ਮੂਲੀਅਤ ਤੋਂ ਬਾਅਦ ਇਹ ਕਿਆਸ ਲਾਏ ਜਾ ਰਹੇ ਹਨ ਕਿ ਉਹ ਲੁਧਿਆਣਾ ਤੋਂ ਭਾਜਪਾ ਦੇ ਉਮੀਦਵਾਰ ਹੋ ਸਕਦੇ ਹਨ। ਜ਼ਿਕਰਯੋਗ ਹੈ ਕਿ ਪੰਜਾਬ ਪ੍ਰਦੇਸ਼ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਮੰਗਲਵਾਰ ਸਵੇਰੇ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਦੀ ਸੰਭਾਵਨਾ ਤੋਂ ਇਨਕਾਰ ਕਰਦਿਆਂ ਕਿਹਾ ਸੀ ਕਿ ਭਾਜਪਾ ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਇਕੱਲੇ ਚੋਣ ਲੜੇਗੀ। ਬਿੱਟੂ ਨੇ ਭਾਜਪਾ 'ਚ ਸ਼ਾਮਲ ਹੋਣ ਸਮੇਂ ਦਿੱਤੇ ਬਿਆਨ 'ਚ ਨਾ ਸਿਰਫ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਨੇੜਲੇ ਸੰਬੰਧਾਂ ਦਾ ਜ਼ਿਕਰ ਕੀਤਾ, ਸਗੋਂ ਜਾਖੜ, ਕੈਪਟਨ ਅਮਰਿੰਦਰ ਸਿੰਘ ਦਾ ਵੀ ਉਚੇਚੇ ਤੌਰ 'ਤੇ ਨਾਂਅ ਲਿਆ ਅਤੇ ਸੀਨੀਅਰ ਭਾਜਪਾ ਨੇਤਾ ਮਦਨ ਮੋਹਨ ਮਾਲਵੀਆ ਅਤੇ ਲਕਸ਼ਮੀ ਕਾਂਤਾ ਚਾਵਲਾ ਦਾ ਨਾਂਅ ਲੈਂਦਿਆਂ ਕਿਹਾ ਕਿ ਭਾਜਪਾ ਅਤੇ ਆਰ.ਐਸ.ਐਸ. ਨੇ ਪੰਜਾਬ 'ਚ ਅੱਤਵਾਦ ਦੇ ਦੌਰ ਦੇ ਸਮੇਂ ਮਿਲ ਕੇ ਮਾਹੌਲ ਨੂੰ ਸ਼ਾਂਤ ਕੀਤਾ। ਬਿੱਟੂ ਨੇ ਆਪਣੇ ਭਾਸ਼ਨ 'ਚ ਕਿਸਾਨਾਂ ਬਾਰੇ ਟਿੱਪਣੀ ਕਰਦਿਆਂ ਇਹ ਵੀ ਕਿਹਾ ਕਿ ਅਜਿਹਾ ਨਹੀਂ ਹੈ ਕਿ ਭਾਜਪਾ ਨੂੰ ਕਿਸਾਨਾਂ ਨਾਲ ਪਿਆਰ ਨਹੀਂ ਹੈ। ਨਾਲ ਹੀ ਅੱਗੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਗੁੰਮਰਾਹ ਕੀਤਾ ਜਿਸ ਕਾਰਨ ਭਾਜਪਾ ਇਹ ਬਿੱਲ ਲਿਆਈ। ਲੁਧਿਆਣਾ ਤੋਂ ਸੰਸਦ ਮੈਂਬਰ ਨੇ ਪੰਜਾਬ ਨੂੰ ਵਿਕਾਸ ਤੋਂ ਪਛੜਿਆ ਦੱਸਦਿਆਂ ਕਿਹਾ ਕਿ ਉਹ ਪੁਲ ਬਣ ਕੇ ਕੰਮ ਕਰਨਗੇ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣਗੇ। ਉਨ੍ਹਾਂ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਅਸੀਂ ਸਾਰੇ ਮਿਲ ਕੇ ਕੰਮ ਕਰੀਏ। ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾਵਾਂ 'ਚ ਸ਼ਾਮਿਲ ਰਹੇ ਅਤੇ ਰਾਹੁਲ ਗਾਂਧੀ ਦੇ ਕਰੀਬੀ ਮੰਨੇ ਜਾਂਦੇ ਰਹੇ ਰਵਨੀਤ ਸਿੰਘ ਬਿੱਟੂ ਤਿੰਨ ਵਾਰ ਲੋਕ ਸਭਾ ਚੋਣਾਂ ਜਿੱਤੇ ਹਨ। 2009 ਵਿਚ ਉਹ ਅਨੰਦਪੁਰ ਸਾਹਿਬ ਤੋਂ ਲੋਕ ਸਭਾ ਚੋਣ ਜਿੱਤੇ ਸਨ। ਜਿਸ ਦੇ ਬਾਅਦ ਉਹ 2014 ਅਤੇ 2019 ਵਿਚ ਲੁਧਿਆਣਾ ਤੋਂ ਲੋਕ ਸਭਾ ਚੋਣ ਜਿੱਤ ਕੇ ਸੰਸਦ ਮੈਂਬਰ ਬਣੇ।

ਅਸੀਂ ਤਾਂ ਆਪ ਲੱਭ ਰਹੇ ਸੀ ਬਿੱਟੂ ਤੋਂ ਖਹਿੜਾ ਛੁਡਵਾਉਣ ਦਾ ਰਾਹ : ਪ੍ਰਤਾਪ ਸਿੰਘ ਬਾਜਵਾ

ਚੰਡੀਗੜ੍ਹ : ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਰਵਨੀਤ ਸਿੰਘ ਬਿੱਟੂ ਦਾ ਐਂਟੀ ਸਿੱਖ ਚਿਹਰਾ ਭਾਜਪਾ ਨੂੰ ਹੋਰ ਵੀ ਨੁਕਸਾਨ ਪਹੁੰਚਾਵੇਗਾ। ਉਨ੍ਹਾਂ ਕਿਹਾ ਕਿ ਕਦੇ ਕੋਈ ਸੋਚ ਨਹੀਂ ਸਕਦਾ ਸੀ ਕਿ ਰਵਨੀਤ ਸਿੰਘ ਬਿੱਟੂ ਵਰਗਾ ਲੀਡਰ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਜਾਵੇਗਾ। ਪੰਜਾਬ ਦੀ ਜਨਤਾ ਬਿੱਟੂ ਨੂੰ ਲੋਕ ਸਭਾ ਚੋਣਾਂ 'ਚ ਇਸ ਦਾ ਜਵਾਬ ਦੇ ਦੇਵੇਗੀ। ਉਨ੍ਹਾਂ ਕਿਹਾ ਕਿ ਸਾਨੂੰ ਚਿੰਤਾ ਹੋਈ ਪਈ ਸੀ ਕਿ ਬਿੱਟੂ ਤੋਂ ਖਹਿੜਾ ਕਿਵੇਂ ਛੁਡਾਈਏ ਪਰ ਚੰਗੀ ਗੱਲ ਇਹ ਹੋਈ ਕਿ ਉਹ ਆਪ ਹੀ ਪਾਰਟੀ ਛੱਡ ਗਏ। ਹੁਣ ਕਾਂਗਰਸ ਨਵੇਂ ਚਿਹਰਿਆਂ ਨੂੰ ਮੌਕਾ ਦੇਵੇਗੀ। ਬਿੱਟੂ ਨੂੰ ਜੋ ਸਹੂਲਤਾਂ ਮਿਲੀਆਂ ਹੋਈਆਂ ਹਨ, ਉਹ ਉਨਾਂ ਦੇ ਹੱਥੋਂ ਨਾ ਨਿਕਲ ਜਾਣ, ਇਸੇ ਕਾਰਨ ਉਹ ਭਾਜਪਾ 'ਚ ਸ਼ਾਮਲ ਹੋ ਗਏ। ਉਨ੍ਹਾਂ ਕਿਹਾ ਸਰਕਾਰ ਵੱਲੋਂ ਰਵਨੀਤ ਬਿੱਟੂ ਨੂੰ ਤਿੰਨ ਘਰ ਦਿੱਤੇ ਗਏ ਹਨ, ਜਿਨ੍ਹਾਂ 'ਚੋਂ ਇਕ ਚੰਡੀਗੜ੍ਹ, ਇਕ ਦਿੱਲੀ ਤੇ ਇਕ ਲੁਧਿਆਣਾ 'ਚ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਕੇਂਦਰ ਸਰਕਾਰ ਵਲੋਂ ਸੁਰੱਖਿਆ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇੰਨੀਆਂ ਸਹੂਲਤਾਂ ਤਾਂ ਅੰਗਰੇਜ਼ ਰਾਜ 'ਚ ਕੋਈ ਆਪਣੇ ਖ਼ਾਸ ਸਬੰਧੀਆਂ ਨੂੰ ਵੀ ਨਹੀਂ ਸੀ ਦਿੰਦਾ।

ਕਾਂਗਰਸ ਬਣਾਉਣਾ ਚਾਹੁੰਦੀ ਹੈ ਨੌਜਵਾਨਾਂ ਦਾ ਭਵਿੱਖ, ਭਾਜਪਾ ਚਾਹੁੰਦੀ ਹੈ ਗੁੰਮਰਾਹ ਕਰਨਾ : ਰਾਹੁਲ

ਨਵੀਂ ਦਿੱਲੀ : ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਰੁਜ਼ਗਾਰ ਦੇ ਮੁੱਦੇ 'ਤੇ ਮੰਗਲਵਾਰ ਨੂੰ ਕੇਂਦਰ ਸਰਕਾਰ 'ਤੇ ਨਿਸ਼ਾਨਾ ਲਾਉਂਦੇ ਹੋਏ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੌਜਵਾਨਾਂ ਦਾ ਭਵਿੱਖ ਬਣਾਉਣਾ ਚਾਹੁੰਦੀ ਹੈ ਅਤੇ ਭਾਜਪਾ ਉਨ੍ਹਾਂ ਨੂੰ ਗੁੰਮਰਾਹ ਕਰਨਾ ਚਾਹੁੰਦੀ ਹੈ। ਰਾਹੁਲ ਗਾਂਧੀ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਨਰਿੰਦਰ ਮੋਦੀ ਜੀ, ਕੀ ਤੁਹਾਡੇ ਕੋਲ ਰੁਜ਼ਗਾਰ ਲਈ ਕੋਈ ਯੋਜਨਾ ਹੈ ਵੀ? ਇਹ ਸਵਾਲ ਅੱਜ ਹਰ ਨੌਜਵਾਨ ਦੀ ਜ਼ੁਬਾਨ 'ਤੇ ਹੈ। ਗਲੀ-ਗਲੀ, ਪਿੰਡ-ਪਿੰਡ ਭਾਜਪਾ ਵਾਲਿਆਂ ਨੂੰ ਪੁੱਛਿਆ ਜਾ ਰਿਹਾ ਹੈ- ਆਖਿਰ ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਝੂਠ ਕਿਉਂ ਬੋਲਿਆ ਗਿਆ ਸੀ? ਉਨ੍ਹਾਂ ਕਿਹਾ ਕਿ ਕਾਂਗਰਸ ਨੇ 'ਨੌਜਵਾਨ ਨਿਆਂ' ਤਹਿਤ ਰੁਜ਼ਗਾਰ ਕ੍ਰਾਂਤੀ ਦਾ ਸੰਕਲਪ ਲਿਆ ਹੈ। ਕਾਂਗਰਸੀ ਆਗੂ ਮੁਤਾਬਕ ਸਾਡੀ ਗਾਰੰਟੀ ਹੈ ਕਿ ਅਸੀਂ ਸੱਤਾ 'ਚ ਆਉਂਦਿਆਂ ਹੀ 30 ਲੱਖ ਸਰਕਾਰੀ ਅਸਾਮੀਆਂ ਭਰਾਂਗੇ, ਹਰ ਪੜ੍ਹੇ-ਲਿਖੇ ਨੌਜਵਾਨ ਨੂੰ 'ਪਹਿਲੀ ਨੌਕਰੀ ਪੱਕੀ' ਯੋਜਨਾ ਤਹਿਤ 1 ਲੱਖ ਰੁਪਏ ਸਾਲਾਨਾ ਦੀ ਨੌਕਰੀ ਦੇਵਾਂਗੇ ਅਤੇ ਕਾਨੂੰਨ ਬਣਾ ਕੇ ਪੇਪਰ ਲੀਕ ਤੋਂ ਛੁਟਕਾਰਾ ਦਿਵਾਵਾਂਗੇ। ਰਾਹੁਲ ਗਾਂਧੀ ਨੇ ਕਿਹਾ ਕਿ ਇਹ 2 ਵਿਚਾਰਧਾਰਾਵਾਂ ਦੀਆਂ ਨੀਤੀਆਂ ਵਿਚ ਅੰਤਰ ਨੂੰ ਪਛਾਣਨ ਦਾ ਸਮਾਂ ਹੈ। ਕਾਂਗਰਸ ਨੌਜਵਾਨਾਂ ਦਾ ਭਵਿੱਖ ਬਣਾਉਣਾ ਚਾਹੁੰਦੀ ਹੈ ਅਤੇ ਭਾਜਪਾ ਉਨ੍ਹਾਂ ਨੂੰ ਗੁੰਮਰਾਹ ਕਰਨਾ ਚਾਹੁੰਦੀ ਹੈ। ਨੌਜਵਾਨਾਂ ਨੂੰ ਭਰਮ ਦੇ ਜਾਲ ਨੂੰ ਤੋੜ ਕੇ ਆਪਣੀ ਕਿਸਮਤ ਆਪਣੇ ਹੱਥਾਂ ਨਾਲ ਬਦਲਨੀ ਪਵੇਗੀ। ਦੇਸ਼ ਵਿਚ 'ਰੁਜ਼ਗਾਰ ਕ੍ਰਾਂਤੀ' ਲਿਆਉਣੀ ਪਵੇਗੀ।

ਟਿਕਟਾਂ ਨੂੰ ਅੰਤਿਮ ਛੋਹਾਂ ਦੇਣ ਲੱਗੀ ਭਾਜਪਾ

ਭਾਜਪਾ ਵੱਲੋਂ ਪਹਿਲਾਂ ਹੀ ਹਰ ਲੋਕ ਸਭਾ ਸੀਟ ਤੋਂ ਤਿੰਨ ਉਮੀਦਵਾਰਾਂ ਦਾ ਪੈਨਲ ਤਿਆਰ ਕੀਤਾ ਹੋਇਆ ਹੈ। ਰਵਨੀਤ ਬਿੱਟੂ ਦੇ ਭਾਜਪਾ 'ਚ ਸ਼ਾਮਲ ਹੋਣ ਮਗਰੋਂ ਉਹ ਲੁਧਿਆਣਾ ਤੋਂ ਭਾਜਪਾ ਉਮੀਦਵਾਰ ਹੋ ਸਕਦੇ ਹਨ। ਸੂਤਰਾਂ ਅਨੁਸਾਰ ਭਾਜਪਾ ਪਟਿਆਲਾ ਤੋਂ ਪ੍ਰਨੀਤ ਕੌਰ, ਆਨੰਦਪੁਰ ਸਾਹਿਬ ਤੋਂ ਅਵਿਨਾਸ਼ ਰਾਏ ਖੰਨਾ, ਫਿਰੋਜ਼ਪੁਰ ਤੋਂ ਸੁਨੀਲ ਜਾਖੜ ਜਾਂ ਰਾਣਾ ਸੋਢੀ, ਅੰਮ੍ਰਿਤਸਰ ਤੋਂ ਤਰਨਜੀਤ ਸੰਧੂ, ਹੁਸ਼ਿਆਰਪੁਰ ਤੋਂ ਸੋਮ ਪ੍ਰਕਾਸ਼ ਨੂੰ ਉਮੀਦਵਾਰ ਐਲਾਨ ਸਕਦੀ ਹੈ। ਬਠਿੰਡਾ ਤੋਂ ਮਨਪ੍ਰੀਤ ਬਾਦਲ ਤੋਂ ਇਲਾਵਾ ਸਰੂਪ ਚੰਦ ਸਿੰਗਲਾ ਜਾਂ ਦਿਆਲ ਸੋਢੀ ਨੂੰ ਉਮੀਦਵਾਰ ਬਣਾਇਆ ਜਾ ਸਕਦਾ ਹੈ।

ਮੈਂਬਰ ਪਾਰਲੀਮੈਂਟ ਸੁਸ਼ੀਲ ਰਿੰਕੂ ਅਤੇ ਸ਼ੀਤਲ ਅੰਗੁਰਾਲ ਭਾਜਪਾ 'ਚ ਸ਼ਾਮਲ

ਨਵੀਂ ਦਿੱਲੀ : ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਵਿਚ ਕਾਂਗਰਸ ਤੋਂ ਬਾਅਦ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ ਲੱਗਿਆ ਹੈ। ਲੋਕ ਸਭਾ ਹਲਕਾ ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਅਤੇ ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਸੁਸ਼ੀਲ ਕੁਮਾਰ ਰਿੰਕੂ ਆਮ ਆਦਮੀ ਪਾਰਟੀ ਦੇ ਇਕਲੌਤੇ ਸੰਸਦ ਮੈਂਬਰ ਸਨ।

ਭਾਜਪਾ ਵਿਚ ਸ਼ਾਮਲ ਹੋਣ ਮਗਰੋਂ ਸੁਸ਼ੀਲ ਰਿੰਕੂ ਨੇ ਕਿਹਾ ਕਿ ਪੰਜਾਬ ਦੇ ਗੁਆਂਢੀ ਸੂਬੇ ਅਤੇ ਪੂਰਾ ਦੇਸ਼ ਵਿਕਾਸ ਪੱਖੋਂ ਅੱਗੇ ਵਧ ਰਿਹਾ ਹੈ ਪਰ ਪੰਜਾਬ ਬਹੁਤ ਪਿੱਛੇ ਰਹਿ ਗਿਆ। ਜ਼ਿਮਨੀ ਚੋਣ ਵਿਚ ਕੀਤੇ ਵਾਅਦਿਆਂ ਉਤੇ ਮੈਂ ਖਰਾ ਨਹੀਂ ਉਤਰ ਸਕਿਆ ਕਿਉਂਕਿ ਮੇਰੀ ਸਰਕਾਰ ਨੇ ਮੇਰੀ ਪਿੱਠ ਉਤੇ ਹੱਥ ਨਹੀਂ ਰੱਖਿਆ। ਬਹੁਤੇ ਕੰਮ ਸ਼ੁਰੂ ਹੀ ਨਹੀਂ ਹੋ ਸਕੇ। ਉਨ੍ਹਾਂ ਅੱਗੇ ਕਿਹਾ ਕਿ ਮੈਨੂੰ ਕੋਈ ਨਿੱਜੀ ਲਾਲਚ ਨਹੀਂ, ਮੈਂ ਸਿਰਫ਼ ਜਲੰਧਰ ਦੀ ਬਿਹਤਰੀ ਲਈ ਇਹ ਕੋਸ਼ਿਸ਼ ਕੀਤੀ ਹੈ। ਮੈਨੂੰ ਉਮੀਦ ਹੈ ਕਿ ਜਲੰਧਰ ਦੇ ਲੋਕ ਜ਼ਰੂਰ ਮਾਣ ਬਖ਼ਸ਼ਣਗੇ।

ਇਸ ਦੌਰਾਨ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ– ਦਿੱਲੀ ਦੀ ਸੱਭ ਤੋਂ ਵੱਡੀ ਸਮੱਸਿਆ ਕੂੜੇ ਦਾ ਪਹਾੜ ਹੈ। ਜਲੰਧਰ ਵਿਚ ਵੀ ਕੂੜੇ ਦੇ ਪਹਾੜਾਂ ਦੀ ਅਜਿਹੀ ਹੀ ਸਮੱਸਿਆ ਹੈ। ਇਸ ਸਮੱਸਿਆ ਦੇ ਹੱਲ ਦੇ ਵਾਅਦੇ ਨਾਲ ਰਿੰਕੂ ਨੂੰ 'ਆਪ' ਵਿਚ ਸ਼ਾਮਲ ਕੀਤਾ ਗਿਆ ਸੀ ਪਰ ਅਜਿਹਾ ਨਾ ਤਾਂ ਜਲੰਧਰ ਵਿਚ ਹੋ ਸਕਿਆ ਅਤੇ ਨਾ ਹੀ ਦਿੱਲੀ ਵਿਚ। ਜਲੰਧਰ ਦੀ ਹਾਲਤ ਨੂੰ ਦੇਖਦੇ ਹੋਏ ਉਹ ਅੱਜ ਭਾਜਪਾ 'ਚ ਸ਼ਾਮਲ ਹੋ ਗਏ ਹਨ। ਉਨ੍ਹਾਂ ਕਿਹਾ ਕਿ ਮੈਨੂੰ ਰਿੰਕੂ ਨਾਲ ਦੁਬਾਰਾ ਕੰਮ ਕਰਨ ਦਾ ਮੌਕਾ ਮਿਲ ਰਿਹਾ ਹੈ ਕਿਉਂਕਿ ਮੈਂ ਰਿੰਕੂ ਨਾਲ ਕਾਂਗਰਸ ਵਿਚ ਵੀ ਕੰਮ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਪੰਜਾਬ ਦੀ ਆਬਕਾਰੀ ਨੀਤੀ ਨੂੰ ਲੈ ਕੇ ਸਵਾਲ ਚੁੱਕੇ।

ਇਸ ਤੋਂ ਬਾਅਦ ਸੁਸ਼ੀਲ ਕੁਮਾਰ ਰਿੰਕੂ ਨੇ ਕਿਹਾ ਕਿ ਮੈਂ ਜਲੰਧਰ ਰਹਿੰਦਿਆਂ ਦੋ ਸਾਲ ਆਮ ਆਦਮੀ ਪਾਰਟੀ ਨਾਲ ਕੰਮ ਕੀਤਾ। ਹਰ ਮਸਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਸਰਕਾਰ ਨੇ ਮੈਨੂੰ ਅਜਿਹਾ ਨਹੀਂ ਕਰਨ ਦਿਤਾ। ਮੈਂ ਕਾਫ਼ੀ ਨਿਰਾਸ਼ ਸੀ। ਇਸੇ ਲੜੀ ਤਹਿਤ ਜਦੋਂ ਮੈਂ ਭਾਜਪਾ ਦੇ ਮੰਤਰੀਆਂ ਤੋਂ ਮਦਦ ਮੰਗੀ ਤਾਂ ਉਨ੍ਹਾਂ ਨੇ ਮੇਰੀ ਗੱਲ ਸੁਣੀ ਅਤੇ ਸ਼ਹਿਰ ਦੇ ਕੰਮ ਵੀ ਕਰਵਾਏ।

ਉਨ੍ਹਾਂ ਕਿਹਾ, 'ਆਦਮਪੁਰ ਹਵਾਈ ਅੱਡੇ ਦਾ ਕੰਮ ਹੋਵੇ ਜਾਂ ਜਲੰਧਰ ਵਿਚ ਬਣੇ ਰੇਲਵੇ ਫਾਟਕਾਂ ਦਾ ਕੰਮ। ਮੈਂ ਕੇਂਦਰੀ ਮੰਤਰੀਆਂ ਦੀ ਮਦਦ ਨਾਲ ਮੈਂ ਸਾਰਾ ਕੰਮ ਕਰਵਾਇਆ ਹੈ। ਕੇਂਦਰ ਦੀਆਂ ਇਨ੍ਹਾਂ ਨੀਤੀਆਂ ਨੂੰ ਦੇਖਦੇ ਹੋਏ ਮੈਂ ਭਾਜਪਾ 'ਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ'। ਉਨ੍ਹਾਂ ਕਿਹਾ– ਅਸੀਂ ਜਲੰਧਰ ਦੇ ਸੁਧਾਰ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਸੁਸ਼ੀਲ ਕੁਮਾਰ ਰਿੰਕੂ ਆਮ ਆਦਮੀ ਪਾਰਟੀ ਦੇ ਜਲੰਧਰ ਤੋਂ ਸੰਸਦ ਮੈਂਬਰ ਸਨ ਅਤੇ ਪਾਰਟੀ ਨੇ ਉਨ੍ਹਾਂ ਨੂੰ ਇਕ ਵਾਰ ਫਿਰ ਇਸ ਸੀਟ ਤੋਂ ਉਮੀਦਵਾਰ ਬਣਾਇਆ ਸੀ। ਪਿਛਲੇ ਦਿਨਾਂ ਵਿਚ ਕਾਂਗਰਸ ਦੇ ਸਾਬਕਾ ਵਿਧਾਇਕ, ਮੌਜੂਦਾ ਸੰਸਦ ਮੈਂਬਰ ਅਤੇ ਵਿਧਾਇਕ ਵੀ ਪਾਰਟੀ ਛੱਡ ਚੁੱਕੇ ਹਨ। ਬੀਤੇ ਦਿਨ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਬਿੱਟੂ ਭਾਜਪਾ ਵਿਚ ਸ਼ਾਮਲ ਹੋਏ ਫਤਿਹਗੜ੍ਹ ਸਾਹਿਬ ਦੇ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੇਪੀ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਜਦਕਿ ਸੰਸਦ ਮੈਂਬਰ ਪ੍ਰਨੀਤ ਕੌਰ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਇਸ ਤੋਂ ਇਲਾਵਾ ਵਿਧਾਇਕ ਰਾਜ ਕੁਮਾਰ ਚੱਬੇਵਾਲ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ।

ਦੋਵੇਂ ਭਰਾ ਮੇਰੇ ਨਾਲ ਆ ਗਏ, ਹੁਣ ਮਿਲ ਕੇ ਕੰਮ ਕਰਾਂਗੇ : ਸੁਨੀਲ ਜਾਖੜ

ਚੰਡੀਗੜ੍ਹ : ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਮੌਜੂਦਾ ਪਾਰਲੀਮੈਂਟ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਅਤੇ ਜਲੰਧਰ ਵੈਸਟ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸ਼ੀਤਲ ਅੰਗੂਰਾਲ ਅੱਜ ਭਾਜਪਾ 'ਚ ਸ਼ਾਮਲ ਹੋ ਗਏ ਹਨ। ਦੋਵਾਂ ਆਗੂ ਦਿੱਲੀ ਵਿਖੇ ਭਾਜਪਾ ਹੈੱਡ ਕੁਆਰਟਰ 'ਚ ਪਾਰਟੀ ਵਿਚ ਸ਼ਾਮਲ ਹੋਏ। ਇਸ ਮੌਕੇ ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਮੇਰਾ ਅਤੇ ਸੁਸ਼ੀਲ ਰਿੰਕੂ ਦਾ ਦਿਲ ਬਹੁਤ ਸਮਾਂ ਪਹਿਲਾਂ ਮਿਲ ਗਿਆ ਸੀ, ਕਿਉਂਕਿ ਉਹ ਦੋਵੇਂ ਕਾਫ਼ੀ ਸਮਾਂ ਕਾਂਗਰਸ ਪਾਰਟੀ ਵਿਚ ਰਹਿ ਚੁੱਕੇ ਹਨ। ਭਾਜਪਾ ਵਿਚ ਸ਼ਾਮਲ ਹੋਣ 'ਤੇ ਇੰਨਾ ਨੇ ਜ਼ਿਆਦਾ ਸਮਾਂ ਲੱਗਾ ਦਿੱਤਾ ਹੈ।

ਸੁਨੀਲ ਜਾਖੜ ਨੇ ਕਿਹਾ ਕਿ ਮੈਨੂੰ ਇਸ ਗੱਲ ਦੀ ਬਹੁਤ ਖ਼ੁਸ਼ੀ ਹੈ ਕਿ ਅੱਜ ਮੇਰੇ ਦੋਵੇਂ ਭਰਾ ਮੁੜ ਤੋਂ ਇੱਕਠੇ ਹੋ ਗਏ ਹਨ। ਅਸੀਂ ਹੁਣ ਮਿਲ ਕੇ ਕੰਮ ਕਰਾਂਗੇ। ਵਿਕਾਸ ਦੇ ਪੱਖ ਤੋਂ ਜਿਹੜਾ ਪੰਜਾਬ ਪਿੱਛੇ ਰਹਿ ਗਿਆ ਹੈ, ਇਸ ਨੂੰ ਅਸੀਂ ਸਾਰੇ ਇੱਕਠੇ ਹੋ ਕੇ ਹੁਣ ਵਿਕਸਿਤ ਕਰਾਂਗੇ। ਕਿਉਂਕਿ ਜਲੰਧਰ ਦਾ ਹਾਲ ਬਹੁਤ ਬੁਰਾ ਹੋਇਆ ਪਿਆ ਹੈ। ਜਲੰਧਰ ਵਿਚ ਤੁਹਾਨੂੰ ਸੜਕਾਂ ਨਹੀਂ ਸਗੋਂ ਟੋਏ ਜ਼ਿਆਦਾ ਵਿਖਾਈ ਦੇਣਗੇ। ਆਮ ਆਦਮੀ ਪਾਰਟੀ 'ਤੇ ਨਿਸ਼ਾਨਾ ਕੱਸਦੇ ਹੋਏ ਸੁਨੀਲ ਜਾਖੜ ਨੇ ਕਿਹਾ ਕਿ ਉਹਨਾਂ ਨੇ ਸਾਡੀ ਅਰਥਵਿਵਸਥਾ ਨੂੰ ਚਕਰਾਚੂਰ ਕਰਕੇ ਰੱਖ ਦਿੱਤਾ ਹੈ। ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਲੈ ਕੇ ਉਹਨਾਂ ਨੇ ਕਿਹਾ ਕਿ ਕੇਜਰੀਵਾਲ 'ਤੇ ਅਜੇ ਸਿਰਫ਼ 100 ਕਰੋੜ ਰੁਪਏ ਦਾ ਇਲਜ਼ਾਮ ਲੱਗਾ ਹੈ ਪਰ ਜਦੋਂ ਪੰਜਾਬ ਵਿਚ ਕੀਤੇ ਗਏ ਉਹਨਾਂ ਦੇ ਘੁਟਾਲੇ ਸਾਹਮਣੇ ਆਏ ਤਾਂ ਫਿਰ ਕੀ ਹੋਵੇਗਾ। ਸੁਨੀਲ ਜਾਖੜ ਨੇ ਕਿਹਾ ਕਿ ਕੇਜਰੀਵਾਲ ਇਨਕਮ ਟੈਕਸ ਦੇ ਅਧਿਕਾਰੀ ਹਨ, ਜਿਸ ਕਰਕੇ ਉਹਨਾਂ ਨੂੰ ਇਸ ਗੱਲ ਦੀ ਪੂਰੀ ਜਾਣਕਾਰੀ ਹੈ ਕਿ ਪੈਸਾ ਕਿਥੋਂ ਅਤੇ ਕਿਹੜੇ ਤਰੀਕਿਆਂ ਨਾਲ ਕੱਢਿਆ ਜਾ ਸਕਦਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਨਾਲ ਜੋ ਠੱਗੀ ਮਾਰੀ ਹੈ, ਉਸ ਦਾ ਖ਼ਮਿਆਜ਼ਾ ਇਨ੍ਹਾਂ ਨੂੰ ਆਉਣ ਵਾਲੇ ਸਮੇਂ ਵਿਚ ਭੁਗਤਣਾ ਪਵੇਗਾ। ਇਨ੍ਹਾਂ ਦਾ ਅਸਲੀ ਚਿਹਰਾ ਜਲਦੀ ਲੋਕਾਂ ਦੇ ਸਾਹਮਣੇ ਆਉਣ ਵਾਲਾ ਹੈ।

ਜੇਲ੍ਹ ਤੋਂ ਨਹੀਂ ਚੱਲੇਗੀ ਸਰਕਾਰ, ਸਿਰਸਾ ਨੇ ਕੀਤੀ ਕੇਜਰੀਵਾਲ 'ਤੇ FIR ਦਰਜ ਕਰਨ ਦੀ ਮੰਗ

ਚੰਡੀਗੜ੍ਹ : ਭਾਜਪਾ ਦੇ ਕੌਮੀ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਈ. ਡੀ. ਦੀ ਹਿਰਾਸਤ 'ਚ ਹੁੰਦਿਆਂ ਅਰਵਿੰਦ ਕੇਜਰੀਵਾਲ ਵਲੋਂ ਮੁੱਖ ਮੰਤਰੀ ਵਜੋਂ ਜਾਰੀ ਕੀਤੇ ਹੁਕਮਾਂ ਦੇ ਮਾਮਲੇ ਦੀ ਉਪ ਰਾਜਪਾਲ ਨੂੰ ਸ਼ਿਕਾਇਤ ਕਰਦਿਆਂ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਐੱਫ. ਆਈ. ਆਰ. ਦਰਜ ਕਰ ਕੇ ਕੇਜਰੀਵਾਲ ਤੇ ਸਬੰਧਤ ਲੋਕਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਈ. ਡੀ.ਦੀ ਹਿਰਾਸਤ 'ਚ ਹੋਣ ਦੇ ਬਾਵਜੂਦ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਇਹ ਦਾਅਵੇ ਕਰ ਰਹੀ ਹੈ ਕਿ ਉਨ੍ਹਾਂ ਨੇ ਹਿਰਾਸਤ 'ਚੋਂ ਦਿੱਲੀ ਵਾਸਤੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਦੇ ਮੰਤਰੀ ਆਤਿਸ਼ੀ ਤੇ ਸੌਰਵ ਭਾਰਦਵਾਜ ਨੇ ਇਹ ਹੁਕਮ ਜਾਰੀ ਕੀਤੇ ਹੋਣ ਦੇ ਦਾਅਵੇ ਕੀਤੇ ਹਨ, ਜੋ ਨਾ ਸਿਰਫ਼ ਹਾਸੋਹੀਣੇ ਹਨ ਸਗੋਂ ਕਾਨੂੰਨ ਦੀ ਗੰਭੀਰ ਉਲੰਘਣਾ ਹੈ। ਇਹ ਇਕ ਬਹੁਤ ਹੀ ਗੰਭੀਰ ਮਾਮਲਾ ਹੈ ਤੇ ਆਮ ਆਦਮੀ ਪਾਰਟੀ ਵਲੋਂ ਅਜਿਹੀ ਡਰਾਮੇਬਾਜ਼ੀ ਨਾ ਸਿਰਫ਼ ਸੰਵਿਧਾਨ ਦੀ ਉਲੰਘਣਾ ਹੈ, ਸਗੋਂ ਇਹ ਬੇਹੱਦ ਗੰਭੀਰ ਗ਼ੈਰ-ਕਾਨੂੰਨੀ ਕਾਰਵਾਈ ਹੈ। ਮਨਜਿੰਦਰ ਸਿਰਸਾ ਨੇ ਐਕਸ 'ਤੇ ਪੋਸਟ ਸਾਂਝਾ ਕਰ ਕਿਹਾ ਕਿ, ਦਿੱਲੀ ਦੇ ਲੋਕਾਂ ਦੀ ਇਹ ਵੱਡੀ ਜਿੱਤ ਹੈ। ਮੇਰੇ ਵੱਲੋਂ ਕੀਤੀ ਸ਼ਿਕਾਇਤ ਨੂੰ ਧਿਆਨ ਵਿੱਚ ਰੱਖਦਿਆਂ ਅੱਜ LG ਸਾਹਬ ਨੇ ਦਿੱਲੀ ਵਾਸੀਆਂ ਨੂੰ ਭਰੋਸਾ ਦਿੱਤਾ ਹੈ ਕਿ ਦਿੱਲੀ ਸਰਕਾਰ ਜੇਲ੍ਹ ਤੋਂ ਨਹੀਂ ਚੱਲੇਗੀ !! ਰਿਮਾਂਡ ਦੌਰਾਨ ਕੇਜਰੀਵਾਲ ਜੀ ਵੱਲੋਂ ਜਾਰੀ ਕੀਤੇ ਗਏ ਹੁਕਮ ਫਰਜ਼ੀ ਹਨ ਅਤੇ ਇਨ੍ਹਾਂ ਫਰਜ਼ੀ ਹੁਕਮਾਂ ਅਤੇ ਪ੍ਰਚਾਰ ਪਿੱਛੇ ਜੋ ਵੀ ਹਨ, ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।

ਗਰੀਬਾਂ ਤੋਂ ਲੁੱਟਿਆ ਅਤੇ ਈ.ਡੀ. ਵਲੋਂ ਜ਼ਬਤ ਕੀਤਾ ਗਿਆ ਪੈਸਾ ਲੋਕਾਂ ਨੂੰ ਵਾਪਸ ਕਰਨ ਦੀ ਦਿਸ਼ਾ 'ਚ ਕੰਮ ਕਰ ਰਿਹਾ ਹਾਂ : ਨਰੇਂਦਰ ਮੋਦੀ

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁਧਵਾਰ ਨੂੰ ਕਿਹਾ ਕਿ ਉਹ ਇਹ ਯਕੀਨੀ ਕਰਨ ਲਈ ਕੰਮ ਕਰ ਰਹੇ ਹਨ ਕਿ ਪਛਮੀ ਬੰਗਾਲ 'ਚ ਗਰੀਬਾਂ ਤੋਂ ਲੁੱਟਿਆ ਗਿਆ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਲੋਂ ਜ਼ਬਤ ਕੀਤਾ ਗਿਆ ਪੈਸਾ ਜਨਤਾ ਨੂੰ ਵਾਪਸ ਮਿਲੇ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇਤਾਵਾਂ ਨੇ ਦਸਿਆ ਕਿ ਮੋਦੀ ਨੇ ਕ੍ਰਿਸ਼ਨਾਨਗਰ ਲੋਕ ਸਭਾ ਹਲਕੇ ਤੋਂ ਤ੍ਰਿਣਮੂਲ ਕਾਂਗਰਸ ਦੀ ਮਹੂਆ ਮੋਇਤਰਾ ਦੇ ਵਿਰੁਧ ਸਾਬਕਾ ਸ਼ਾਹੀ ਪਰਵਾਰ ਦੀ ਮੈਂਬਰ ਅਤੇ ਰਾਜਘਰਾਣੇ ਦੀ ਮੈਂਬਰ ਅੰਮ੍ਰਿਤਾ ਰਾਏ ਨਾਲ ਟੈਲੀਫੋਨ 'ਤੇ ਗੱਲਬਾਤ ਦੌਰਾਨ ਇਹ ਗੱਲ ਕਹੀ। ਭਾਜਪਾ ਦੇ ਇਕ ਨੇਤਾ ਨੇ ਕਿਹਾ, "ਪ੍ਰਧਾਨ ਮੰਤਰੀ ਮੋਦੀ ਨੇ 'ਰਾਜਮਾਤਾ' ਅੰਮ੍ਰਿਤਾ ਰਾਏ ਨੂੰ ਕਿਹਾ ਕਿ ਭ੍ਰਿਸ਼ਟਾਚਾਰੀਆਂ ਨੇ ਆਮ ਜਨਤਾ ਦਾ ਪੈਸਾ ਲੁੱਟਿਆ ਹੈ ਅਤੇ ਈ.ਡੀ. ਨੇ ਉਨ੍ਹਾਂ ਭ੍ਰਿਸ਼ਟਾਚਾਰੀਆਂ ਤੋਂ ਜੋ ਵੀ ਜਾਇਦਾਦ ਅਤੇ ਪੈਸਾ ਜ਼ਬਤ ਕੀਤਾ ਹੈ, ਉਹ ਗਰੀਬ ਲੋਕਾਂ ਨੂੰ ਵਾਪਸ ਦਿਤਾ ਜਾਣਾ ਜਾਵੇ... ਇਹ ਯਕੀਨੀ ਬਣਾਉਣ ਲਈ ਕਾਨੂੰਨੀ ਬਦਲ ਲੱਭੇ ਜਾ ਰਹੇ ਹਨ।" ਭਾਜਪਾ ਆਗੂਆਂ ਅਨੁਸਾਰ ਮੋਦੀ ਨੇ ਕਿਹਾ ਕਿ ਇਕ ਪਾਸੇ ਮੌਜੂਦਾ ਕੇਂਦਰ ਸਰਕਾਰ ਦੇਸ਼ ਤੋਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਵਚਨਬੱਧ ਹੈ ਤਾਂ ਦੂਜੇ ਪਾਸੇ ਸਾਰੇ ਭ੍ਰਿਸ਼ਟ ਇਕ-ਦੂਜੇ ਨੂੰ ਬਚਾਉਣ ਲਈ ਇਕੱਠੇ ਹੋ ਗਏ ਹਨ।

ਪ੍ਰਧਾਨ ਮੰਤਰੀ ਅਤੇ ਰਾਏ ਵਿਚਾਲੇ ਹੋਈ ਗੱਲਬਾਤ ਦਾ ਵੇਰਵਾ ਦਿੰਦਿਆਂ ਪਾਰਟੀ ਨੇਤਾਵਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਅੰਦਾਜ਼ਾ ਹੈ ਕਿ ਸੂਬੇ ਵਿਚ ਨੌਕਰੀਆਂ ਪ੍ਰਾਪਤ ਕਰਨ ਲਈ ਰਿਸ਼ਵਤ ਵਜੋਂ ਦਿਤੀ ਗਈ ਰਕਮ ਲਗਭਗ 3,000 ਕਰੋੜ ਰੁਪਏ ਹੈ। ਮੋਦੀ ਨੇ ਰਾਏ ਨੂੰ ਲੋਕਾਂ ਨੂੰ ਇਸ ਬਾਰੇ ਦੱਸਣ ਲਈ ਕਿਹਾ। ਉਨ੍ਹਾਂ ਕਿਹਾ ਕਿ ਸੱਤਾ 'ਚ ਵਾਪਸ ਆਉਣ ਤੋਂ ਤੁਰਤ ਬਾਅਦ ਉਹ ਅਜਿਹਾ ਤਰੀਕਾ ਲੱਭਣਗੇ ਤਾਂ ਜੋ ਲੋਕਾਂ ਦਾ ਪੈਸਾ ਵਾਪਸ ਆ ਸਕੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਲੋੜ ਪੈਣ 'ਤੇ ਕਾਨੂੰਨੀ ਬਦਲਾਂ ਦੀ ਵੀ ਪੜਚੋਲ ਕੀਤੀ ਜਾਵੇਗੀ।

ਰਾਏ 18 ਵੀਂ ਸਦੀ ਦੇ ਸਥਾਨਕ ਰਾਜਾ ਕ੍ਰਿਸ਼ਨਚੰਦਰ ਰਾਏ ਦੇ ਪਰਵਾਰ ਨਾਲ ਸਬੰਧਤ ਹੈ। ਮੋਦੀ ਨੇ ਉਨ੍ਹਾਂ ਲੋਕਾਂ 'ਤੇ ਵੀ ਜਵਾਬੀ ਹਮਲਾ ਕੀਤਾ ਜਿਨ੍ਹਾਂ ਨੇ ਭਾਜਪਾ ਵਲੋਂ ਰਾਏ ਨੂੰ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਕਥਿਤ ਤੌਰ 'ਤੇ ਬ੍ਰਿਟਿਸ਼ ਦਾ ਸਮਰਥਨ ਕਰਨ ਲਈ ਸ਼ਾਹੀ ਪਰਵਾਰ ਨੂੰ ਨਿਸ਼ਾਨਾ ਬਣਾਇਆ ਸੀ। ਰਾਏ ਨੇ ਮੋਦੀ ਨੂੰ ਕਿਹਾ ਕਿ ਉਨ੍ਹਾਂ ਦੇ ਪਰਵਾਰ ਨੂੰ 'ਰਾਸ਼ਟਰ ਵਿਰੋਧੀ' ਕਿਹਾ ਜਾ ਰਿਹਾ ਹੈ। ਉਨ੍ਹਾਂ ਕਿਹਾ, "ਕ੍ਰਿਸ਼ਨਚੰਦਰ ਰਾਏ ਨੇ ਲੋਕਾਂ ਲਈ ਕੰਮ ਕੀਤਾ ਅਤੇ ਸਨਾਤਨ ਧਰਮ ਨੂੰ ਬਚਾਉਣ ਲਈ ਹੋਰ ਰਾਜਿਆਂ ਨਾਲ ਹੱਥ ਮਿਲਾਇਆ।"

ਮੋਦੀ ਨੇ ਰਾਏ ਨੂੰ ਅਜਿਹੇ ਦੋਸ਼ਾਂ ਤੋਂ ਪਰੇਸ਼ਾਨ ਨਾ ਹੋਣ ਲਈ ਕਿਹਾ। ਉਨ੍ਹਾਂ ਕਿਹਾ ਕਿ ਉਹ (ਤ੍ਰਿਣਮੂਲ ਕਾਂਗਰਸ) ਵੋਟ ਬੈਂਕ ਦੀ ਰਾਜਨੀਤੀ ਕਰਦੇ ਹਨ ਅਤੇ ਹਰ ਤਰ੍ਹਾਂ ਦੇ ਬੇਤੁਕੇ ਦੋਸ਼ ਲਗਾਉਣਗੇ। ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਕਿਹਾ, "ਵਿਰੋਧੀ ਪਾਰਟੀਆਂ ਅਪਣੇ ਪਾਪਾਂ ਨੂੰ ਲੁਕਾਉਣ ਲਈ ਅਜਿਹਾ ਕਰਦੀਆਂ ਹਨ। ਇਕ ਪਾਸੇ ਉਹ ਭਗਵਾਨ ਰਾਮ ਦੀ ਹੋਂਦ 'ਤੇ ਸਵਾਲ ਉਠਾਉਂਦੇ ਹਨ ਅਤੇ ਦੂਜੇ ਪਾਸੇ ਦੂਜਿਆਂ ਨੂੰ ਬਦਨਾਮ ਕਰਨ ਲਈ ਦੋ ਅਤੇ ਤਿੰਨ ਸਦੀਆਂ ਪੁਰਾਣੀਆਂ ਘਟਨਾਵਾਂ ਦਾ ਹਵਾਲਾ ਦਿੰਦੇ ਹਨ।"

ਆਨੰਦਪੁਰ ਸਾਹਿਬ ਵਿਖੇ ਖ਼ਾਲਸਾਈ ਸ਼ਾਨ ਦਾ ਪ੍ਰਤੀਕ ਹੋਲਾ ਮਹੱਲਾ ਸਜਾਇਆ ਗਿਆ

ਸ਼ਿਗਾਰੇ ਹਾਥੀਆਂ, ਊਠਾਂ, ਬੈਂਡ ਵਾਜਿਆਂ, ਵਿਸ਼ੇਸ਼ ਬੱਘੀਆਂ ਤੇ ਨੱਚਦਿਆਂ ਘੋੜਿਆਂ ਨੇ ਸੰਗਤਾਂ ਦਾ ਧਿਆਨ ਖਿੱਚਿਆ

ਸ੍ਰੀ ਅਨੰਦਪੁਰ ਸਾਹਿਬ : ਹੋਲੇ-ਮਹੱਲੇ ਦੀ ਸੰਪੂਰਨਤਾ ਮੌਕੇ ਗੁਰੂ ਕੀਆਂ ਲਾਡਲੀਆਂ ਖ਼ਾਲਸਾਈ ਨਿਹੰਗ ਸਿੰਘ ਦਲ ਪੰਥ ਫ਼ੌਜਾਂ ਵਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ 'ਚ ਇਤਿਹਾਸਕ ਅਸਥਾਨ ਗੁਰਦੁਆਰਾ ਸ਼ਹੀਦੀ ਬਾਗ ਤੋਂ ਪੁਰਾਤਨ ਰਵਾਇਤ ਮੁਤਾਬਿਕ ਮਹੱਲਾ ਸਜਾਇਆ ਗਿਆ। ਇਸ ਤੋਂ ਪਹਿਲਾਂ ਸਾਰੀਆਂ ਨਿਹੰਗ ਸਿੰਘ ਦਲ ਪੰਥਾਂ ਦੀਆਂ ਛਾਉਣੀਆਂ ਵਿਚ ਰੱਖੇ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਅਤੇ ਸਰਬਲੋਹ ਗ੍ਰੰਥਾਂ ਦੇ ਅਖੰਡ ਪਾਠਾਂ ਦੇ ਭੋਗ ਪਾਏ ਗਏ ਉਪਰੰਤ ਗੁਰਬਾਣੀ ਦੇ ਮਨੋਹਰ ਕੀਰਤਨ ਹੋਏ। ਉਪਰੰਤ ਛਾਉਣੀ ਬੁੱਢਾ ਦਲ ਗੁਰੂ ਕੇ ਬਾਗ ਤੋਂ ਮਹੱਲੇ ਦੀ ਅਰੰਭਤਾ ਹੋਈ। ਜਿਸ 'ਚ ਜਥੇਦਾਰ ਬਾਬਾ ਬਲਬੀਰ ਸਿੰਘ ਦੇ ਨਾਲ ਬਾਬਾ ਜੋਗਾ ਸਿੰਘ ਬਾਬਾ ਬਕਾਲਾ, ਬਾਬਾ ਅਵਤਾਰ ਸਿੰਘ ਤਰਨਾ ਦਲ ਸੰਪਰਦਾ ਬਾਬਾ ਬਿਧੀ ਚੰਦ ਸੁਰਸਿੰਘ, ਬਾਬਾ ਮੇਜਰ ਸਿੰਘ ਦਸਮੇਸ਼ ਤਰਨਾ ਦਲ, ਜਥੇ ਬਾਬਾ ਨਾਗਰ ਸਿੰਘ, ਜਥੇ ਬਾਬਾ ਬਲਦੇਵ ਸਿੰਘ ਵੱਲਾ, ਜਥੇ: ਬਾਬਾ ਵੱਸਣ ਸਿੰਘ ਮੜੀਆਂ ਵਾਲੇ, ਜਥੇ: ਬਾਬਾ ਬਲਵਿੰਦਰ ਸਿੰਘ ਮਹਿਤਾ ਚੌਕ, ਜਥੇ: ਬਾਬਾ ਲਾਲ ਸਿੰਘ, ਜਥੇ: ਬਾਬਾ ਛਿੰਦਾ ਸਿੰਘ ਭਿੱਖੀਵਿੰਡ, ਜਥੇ: ਬਾਬਾ ਜੋਗਾ ਸਿੰਘ ਕਰਨਾਲ ਵਾਲੇ ਆਦਿ ਤੋਂ ਇਲਾਵਾ ਹੋਰ ਵੱਡੀ ਗਿਣਤੀ ਵਿਚ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘ ਆਪਣੇ-ਆਪਣੇ ਦਲਾਂ ਬਲਾਂ ਸਮੇਤ ਸ਼ਾਮਿਲ ਹੋਏ। ਗੁਰਦੁਆਰਾ ਗੁਰੂ ਕਾ ਬਾਗ ਛਾਉਣੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਤੋਂ ਅਰੰਭ ਹੋ ਕੇ ਨਵੀਂ ਆਬਾਦੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਵੇਰਕਾ ਚੌਕ, ਬੱਸ ਅੱਡਾ ਹੋ ਕੇ ਇਤਿਹਾਸਕ ਅਸਥਾਨ ਗੁਰਦੁਆਰਾ ਮਾਤਾ ਜੀਤਾਂ ਜੀ ਸਾਹਿਬ ਵਿਖੇ ਨਤਮਸਤਕ ਹੋ ਕੇ ਪੁਰਾਤਨ ਚਰਨ ਗੰਗਾ ਸਟੇਡੀਅਮ ਵਿਖੇ ਪੁੱਜਾ। ਨਿਹੰਗ ਸਿੰਘਾਂ ਦੇ ਮੁਖੀ ਸਿੱਖ ਰਵਾਇਤੀ ਬਾਣਿਆਂ, ਸ਼ਸਤਰਾਂ, ਘੋੜਿਆਂ, ਹਾਥੀਆਂ, 'ਤੇ ਸਵਾਰ ਹੋ ਕੇ ਚਰਨ ਗੰਗਾ ਸਟੇਡੀਅਮ ਵਿਖੇ ਪਹੁੰਚੇ। ਜਿਥੇ ਨਿਹੰਗ ਸਿੰਘਾਂ ਨੇ ਸੰਗਤਾਂ ਦੇ ਲਾ-ਮਿਸਾਲ ਇਕੱਠ ਨੂੰ ਘੋੜ ਸਵਾਰੀ, ਨੇਜ਼ੇਬਾਜ਼ੀ, ਗਤਕੇਬਾਜ਼ੀ ਆਦਿ ਦਾ ਜੰਗਜੂ ਜੌਹਰ ਦਿਖਾਏ। ਬੈਂਡ ਵਾਜਿਆਂ ਦੀਆਂ ਸੁੰਦਰ ਧੁਨਾਂ, ਢੋਲ ਨਗਾਰਿਆਂ ਦੀਆਂ ਚੋਟਾਂ ਤੇ ਨਰਸਿੰਙੇ ਵਜਾਉਂਦੇ ਨਿਹੰਗ ਸਿੰਘਾਂ ਨੂੰ ਦੇਖਣ ਲਈ ਹਜ਼ਾਰਾਂ ਦੀ ਗਿਣਤੀ 'ਚ ਲੋਕ ਹਾਜ਼ਰ ਹੋਏ। ਉਪਰੰਤ ਘੋੜ ਦੌੜਾਂ 'ਚ ਨਿਹੰਗ ਸਿੰਘ ਇਕ ਤੋਂ ਦੋ, ਦੋ ਤੋਂ ਚਾਰ ਅਤੇ ਚਾਰ ਤੋਂ ਛੇ, ਛੇ ਘੋੜਿਆਂ 'ਤੇ ਖਲੋ ਕੇ ਘੋੜਿਆਂ ਨੂੰ ਦੌੜਾਇਆ ਅਤੇ ਵੱਧ ਤੋਂ ਵੱਧ ਕਿੱਲੇ ਪੁੱਟ ਕੇ ਇਨਾਮ ਪ੍ਰਾਪਤ ਕੀਤੇ। ਇਸ ਮੌਕੇ ਬਾਬਾ ਬਲਬੀਰ ਸਿੰਘ ਅਕਾਲੀ ਨੇ ਹੋਲੇ ਮਹੱਲੇ ਦੀ ਵਧਾਈ ਦਿੰਦਿਆਂ ਸਮੁੱਚੇ ਦਲਾਂ ਦੇ ਮੁਖੀਆਂ ਦਾ ਵਿਸ਼ੇਸ਼ ਤੌਰ 'ਤੇ ਅਤੇ ਮਹੱਲੇ ਵਿਚ ਸ਼ਾਮਿਲ ਹੋਣ ਲਈ ਦੂਰੋਂ ਨੇੜਿਓਂ ਪਹੁੰਚੀਆਂ ਸਮੁੱਚੀਆਂ ਨਿਹੰਗ ਸਿੰਘਾਂ ਫ਼ੌਜਾਂ ਦਾ ਧੰਨਵਾਦ ਕੀਤਾ। ਇਸ ਸਮੇਂ ਉਕਤ ਤੋਂ ਇਲਾਵਾ ਬਾਬਾ ਤਾਰਾ ਸਿੰਘ ਝਾੜ ਸਾਹਿਬ ਵਾਲੇ, ਬਾਬਾ ਰਘੁਬੀਰ ਸਿੰਘ ਖਿਆਲੇ ਵਾਲੇ, ਬਾਬਾ ਅਰਜਨ ਸਿੰਘ ਪਟਿਆਲੇ ਵਾਲੇ, ਬਾਬਾ ਮਾਨ ਸਿੰਘ ਗੁਰੂ ਨਾਨਕ ਦਲ ਮੜੀਆਂ ਵਾਲਾ ਬਟਾਲਾ, ਬਾਬਾ ਜੱਸਾ ਸਿੰਘ ਤਲਵੰਡੀ ਸਾਬੋ, ਬਾਬਾ ਇੰਦਰ ਸਿੰਘ, ਬਾਬਾ ਮੱਘਰ ਸਿੰਘ, ਬਾਬਾ ਸੁਖਵਿੰਦਰ ਸਿੰਘ ਮੌਰ, ਬਾਬਾ ਸਰਵਣ ਸਿੰਘ ਮਝੈਲ ਰਾਜਪੁਰਾ, ਬਾਬਾ ਵਿਸ਼ਵਪ੍ਰਤਾਪ ਸਿੰਘ ਸਮਾਣਾ, ਬਾਬਾ ਰਣਜੋਧ ਸਿੰਘ, ਬਾਬਾ ਪਿਆਰਾ ਸਿੰਘ, ਬਾਬਾ ਬਲਦੇਵ ਸਿੰਘ ਢੋਡੀ ਵਿੰਡ, ਬਾਬਾ ਮੇਜਰ ਸਿੰਘ ਦਸਮੇਸ਼ ਤਰਨਾ ਦਲ ਲੁਧਿਆਣਾ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਖੜਕ ਸਿੰਘ, ਬਾਬਾ ਚਰਨ ਸਿੰਘ ਫ਼ਤਿਹਗੜ੍ਹ ਸਾਹਿਬ ਆਦਿ ਹਾਜ਼ਰ ਸਨ।







ਸਿੱਖ ਸ਼ਸਤਰ ਕਲਾ ਨੂੰ ਸੰਭਾਲਣ ਲਈ ਜਥੇ: ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਜਤਨ ਪ੍ਰਸੰਸ਼ਾਜਨਕ: ਸਿੰਘ ਸਾਹਿਬ ਗਿ: ਸੁਲਤਾਨ ਸਿੰਘ

ਬੁੱਢਾ ਦਲ ਵੱਲੋਂ ਗਿ. ਸੁਲਤਾਨ ਸਿੰਘ, ਪ੍ਰੋ: ਧਰਮ ਸਿੰਘ, ਪ੍ਰੋ: ਪਰਮਵੀਰ ਸਿੰਘ, ਸ. ਹਰਪਾਲ ਸਿੰਘ ਭਾਟੀਆ, ਅਮਰੀਕਾ ਤੋਂ ਬਾਬਾ ਜਸਵਿੰਦਰ ਸਿੰਘ ਜੱਸੀ, ਕਨੇਡਾ ਤੋਂ ਬਾਬਾ ਗੁਰਮੇਲ ਸਿੰਘ ਤੇ ਹੋਰ ਸ਼ਖਸ਼ੀਅਤਾਂ ਸਨਮਾਨਤ

ਸ੍ਰੀ ਅਨੰਦਪੁਰ ਸਾਹਿਬ : ਹੋਲਾ-ਮਹੱਲਾ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਗੁਰਦੁਆਰਾ ਗੁਰੂ ਕਾ ਬਾਗ ਛਾਉਣੀ ਨਿਹੰਗ ਸਿੰਘਾਂ ਵਿਖੇ ਵਿਰਸਾ ਸੰਭਾਲ ਨੈਸ਼ਨਲ ਗੱਤਕਾ ਮੁਕਾਬਲੇ ਕਰਵਾਏ ਗਏ ਜਿਸ ਵਿੱਚ 20 ਟੀਮਾਂ ਨੇ ਸਿੱਖ ਸ਼ਸਤਰ ਕਲਾ ਦਾ ਬਾਖੂਬੀ ਪ੍ਰਗਟਾਵਾ ਕੀਤਾ। ਗੱਤਕਾ ਮੁਕਾਬਲਿਆਂ ਦੇ ਅੱਜ ਦੂਸਰੇ ਦਿਨ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਸਮੇਤ ਹੋਰ ਅਹਿਮ ਸਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਸਿੱਖ ਪੰਥ ਦੀਆਂ ਅਹਿਮ ਸਖਸ਼ੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਜਿਨ੍ਹਾਂ ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿ. ਸੁਲਤਾਨ ਸਿੰਘ, ਉੱਘੇ ਵਿਦਵਾਨ ਪ੍ਰੋ: ਧਰਮ ਸਿੰਘ ਸਾਬਕਾ ਪ੍ਰੋ: ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਭਾਈ ਗੁਰਮੀਤ ਸਿੰਘ ਸ਼ਾਂਤ, ਪ੍ਰੋ: ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸ. ਹਰਪਾਲ ਸਿੰਘ ਭਾਟੀਆ ਇੰਦੌਰ, ਬਾਬਾ ਜਸਵਿੰਦਰ ਸਿੰਘ ਜੱਸੀ ਯੂ.ਐਸ.ਏ, ਬਾਬਾ ਗੁਰਮੇਲ ਸਿੰਘ ਕਨੇਡਾ, ਬਾਬਾ ਸੰਨੀ ਸਿੰਘ ਯੂ.ਕੇ ਆਦਿ ਨੂੰ ਬੁੱਢਾ ਦਲ ਦੇ ਮੁੱਖੀ ਵੱਲੋ ਐਵਾਰਡ ਚਿੰਨ੍ਹ ਦੇ ਨਾਲ ਸ੍ਰੀ ਸਾਹਿਬ, ਦੁਸ਼ਾਲਾ, ਸਿਰਪਾਓ, ਧਾਰਮਿਕ ਪੁਸਤਕਾਂ ਦਾ ਸੈੱਟ, ਸਨਮਾਨ ਪੱਤਰ, ਸਨਮਾਨ ਚਿੰਨ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਆ ਗਿਆ।

ਇਸ ਮੌਕੇ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਖ ਵਿਰਾਸਤ ਦੀ ਸ਼ਾਨਾਮੱਤੀ ਸ਼ਸਤਰ ਕਲਾ ਨੂੰ ਸੰਭਾਲਣ ਲਈ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨਿਰੰਤਰ ਯਤਨਸ਼ੀਲ ਹਨ। ਇਨ੍ਹਾਂ ਵੱਲੋਂ ਹਰ ਸਾਲ ਹੋਲਾ ਮਹੱਲਾ ਅਤੇ ਖਾਲਸੇ ਦੀ ਸਿਰਜਨਾ ਦਿਵਸ ਵਿਸਾਖੀ ਮੌਕੇ ਗੱਤਕਾ ਮੁਕਾਬਲੇ ਕਰਵਾ ਕੇ ਸੰਗਤ ਨੂੰ ਖਾਲਸਾਈ ਸ਼ਾਨ ਦੇ ਰੂਬਰੂ ਕੀਤਾ ਜਾਂਦਾ ਹੈ, ਜਿਸ ਨਾਲ ਨੌਜੁਆਨੀ ਅੰਦਰ ਯੁੱਧ ਕਲਾ ਦੇ ਪ੍ਰਤੀਕ ਗੱਤਕਾਬਾਜ਼ੀ ਦੀ ਖਿੱਚ ਪੈਦਾ ਹੁੰਦੀ ਹੈ। ਨਿਰਸੰਦੇਹ ਅਜਿਹੇ ਉਪਰਾਲੇ ਵਰਤਮਾਨ ਸਿੱਖ ਨੌਜੁਆਨੀ ਨੂੰ ਆਪਣੀਆਂ ਵਿਰਾਸਤੀ ਜੜਾਂ ਨਾਲ ਜੋੜਨ ਲਈ ਵਡਮੁੱਲੀ ਭੂਮਿਕਾ ਅਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਬੁੱਢਾ ਦਲ ਵੱਲੋਂ ਵੱਖ-ਵੱਖ ਖੇਤਰਾਂ ਵਿਚ ਅਹਿਮ ਯੋਗਦਾਨ ਪਾਉਣ ਵਾਲੀਆਂ ਸਿੱਖ ਸਖਸ਼ੀਅਤਾਂ ਹਰ ਸਾਲ ਵੱਖ-ਵੱਖ ਐਵਾਰਡਾਂ ਨਾਲ ਸਨਮਾਨਤ ਕਰਨਾ ਚੰਗੀ ਪਿਰਤ ਹੈ। ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਕਿਹਾ ਕਿ ਦਸਮ ਪਾਤਸ਼ਾਹ ਵੱਲੋਂ ਦਿੱਤੀ ਇਹ ਜੰਗਜੂ ਕਲਾ ਨੂੰ ਸੁਰਜੀਤ ਰੱਖਣਾ ਤੇ ਉਸ ਦੇ ਵਿਕਾਸ ਤੇ ਚੜ੍ਹਦੀਕਲਾ ਲਈ ਨਿਰੰਤਰ ਯਤਨਸ਼ੀਲ ਹਨ ਬਾਬਾ ਬਲਬੀਰ ਸਿੰਘ 96 ਕਰੋੜੀ ਉਨ੍ਹਾਂ ਵੱਲੋਂ ਸਾਰੇ ਕੌਮੀ ਇਤਿਹਾਸਕ ਗੁਰਪੁਰਬਾਂ ਤੇ ਗੱਤਕੇ ਮੁਕਾਬਲੇ ਕਰਵਾਏ ਜਾ ਰਹੇ ਹਨ ਅਤੇ ਖੁੱਲੇ ਦਿਲ ਨਾਲ ਜੇਤੂ ਟੀਮਾਂ ਨੂੰ ਇਨਾਮ ਦੇ ਕੇ ਹੌਸਲਾ ਵਧਾਉਂਦੇ ਹਨ। ਜਥੇ: ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਇਸ ਮੌਕੇ ਸਿੰਘ ਸਾਹਿਬਾਨ, ਨਿਹੰਗ ਸਿੰਘ ਦਲਾਂ ਦੇ ਮੁਖੀਆਂ ਸਮੇਤ ਹੋਰ ਪ੍ਰਮੁੱਖ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਗਿਆ। ਗੱਤਕਾ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀਆਂ ਟੀਮਾਂ ਨੂੰ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਸਨਮਾਨਿਤ ਕੀਤਾ ਗਿਆ। ਦੋ ਰੋਜ਼ਾ ਇੰਟਰਨੈਸ਼ਨਲ ਗੱਤਕਾ ਮੁਕਾਬਲਿਆਂ ਵਿੱਚ ਭਾਰਤ ਭਰ ਵਿੱਚੋਂ 20 ਟੀਮਾਂ ਨੇ ਭਾਗ ਲਿਆ।

ਇਸ ਮੌਕੇ ਬਾਬਾ ਜੋਗਾ ਸਿੰਘ ਮੁਖੀ ਮਿਸਲ ਸ਼ਹੀਦਾਂ ਤਰਨਾਦਲ, ਬਾਬਾ ਚਰਨਜੀਤ ਸਿੰਘ ਸੰਪਰਦਾਇ ਬਾਬਾ ਬਿਧੀ ਚੰਦ ਸਾਹਿਬ ਸੁਰਸਿੰਘ, ਬਾਬਾ ਜਥੇਦਾਰ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਹੁਸ਼ਿਆਰਪੁਰ, ਬਾਬਾ ਨਾਗਰ ਸਿੰਘ, ਬਾਬਾ ਰਘਬੀਰ ਸਿੰਘ ਖਿਆਲੇ ਵਾਲੇ, ਬਾਬਾ ਜੋਗਾ ਸਿੰਘ ਕਰਨਾਲ ਵਾਲੇ, ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਰਮਜੀਤ ਸਿੰਘ ਚਾਵਲਾ, ਸ. ਗੁਰਪ੍ਰੀਤ ਸਿੰਘ ਰੰਡੇ ਮੈਨੇਜ਼ਰ, ਸ. ਹਰਦੇਵ ਸਿੰਘ ਮੈਨੇਜਰ, ਬਾਬਾ ਸਤਨਾਮ ਸਿੰਘ ਮਠਿਆਈਸਰ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਦਲੇਰ ਸਿੰਘ, ਬਾਬਾ ਗੁਰਮੁੱਖ ਸਿੰਘ, ਬਾਬਾ ਜਗਦੇਵ ਸਿੰਘ ਮਾਨਸਾ, ਬਾਬਾ ਤਰਲੋਕ ਸਿੰਘ ਢਡਰੀਆਂ, ਬਾਬਾ ਬਲਦੇਵ ਸਿੰਘ ਪਟਿਆਲਾ, ਬਾਬਾ ਸੁਖਵਿੰਦਰ ਸਿੰਘ ਚਮਕੌਰ ਸਾਹਿਬ, ਬਾਬਾ ਅਰਜਨ ਸਿੰਘ ਪਟਿਆਲੇ ਵਾਲੇ, ਬਾਬਾ ਵੱਸਣ ਸਿੰਘ, ਬਾਬਾ ਗੁਰਪ੍ਰੀਤ ਸਿੰਘ, ਬਾਬਾ ਹਰਜੀਤ ਸਿੰਘ ਮਹਿਤਾ ਚੌਂਕ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਬਲਦੇਵ ਸਿੰਘ ਮੁਸਤਰਾਬਾਦ, ਬਾਬਾ ਕੁਲਵਿੰਦਰ ਸਿੰਘ ਚਮਕੌਰ ਸਾਹਿਬ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਬਾਬਾ ਜਗਤਾਰ ਸਿੰਘ ਠੱਠੇ ਵਾਲੇ, ਬਾਬਾ ਢੁੰਡਾ ਸਿੰਘ ਮਿਸ਼ਲ ਭਾਈ ਬਚਿੱਤਰ ਸਿੰਘ, ਬਾਬਾ ਜਸਵਿੰਦਰ ਸਿੰਘ ਜੱਸੀ ਅਮਰੀਕਾ, ਬਾਬਾ ਕੁਲਵਿੰਦਰ ਸਿੰਘ ਤਰਨਾ ਦਲ ਚਮਕੌਰ ਸਾਹਿਬ, ਬਾਬਾ ਛਿੰਦਾ ਸਿੰਘ ਭਿੰਖੀਵਿੰਡ, ਬਾਬਾ ਜੱਸਾ ਸਿੰਘ ਤਲਵੰਡੀ ਸਾਬੋ, ਬਾਬਾ ਇੰਦਰ ਸਿੰਘ, ਬਾਬਾ ਮੱਘਰ ਸਿੰਘ, ਬਾਬਾ ਸੁਖਵਿੰਦਰ ਸਿੰਘ ਮੌਰ, ਬਾਬਾ ਸਰਵਣ ਸਿੰਘ ਮਝੈਲ ਰਾਜਪੁਰਾ, ਬਾਬਾ ਸ਼ੇਰ ਸਿੰਘ ਬਾਬਾ ਵਿਸ਼ਵਪ੍ਰਤਾਪ ਸਿੰਘ ਸਮਾਣਾ, ਬਾਬਾ ਰਣਜੋਧ ਸਿੰਘ, ਬਾਬਾ ਸੁਖਜੀਤ ਸਿੰਘ ਕਨ੍ਹੱਈਆ, ਬਾਬਾ ਬਲਦੇਵ ਸਿੰਘ ਢੰਡੀਵਿੰਡ, ਬਾਬਾ ਮੇਜਰ ਸਿੰਘ ਦਸ਼ਮੇਸ਼ ਤਰਨਾ ਦਲ ਲੁਧਿਆਣਾ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਚਰਨ ਸਿੰਘ ਫਤਹਿਗੜ੍ਹ ਸਾਹਿਬ ਆਦਿ ਹਾਜ਼ਰ ਸਨ।

ਗਤਕੇ ਦੇ ਜੌਹਰ ਵਿਖਾਉਂਦੇ ਹੋਏ ਨਿਹੰਗ ਸਿੰਘ।

ਬੁੱਢਾ ਦਲ ਵੱਲੋਂ ਸਿੰਘ ਸਾਹਿਬ ਜਥੇਦਾਰ ਗਿ. ਰਘਬੀਰ ਸਿੰਘ ਬਾਬਾ ਜੱਸਾ ਸਿੰਘ ਆਹਲੂਵਾਲੀਆ ਐਵਾਰਡ ਨਾਲ ਸਨਮਾਨਿਤ

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਮਹੱਲੇ ਦੀ ਅਰੰਭਤਾ ਤੋਂ ਪਹਿਲਾਂ ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਬਾਬਾ ਜੱਸਾ ਸਿੰਘ ਆਹਲੂਵਾਲੀਆ ਐਵਾਰਡ ਨਾਲ ਸਨਮਾਨਤਿ ਕੀਤਾ ਗਿਆ। ਸਿੰਘ ਸਾਹਿਬ ਗਿ. ਰਘਬੀਰ ਸਿੰਘ ਨੂੰ ਬੁੱਢਾ ਦਲ ਤੇ ਸ਼੍ਰੋਮਣੀ ਕਮੇਟੀ ਵੱਲੋਂ ਸਾਂਝੇ ਤੌਰ ਤੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਬੁੱਢਾ ਦਲ, ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁ: ਪ੍ਰ ਕਮੇਟੀ, ਸਿੰਘ ਸਾਹਿਬ ਗਿ. ਸੁਲਤਾਨ ਸਿੰਘ ਜਥੇ. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਬਾਬਾ ਹਰਨਾਮ ਸਿੰਘ ਖਾਲਸਾ ਮੁਖੀ ਦਮਦਮੀ ਟਕਸਾਲ ਮਹਿਤਾ ਚੌਂਕ ਅਤੇ ਸੀਨੀਅਰ ਮੈਂਬਰ ਸ਼੍ਰੋਮਣੀ ਕਮੇਟੀ, ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ ਨੇ ਸਾਂਝੇ ਤੌਰ ਤੇ ਅਰਪਿਤ ਕੀਤਾ। ਸਨਮਾਨ ਵਿੱਚ ਦੋਸ਼ਾਲਾ ਸਿਰਪਾਓ, ਐਵਾਰਡ, ਸ੍ਰੀ ਸਾਹਿਬ, ਸਨਮਾਨ ਪੱਤਰ ਅਤੇ ਨਿਹੰਗ ਸਿੰਘ ਸੰਦੇਸ਼ ਰਸਾਲੇ ਦਾ ਵਿਸ਼ੇਸ਼ ਅੰਕ ਭੇਟ ਕੀਤਾ ਗਿਆ। ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਗੁਰਦੁਆਰਾ ਗੁਰੂ ਕਾ ਬਾਗ਼ ਵਿਖੇ ਚਲਦੇ ਦੋ ਰੋਜ਼ਾ ਵਿਰਸਾ ਸੰਭਾਲ ਗੱਤਕਾ ਮੁਕਾਬਲੇ ਵਿੱਚ ਸਿੰਘ ਸਾਹਿਬ ਨੇ ਪੁੱਜਣਾ ਸੀ ਪਰ ਕਿਸੇ ਮਜ਼ਬੂਰੀ ਵਸ ਉਹ ਆ ਨਹੀਂ ਸਕੇ। ਇਸ ਕਾਰਨ ਇਹ ਸਨਮਾਨ ਅੱਜ ਤਖ਼ਤ ਸਾਹਿਬ ਤੋਂ ਭੇਟ ਕੀਤਾ ਗਿਆ ਹੈ।

ਬੁੱਢਾ ਦਲ ਵੱਲੋਂ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ, ਸਿੰਘ ਸਾਹਿਬ ਗਿ. ਸੁਲਤਾਨ ਸਿੰਘ, ਬਾਬਾ ਹਰਨਾਮ ਸਿੰਘ ਖਾਲਸਾ, ਸ. ਹਰਜਿੰਦਰ ਸਿੰਘ ਧਾਮੀ, ਸਿੰਘ ਸਾਹਿਬ ਗਿ. ਰਘਬੀਰ ਸਿੰਘ ਜਥੇ. ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਨਮਾਨ ਦਿੰਦੇ ਹੋਏ।

ਹੋਲੇ-ਮੁੱਹਲੇ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਗਿਆ ਅਲੌਕਿਕ ਨਗਰ ਕੀਰਤਨ

ਸੰਗਤਾਂ ਨੇ ਨਗਰ ਕੀਰਤਨ ਦਾ ਫੁੱਲਾਂ ਦੀ ਵਰਖਾ ਨਾਲ ਸੁਆਗਤ ਕੀਤਾ

ਅੰਮ੍ਰਿਤਸਰ – ਖਾਲਸੇ ਦੀ ਚੜਦੀ ਕਲਾ ਦੇ ਪ੍ਰਤੀਕ ਹੋਲੇ-ਮੋਹੱਲੇ ਦੇ ਪਾਵਨ ਦਿਹਾੜੇ ਮੌਕੇ ਗੁਰੂ ਨਗਰੀ ਅੰਮ੍ਰਿਤਸਰ ਵਿਖੇ ਖ਼ਾਸ ਰੌਣਕਾਂ ਵੇਖਣ ਨੂੰ ਮਿਲੀਆਂ। ਅੱਜ ਬਾਅਦ ਦੁਪਹਿਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ ਇਤਿਹਾਸਿਕ ਸੁਰਮਈ ਨਿਸ਼ਾਨ ਸਾਹਿਬ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਜੈਕਾਰਿਆਂ ਦੀ ਗੂੰਜ ਹੇਠ ਰਵਾਇਤੀ ਨਗਰ ਕੀਰਤਨ ਆਰੰਭ ਹੋਇਆ।

ਇਹ ਸੁਰਮਈ ਨਿਸ਼ਾਨ ਸਾਹਿਬਾਨ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਵਲੋਂ ਆਪਣੇ ਪਰਮ ਸੇਵਕ ਭਾਈ ਰਾਮ ਸਿੰਘ ਨੂੰ ਭੇਂਟ ਕੀਤੇ ਸਨ ਅਤੇ ਉਹਨਾਂ ਦੇ ਵੰਸ਼ਜ ਵਲੋਂ ਪੀੜੀ ਦਰ ਪੀੜੀ ਇਨ੍ਹਾਂ ਸੁਰਮਈ ਨਿਸ਼ਾਨ ਸਾਹਿਬਾਨ ਦੀ ਸਾਂਭ ਸੰਭਾਲ ਕੀਤੀ ਜਾਂਦੀ ਹੈ ਤੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਤੋਂ ਹਰ ਸਾਲ ਹੋਲੇ ਮੋਹੱਲੇ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰਵਾਇਤੀ ਨਗਰ ਕੀਰਤਨ ਸਜਾਇਆ ਜਾਂਦਾ ਹੈ।

ਹੁਣ ਵੀ ਭਾਈ ਰਾਮ ਸਿੰਘ ਦੇ 11ਵੇ ਵੰਸ਼ਜ ਜਸਬੀਰ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਵਲੋਂ ਇਨ੍ਹਾਂ ਇਤਿਹਾਸਿਕ ਸੁਰਮਈ ਨਿਸ਼ਾਨ ਸਾਹਿਬਾਨ ਦੀ ਸਾਂਭ ਸੰਭਾਲ ਦੀ ਸੇਵਾ ਨਿਭਾਈ ਜਾ ਰਹੀ ਹੈ। ਇਸ ਨਗਰ ਕੀਰਤਨ ਵਿਚ ਸ਼ਬਦੀ ਧੁਨਾਂ ਵਜਾਉਂਦੇ ਬੈਂਡ, ਸਿੱਖ ਮਾਰਸ਼ਲ ਆਰਟ ਦੇ ਹੈਰਤੰਗੇਜ ਕਰਤਬ ਦਿਖਾਉਂਦੇ ਗਤਕੇ ਵਾਲੇ ਸਿੰਘ, ਸ਼੍ਰੋਮਣੀ ਕਮੇਟੀ ਤੇ ਦਰਬਾਰ ਸਾਹਿਬ ਦਾ ਸਟਾਫ਼ ਅਤੇ ਗੁਰੂ ਜਸ ਵਿਚ ਮਗਨ ਹੋਈਆਂ ਸੰਗਤਾਂ ਵੱਡੀ ਗਿਣਤੀ ਵਿਚ ਸ਼ਾਮਲ ਹੋਈਆਂ।

ਇਹ ਨਗਰ ਕੀਰਤਨ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿਚੋਂ ਹੁੰਦਾ ਹੋਇਆ ਬੁਰਜ ਗੁਰਦੁਆਰਾ ਅਕਾਲੀ ਫੂਲਾ ਸਿੰਘ ਵਿਖੇ ਪੁੱਜਾ ਅਤੇ ਵਾਪਸ ਬਜ਼ਾਰਾਂ 'ਚੋਂ ਹੁੰਦਾ ਹੋਇਆ ਸ੍ਰੀ ਅਕਾਲ ਤਖ਼ਤ ? ਸਾਹਿਬ ਵਿਖੇ ਪੁੱਜ ਕੇ ਸੰਪਨ ਹੋਇਆ। ਇਸ ਮੌਕੇ ਸੰਗਤਾਂ ਵਿਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਨਗਰ ਕੀਰਤਨ ਦੇ ਰਸਤੇ ਵਿਚ ਥਾਂ-ਥਾਂ ਤੇ ਸੰਗਤਾਂ ਵਲੋਂ ਸਜਾਵਟੀ ਗੇਟ ਲਗਾ ਕੇ ਤੇ ਫੁੱਲਾਂ ਦੀ ਵਰਖਾ ਕਰ ਕੇ ਨਿੱਘਾ ਸਵਾਗਤ ਕੀਤਾ ਗਿਆ ਅਤੇ ਲੰਗਰ ਵੀ ਅਤੁੱਟ ਵਰਤਾਏ ਗਏ।

ਗੁ: ਮੱਲ ਅਖਾੜਾ ਸਾਹਿਬ ਪਾ: ਛੇਵੀਂ, ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਹੋਲਾ ਮਹੱਲਾ ਚੜ੍ਹਦੀਕਲਾ 'ਚ ਮਨਾਇਆ

ਅੰਮ੍ਰਿਤਸਰ : ਦੇਸ਼ ਰੱਖਯਕ, ਮਹਾਨ ਯੋਧੇ ਅਤੇ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਸਿੱਖ ਪੰਥ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ-ਮਹੱਲਾ ਦਾ ਤਿਉਹਾਰ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾ: ਛੇਵੀਂ ਅਤੇ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਪੂਰਨ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਗਿਆ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਮਨਾਇਆ ਜਾਂਦਾ ਹੋਲਾ ਮਹੱਲਾ ਇਸ ਵਾਰ ਵੀ ਪੂਰੀ ਸਿੱਖੀ ਸ਼ਾਨੋਸ਼ੌਕਤ ਨਾਲ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਹੋਏ ਗੁਰਮਤੇ ਅਨੁਸਾਰ ਮਨਾਇਆ ਗਿਆ।

ਰਾਗੀਆਂ, ਢਾਡੀਆਂ, ਕਵੀਸ਼ਰਾਂ ਅਤੇ ਅੰਮ੍ਰਿਤਸਰ ਦੀਆਂ ਸੁਖਮਨੀ ਸੇਵਾ ਸੁਸਾਇਟੀਆਂ ਦੇ ਸ਼ਬਦੀ ਜਥਿਆਂ ਨੇ ਗੁਰਮਤਿ ਦੀਵਾਨ ਵਿੱਚ ਕਥਾ ਵਿਖਿਆਨ, ਕੀਰਤਨ, ਢਾਡੀ ਜਥੇ ਨੇ ਗੁਰਇਤਿਹਾਸ ਅਤੇ ਗੁਰੂਸ਼ਬਦ ਨਾਲ ਸੰਗਤਾਂ ਨਾਲ ਸਾਂਝ ਕੀਤੀ। ਸ੍ਰੀ ਗੁਰੂ ਸਿੰਘ ਸਭਾ ਰਜਿਸਟਰਡ ਸ੍ਰੀ ਅੰਮ੍ਰਿਤਸਰ ਵੱਲੋਂ ਇਸ ਸਮੇਂ ਨਗਰ ਕੀਰਤਨ ਪੰਜ ਪਿਆਰਿਆਂ, ਨਿਸ਼ਾਚੀਆਂ ਦੀ ਅਗਵਾਈ ਵਿੱਚ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਪੁੱਜਾ। ਨਗਰ ਕੀਰਤਨ

ਨਾਲ ਸਿੰਘ ਸਭਾ ਦੇ ਸ. ਹਰਮਨਜੀਤ ਸਿੰਘ ਜਨਰਲ ਸਕੱਤਰ, ਸ. ਗੁਰਬਖਸ਼ ਸਿੰਘ ਬੇਦੀ, ਸ. ਸੁਖਵਿੰਦਰ ਸਿੰਘ ਸਕੱਤਰ, ਸ. ਸਰਬਜੋਤ ਸਿੰਘ ਮੀਤ ਪ੍ਰਧਾਨ, ਸ. ਰਵਿੰਦਰਜੀਤ ਸਿੰਘ ਪ੍ਰਚਾਰ ਸਕੱਤਰ, ਸ. ਅਰਵਿੰਦਰ ਸਿੰਘ ਭਾਟੀਆ, ਸ. ਹਰਜੀਤ ਸਿੰਘ, ਸ. ਅੰਮ੍ਰਿਤਪਾਲ ਸਿੰਘ ਆਹਲੂਵਾਲੀਆ, ਸ. ਗੋਪਾਲ ਸਿੰਘ, ਸ. ਹਰਭਜਨ ਸਿੰਘ, ਸ. ਅਮਰਦੀਪ ਸਿੰਘ ਆਦਿ ਨੂੰ ਬੁੱਢਾ ਦਲ ਵੱਲੋਂ ਸ. ਦਿਲਜੀਤ ਸਿੰਘ ਬੇਦੀ, ਬਾਬਾ ਭਗਤ ਸਿੰਘ, ਸ. ਪਰਮਜੀਤ ਸਿੰਘ, ਬਾਬਾ ਅਮਰੀਕ ਸਿੰਘ, ਬਾਬਾ ਗੁਰਲਾਲ ਸਿੰਘ ਨੇ ਨਿੱਘਾ ਸੁਆਗਤ ਕੀਤਾ ਅਤੇ ਪੰਜ ਪਿਆਰਿਆਂ, ਨਿਸ਼ਾਨਚੀਆਂ, ਨਗਾਰਚੀਆਂ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ। ਵੱਖ-ਵੱਖ ਗੱਤਕਾ ਟੀਮਾਂ ਨੇ ਸ਼ਸਤਰ ਕਲਾ ਦੇ ਜੌਹਰ ਵਿਖਾਏ।

ਹੋਲਾ-ਮਹੱਲਾ ਵੇਖਣ ਜਾ ਰਹੇ ਦੋ ਨੌਜਵਾਨਾਂ ਨਾਲ ਵਾਪਰਿਆ ਭਿਆਨਕ ਹਾਦਸਾ, ਮੌਕੇ 'ਤੇ ਹੋਈ ਦਰਦਨਾਕ ਮੌਤ

ਬੁਢਲਾਡਾ, (ਸਾਡੇ ਲੋਕ) : ਬੁਢਲਾਡਾ ਸਥਾਨਕ ਸ਼ਹਿਰ ਦੇ ਹੋਲੇ-ਮਹੱਲੇ 'ਤੇ ਮੋਟਰ ਸਾਈਕਲਾਂ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਜਾ ਰਹੇ ਮੋਟਰਸਾਈਕਲ ਸਵਾਰ 2 ਨੌਜਵਾਨਾਂ ਦੀ ਅਚਾਨਕ ਚੀਮਾਂ ਮੰਡੀ ਨਜ਼ਦੀਕ ਟਰੈਕਟਰ ਟਰਾਲੀ ਨਾਲ ਟੱਕਰ ਹੋ ਜਾਣ ਕਾਰਨ ਮੌਤ ਹੋ ਗਈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਮਾਸ਼ਟਰ ਕੁਲਵੰਤ ਸਿੰਘ ਨੇ ਦੱਸਿਆ ਕਿ ਬੁਢਲਾਡਾ ਹਲਕੇ ਨਾਲ ਸੰਬੰਧਤ 6 ਨੌਜਵਾਨ ਮੋਟਰਸਾਈਕਲਾਂ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਜਾ ਰਹੇ ਸਨ ਤਾਂ ਚੀਮਾਂ ਮੰਡੀ ਨੇੜੇ ਟਰੈਕਟਰ-ਟਰਾਲੀ ਨਾਲ ਅਚਾਨਕ ਟੱਕਰ ਹੋ ਜਾਣ ਕਾਰਨ 2 ਨੌਜਵਾਨਾਂ ਦੀ ਮੌਕੇ 'ਤੇ ਮੌਤ ਹੋ ਗਈ।

ਮ੍ਰਿਤਕ ਨੌਜਾਵਨ ਗੋਪਾਲ ਸਿੰਘ (22 ਸਾਲਾ) ਪੁੱਤਰ ਨੱਥਾ ਸਿੰਘ ਬੁਢਲਾਡਾ ਅਤੇ ਅਕਾਸ਼ਦੀਪ (19 ਸਾਲ) ਪੁੱਤਰ ਦਰਸ਼ਨ ਸਿੰਘ ਪਿੰਡ ਬਰ੍ਹੇ ਦੇ ਰਹਿਣ ਵਾਲੇ ਸਨ। ਦੋਹਾਂ ਨੂੰ ਥਾਣਾ ਚੀਮਾਂ ਦੀ ਪੁਲਸ ਵੱਲੋਂ ਸਿਵਲ ਹਸਪਤਾਲ ਸੁਨਾਮ ਵਿਖੇ ਲਿਜਾਇਆ ਗਿਆ। ਥਾਣਾ ਚੀਮਾਂ ਪੁਲਸ ਵੱਲੋਂ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਇਸ ਸਬੰਧੀ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਵੱਲੋਂ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਤਿਉਹਾਰ ਵਾਲੇ ਦਿਨ ਇਸ ਤਰ੍ਹਾਂ ਸਮਾਜਸੇਵੀ ਨੌਜਵਾਨਾਂ ਦਾ ਚਲੇ ਜਾਣਾ ਬਹੁਤ ਮੰਦਭਾਗੀ ਘਟਨਾ ਹੈ, ਜਿਸ ਕਾਰਨ ਸ਼ਹਿਰ ਵਿੱਚ ਸੋਗ ਦੀ ਲਹਿਰ ਵੇਖਣ ਨੂੰ ਮਿਲ ਰਹੀ ਹੈ।

ਸਿਆਸੀ ਸਥਿਰਤਾ ਦੇ ਫਲਸਰੂਪ ਭਾਰਤ ਵਿੱਚ ਆ ਰਹੇ ਨਿਵੇਸ਼ ਦਾ ਹਿੱਸਾ ਅੰਮ੍ਰਿਤਸਰ ਨੂੰ ਵੀ ਮਿਲਣਾ ਚਾਹੀਦਾ ਹੈ : ਤਰਨਜੀਤ ਸਿੰਘ ਸੰਧੂ

ਅਸੀਂ ਆਪਣੇ ਅੰਮ੍ਰਿਤਸਰ ਅਤੇ ਪੰਜਾਬ ਨੂੰ ਖ਼ੁਸ਼ਹਾਲੀ ਅਤੇ ਬੁਲੰਦੀਆਂ 'ਤੇ ਲੈ ਕੇ ਜਾਣਾ ਹੈ

ਅੰਮ੍ਰਿਤਸਰ : ਭਾਜਪਾ ਦੇ ਸੀਨੀਅਰ ਆਗੂ ਸਾਬਕਾ ਰਾਜਦੂਤ ਸਰਦਾਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਭਾਰਤ ਪ੍ਰਤੀ ਵਿਸ਼ਵ ਲੀਡਰਸ਼ਿਪ ਦਾ ਨਜ਼ਰੀਆ ਬਦਲ ਚੁੱਕਾ ਹੈ, ਜੋ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗਤੀਸ਼ੀਲ ਅਗਵਾਈ ਵਿਚ ਭਾਰਤ ਚ ਸਿਆਸੀ ਸਥਿਰਤਾ, ਮਜ਼ਬੂਤ ਲੀਡਰਸ਼ਿਪ ਅਤੇ ਆਬਾਦੀ 'ਚ ਨੌਜਵਾਨਾਂ ਦੀ ਹਿੱਸੇਦਾਰੀ ਨਾਲ ਸੰਭਵ ਹੋਇਆ ਹੈ। ਭਾਰਤ ਦੀ ਤਰੱਕੀ ਨੂੰ ਦੁਨੀਆ ਦੇ ਸਭ ਤੋਂ ਵਿਕਸਤ ਦੇਸ਼ ਅਮਰੀਕਾ ਨੇ ਵੀ ਮਾਨਤਾ ਦਿੱਤੀ ਹੈ, ਭਾਰਤ ਨੇ ਯਕੀਨੀ ਤੌਰ 'ਤੇ ਆਪਣੇ ਆਪ ਨੂੰ ਇੱਕ ਵਿਸ਼ਵ ਸ਼ਕਤੀ ਵਜੋਂ ਸਥਾਪਿਤ ਕੀਤਾ ਹੈ। ਇਹ ਤੈਅ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ।

ਸਰਦਾਰ ਤਰਨਜੀਤ ਸਿੰਘ ਸੰਧੂ ਰੋਟਰੀ ਕਲੱਬ ਅੰਮ੍ਰਿਤਸਰ ਮਿਡਟਾਊਨ ਵੱਲੋਂ ਐਸ.ਐਲ ਪਬਲਿਕ ਸਕੂਲ ਵਿਖੇ 'ਇੰਡੀਆ: ਐਨ ਐਮਰਜਿੰਗ ਸੁਪਰਪਾਵਰ' ਵਿਸ਼ੇ 'ਤੇ ਆਯੋਜਿਤ ਪ੍ਰੋਗਰਾਮ ਦੌਰਾਨ ਸੰਬੋਧਨ ਕਰ ਰਹੇ ਸਨ। ਉਨ੍ਹਾਂ ਰੋਟਰੀ ਕਲੱਬ ਦੇ ਪ੍ਰਧਾਨ ਰਮਿੰਦਰ ਸਿੰਘ ਸੋਢੀ, ਸਕੱਤਰ ਅਸ਼ਵਨੀ ਮਲਹੋਤਰਾ ਅਤੇ ਸਾਰੇ ਮੈਂਬਰਾਂ ਦੀ ਸਮਾਜ ਪ੍ਰਤੀ ਸੇਵਾ ਭਾਵਨਾ ਦੀ ਸ਼ਲਾਘਾ ਕੀਤੀ। ਸਰਦਾਰ ਸੰਧੂ ਨੇ ਕਿਹਾ ਕਿ ਹੁਣ ਸਮਾਂ ਪੱਛਮ ਤੋਂ ਪੂਰਬ ਵੱਲ ਆ ਰਿਹਾ ਹੈ। ਪਿਛਲੇ ਦਸ ਸਾਲਾਂ ਵਿੱਚ ਭਾਰਤ-ਅਮਰੀਕਾ ਸਬੰਧਾਂ ਨੇ ਇੱਕ ਮਜ਼ਬੂਤ ਭਾਈਵਾਲੀ ਦਾ ਰੂਪ ਧਾਰ ਲਿਆ ਹੈ। ਅਮਰੀਕਾ ਵਿੱਚ ਭਾਰਤੀ ਡਾਇਸਪੋਰਾ ਦਾ ਹਰ ਖੇਤਰ ਵਿੱਚ ਸ਼ਾਨਦਾਰ ਅਤੇ ਪ੍ਰਭਾਵਸ਼ਾਲੀ ਯੋਗਦਾਨ ਹੋਰ ਵੀ ਮਹੱਤਵਪੂਰਨ ਹੈ। ਅੱਜ ਪੁਲਾੜ, ਸਿਹਤ ਸੇਵਾਵਾਂ, ਟੈਕਨਾਲੋਜੀ ਤੋਂ ਲੈ ਕੇ ਵਪਾਰ ਤੱਕ ਵਿਚ ਭਾਰਤੀਆਂ ਦਾ ਦਬਦਬਾ ਹੈ। ਸਿਆਸੀ ਸਥਿਰਤਾ ਦੇ ਫਲਸਰੂਪ ਅਮਰੀਕਾ ਸਮੇਤ ਹੋਰ ਅਨੇਕਾਂ ਦੇਸ਼ ਭਾਰਤ ਵਿਚ ਨਿਵੇਸ਼ ਕਰ ਰਹੇ ਹਨ। ਅਜਿਹੇ ਸਮੇਂ ਵਿੱਚ ਇਹ ਨਿਵੇਸ਼ ਅੰਮ੍ਰਿਤਸਰ ਪੰਜਾਬ ਵੀ ਆਉਣਾ ਚਾਹੀਦਾ ਹੈ। ਕਿਉਂਕਿ ਅਸੀਂ ਆਪਣੇ ਅੰਮ੍ਰਿਤਸਰ ਅਤੇ ਪੰਜਾਬ ਨੂੰ ਵੀ ਖ਼ੁਸ਼ਹਾਲ ਅਤੇ ਬੁਲੰਦੀਆਂ 'ਤੇ ਲੈ ਕੇ ਜਾਣਾ ਚਾਹੁੰਦੇ ਹਾਂ। ਪੰਜਾਬੀ ਨੌਜਵਾਨਾਂ ਵਿੱਚ ਸਮਰੱਥਾ ਹੈ, ਉਨ੍ਹਾਂ ਦੀ ਸੋਚ ਬਦਲਣ ਅਤੇ ਉਨ੍ਹਾਂ ਨੂੰ ਸੇਧ ਦੇਣ ਦੀ ਲੋੜ ਹੈ। ਅੰਮ੍ਰਿਤਸਰ ਦੇ ਕਾਟੇਜ ਇੰਡਸਟਰੀਜ਼, ਖੇਤੀਬਾੜੀ ਉਪਜ, ਦਸਤਕਾਰੀ, ਰਸੋਈ ਆਦਿ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਦੇ ਕੇ ਵਿਸ਼ਵ ਸਪਲਾਈ ਲੜੀ ਦਾ ਹਿੱਸਾ ਬਣਾਉਣ ਦੀ ਲੋੜ ਹੈ। ਅੰਮ੍ਰਿਤਸਰ ਦੇ ਰਾਜਾਸਾਂਸੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਕਾਰਗੋ ਸਹੂਲਤ ਦੀ ਪੂਰੀ ਵਰਤੋਂ ਕਰਨੀ ਪਵੇਗੀ। ਅਮਰੀਕਾ ਵਿਚ ਹਵਾਈ ਜਹਾਜ਼ਾਂ ਦਾ ਬਾਲਣ ਅਤੇ ਸੜਕਾਂ ਬਣਾਉਣ ਲਈ ਪਰਾਲੀ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਉਸ ਅਮਰੀਕੀ ਕੰਪਨੀ ਦਾ ਸੀਈਓ ਪੰਜਾਬੀ ਹੈ। ਡਾ: ਚੰਦ, ਡਾ: ਰਤਨ ਲਾਲ, ਨਿੱਕੀ ਹੈਰੀ ਦੇ ਪਿਤਾ, ਇਹ ਸਾਰੇ ਪੰਜਾਬ ਐਗਰੀਕਲਚਰਲ ਸਕੂਲ ਦੇ ਸਾਬਕਾ ਵਿਦਿਆਰਥੀ ਹਨ। ਪੰਜਾਬ ਦੀ ਖੇਤੀ ਅਧਾਰਿਤ ਆਰਥਿਕਤਾ ਵਿੱਚ ਯੋਗਦਾਨ ਪਾਉਣ ਲਈ ਉਤਸੁਕ। ਅੱਜ ਉਹ ਸਮਾਂ ਆ ਗਿਆ ਹੈ ਜਦੋਂ ਭਾਰਤੀ ਵਿਦੇਸ਼ਾਂ ਤੋਂ ਆਪਣੀ ਮਾਤ ਭੂਮੀ ਨੂੰ ਪਰਤਣਗੇ। ਸਾਨੂੰ ਆਪਣੀ ਸਿੱਖਿਆ ਵਿੱਚ ਹੁਨਰ ਨੂੰ ਪਹਿਲ ਦੇਣੀ ਹੋਵੇਗੀ। ਨੌਜਵਾਨਾਂ ਨੂੰ ਸੁਚੇਤ ਕਰਨ ਦੀ ਲੋੜ ਹੈ ਕਿ ਬਾਹਰ ਜਾਣ ਦੀ ਇਹ ਕਾਹਲੀ ਜਲਦੀ ਖ਼ਤਮ ਹੋਣ ਵਾਲੀ ਹੈ। ਕਿਉਂਕਿ ਭਾਰਤੀ ਅਰਥਵਿਵਸਥਾ ਇੱਕ ਬੇਮਿਸਾਲ ਅਤੇ ਕ੍ਰਾਂਤੀਕਾਰੀ ਸਕਾਰਾਤਮਿਕ ਪੜਾਅ ਵਿੱਚ ਹੈ। ਸਿਰਫ਼ ਮਜ਼ਬੂਤ ਲੀਡਰਸ਼ਿਪ, ਦ੍ਰਿੜ੍ਹ ਇਰਾਦੇ, ਜਾਗਰੂਕਤਾ ਅਤੇ ਸਿੱਖਿਆ ਵਿਚ ਵਕਤ ਅਨੁਸਾਰ ਤਬਦੀਲੀ ਦੀ ਲੋੜ ਹੈ।

ਬਿੱਟੂ ਦੇ ਭਾਜਪਾ 'ਚ ਸ਼ਾਮਲ ਹੋਣ ਨਾਲ ਲੋਕ ਸਭਾ ਸੀਟ ਲੁਧਿਆਣਾ ਦੇ ਸਮੀਕਰਨ ਬਦਲੇ

ਕੀ ਭਾਜਪਾ ਹਾਈ ਕਮਾਨ ਲੁਧਿਆਣਾ ਤੋਂ ਸਾਂਸਦ ਬਿੱਟੂ ਨੂੰ ਦੇਵੇਗੀ ਟਿਕਟ

ਜਗਰਾਓਂ : ਦੇਸ਼ ਵਿੱਚ ਜਦੋਂ ਵੀ ਚੋਣਾਂ ਦਾ ਅਖਾੜਾ ਭੱਖਦਾ ਹੈ ਤਾਂ ਆਪੋ ਆਪਣਾ ਫਾਇਦਾ ਨੁਕਸਾਨ ਵੇਖਦੇ ਹੋਏ ਸਿਆਸੀ ਪਾਰਟੀਆਂ ਦੇ ਵੱਡੇ ਵੱਡੇ ਆਗੂ ਵੀ ਟਪੂਸੀ ਮਾਰਨ ਲੱਗੇ ਮਿੰਟ ਲਗਾਉਂਦੇ ਹਨ।

ਦੇਸ਼ ਵਿੱਚ ਇਸ ਮੌਕੇ ਲੋਕ ਸਭਾ ਚੋਣਾਂ ਦਾ ਅਖਾੜਾ ਪੂਰੀ ਤਰ੍ਹਾਂ ਭੱਖ ਚੁੱਕਾ ਹੈ ਅਤੇ ਸਿਆਸੀ ਪਾਰਟੀਆਂ ਵੱਲੋਂ ਵੱਖ-ਵੱਖ ਲੋਕ ਸਭਾ ਹਲਕਿਆਂ ਤੋਂ ਆਪੋ ਆਪਣੇ ਉਮੀਦਵਾਰਾਂ ਦਾ ਐਲਾਨ ਵੀ ਕੀਤਾ ਜਾ ਰਿਹਾ ਹੈ। ਪਰ ਲੁਧਿਆਣਾ ਦੀ ਸਿਆਸਤ ਚ ਉਸ ਸਮੇਂ ਖਲਬਲੀ ਮੱਚ ਗਈ ਜਦੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਜੋ ਕਿ ਤਿੰਨ ਵਾਰ ਕਾਂਗਰਸ ਪਾਰਟੀ ਦੀ ਟਿਕਟ ਤੋਂ ਜਿੱਤ ਕੇ ਸਾਂਸਦ ਰਹਿ ਚੁੱਕੇ ਹਨ ਅਤੇ ਮੌਜੂਦਾ ਸਮੇਂ ਵੀ ਲੁਧਿਆਣਾ ਤੋ ਸਾਂਸਦ ਹਨ ਪਰ ਬਿੱਟੂ ਨੇ ਅੱਜ ਕਾਂਗਰਸ ਨੂੰ ਉਸ ਵੇਲੇ ਵੱਡਾ ਝਟਕਾ ਦਿੱਤਾ ਜਦੋਂ ਉਹਨਾਂ ਨੇ ਕਾਂਗਰਸ ਦਾ ਹੱਥ ਛੱਡ ਭਾਜਪਾ ਦਾ ਦਾਮਨ ਫੜ ਲਿਆ।

ਭਰੋਸੇਮੰਦ ਸੂਤਰਾਂ ਦੀ ਮੰਨੀਏ ਤਾਂ ਬਿੱਟੂ ਭਾਜਪਾ ਦੇ ਨਾਲ ਨਾਲ ਆਮ ਆਦਮੀ ਪਾਰਟੀ ਦੇ ਵੱਡੇ ਆਗੂਆਂ ਦੇ ਸੰਪਰਕ ਵਿੱਚ ਵੀ ਸਨ ਜੋ ਕਿ ਦੋਹਾਂ ਸਿਆਸੀ ਪਾਰਟੀਆਂ 'ਚੋਂ ਕਿਸੇ ਇੱਕ ਸਿਆਸੀ ਪਾਰਟੀ ਨਾਲ ਹੱਥ ਮਿਲਾਉਣ ਲਈ ਤਿਆਰ ਬਰ ਤਿਆਰ ਬੈਠੇ ਸਨ। ਪਰ ਅੱਜ ਬਿੱਟੂ ਨੇ ਭਾਜਪਾ ਵਿੱਚ ਸ਼ਾਮਿਲ ਹੋ ਕੇ ਇਸ ਖਬਰ ਤੇ ਮੋਹਰ ਲਗਾ ਦਿੱਤੀ ਹੈ। ਰਵਨੀਤ ਬਿੱਟੂ ਦੇ ਭਾਜਪਾ ਵਿੱਚ ਸ਼ਾਮਿਲ ਹੋਣ ਨਾਲ ਪੰਜਾਬ ਦੀ ਸਿਆਸਤ ਵਿੱਚ ਪੂਰੀ ਤਰ੍ਹਾਂ ਚਰਚਾਵਾਂ ਦਾ ਬਾਜ਼ਾਰ ਗਰਮਾ ਗਿਆ ਹੈ ਕਿ ਕੀ ਬਿੱਟੂ ਦੇ ਭਾਜਪਾ ਵਿੱਚ ਸ਼ਾਮਿਲ ਹੋਣ ਨਾਲ ਉਹਨਾਂ ਦੇ ਕਰੀਬੀ ਮੰਨੇ ਜਾਣ ਵਾਲੇ ਕਾਂਗਰਸੀ ਆਗੂ ਵੀ ਕੀ ਆਉਣ ਵਾਲੇ ਸਮੇਂ ਵਿੱਚ ਬਿੱਟੂ ਦੇ ਨਕਸ਼ੇ ਕਦਮ ਤੇ ਚੱਲਦੇ ਹੋਏ ਭਾਜਪਾ ਵਿੱਚ ਸ਼ਾਮਿਲ ਹੋਣਗੇ ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ।

ਪਰ ਸੂਬੇ ਦੀ ਸਿਆਸਤ ਵਿੱਚ ਇਨ੍ਹਾਂ ਚਰਚਾਵਾਂ ਦਾ ਵੀ ਜ਼ੋਰ ਪੂਰਾ ਜ਼ੋਰਾਂ ਤੇ ਹੈ ਕੀ ਬਿੱਟੂ ਦੇ ਭਾਜਪਾ ਵਿੱਚ ਸ਼ਾਮਿਲ ਹੋਣ ਨਾਲ ਲੋਕ ਸਭਾ ਹਲਕਾ ਲੁਧਿਆਣਾ ਤੋਂ ਕਾਂਗਰਸ ਪਾਰਟੀ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਤੇ ਦਾ ਖੇਡਦੀ ਹੋਈ ਆਸ਼ੂ ਨੂੰ ਲੋਕ ਸਭਾ ਹਲਕਾ ਲੁਧਿਆਣਾ ਤੋਂ ਚੋਣ ਮੈਦਾਨ ਵਿੱਚ ਉਤਾਰ ਸਕਦੀ ਹੈ। ਕਿ ਸਾਂਸਦ ਬਿੱਟੂ ਦੇ ਭਾਜਪਾ ਵਿੱਚ ਸ਼ਾਮਿਲ ਹੋਣ ਨਾਲ ਲੋਕ ਸਭਾ ਹਲਕਾ ਲੁਧਿਆਣਾ ਦੇ ਬਦਲਣਗੇ ਸਮੀਕਰਨ ਸਾਂਸਦ ਬਿੱਟੂ ਦੇ ਭਾਜਪਾ ਵਿੱਚ ਸ਼ਾਮਿਲ ਹੋਣ ਨਾਲ ਲੋਕ ਸਭਾ ਹਲਕਾ ਲੁਧਿਆਣਾ ਦੇ ਸਮੀਕਰਨ ਹੁਣ ਕਿੰਝ ਬਦਲਦੇ ਹਨ ਇਹ ਵੀ ਦੇਖਣਯੋਗ ਹੋ ਹੋਵੇਗਾ। ਕਿਉਂਕਿ ਬਿੱਟੂ ਵੱਲੋ ਭਾਜਪਾ ਵਿੱਚ ਸ਼ਾਮਿਲ ਹੋਣ ਨਾਲ ਜਿੱਥੇ ਕਾਂਗਰਸ ਨੂੰ ਨੁਕਸਾਨ ਪਹੁੰਚਿਆ ਹੈ ਉੱਥੇ ਹੀ ਭਾਜਪਾ ਨੂੰ ਇਸ ਦਾ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਫਾਇਦਾ ਮਿਲਦਾ ਹੈ ਜਾ ਨਹੀਂ ਇਹ ਤਾਂ ਸਮਾਂ ਹੀ ਦੱਸੇਗਾ ਪਰ ਬਿੱਟੂ ਦੇ ਭਾਜਪਾ ਵਿੱਚ ਸ਼ਾਮਿਲ ਹੋਣ ਨਾਲ ਪਿਛਲੇ ਕਾਫੀ ਸਮੇਂ ਤੋਂ ਭਾਜਪਾ ਵਿੱਚ ਆਪਣੀ ਸਿਆਸੀ ਜ਼ਮੀਨ ਤਲਾਸ਼ ਰਹੇ ਸੁਖਵਿੰਦਰ ਸਿੰਘ ਗਰੇਵਾਲ, ਡਾਕਟਰ ਪਰਮਜੀਤ ਸਿੰਘ ਰਾਣੂ ਅਤੇ ਬੀਤੇ ਸਮੇਂ ਅਕਾਲੀ ਦਲ ਛੱਡ ਭਾਜਪਾ ਵਿੱਚ ਸ਼ਾਮਿਲ ਹੋਏ ਨੌਜਵਾਨ ਆਗੂ ਪਰਮਿੰਦਰ ਬਰਾੜ ਵੱਲੋਂ ਲੋਕ ਸਭਾ ਹਲਕਾ ਲੁਧਿਆਣਾ ਵਿੱਚ ਭਾਜਪਾ ਲਈ ਕੀਤੀ ਜਾ ਰਹੀ ਮਿਹਨਤ ਰੰਗ ਲਿਆਵੇਗੀ ਜਾਂ ਭਾਜਪਾ ਨਵੇਂ ਨਵੇਂ ਪਾਰਟੀ ਵਿੱਚ ਆਏ ਰਵਨੀਤ ਸਿੰਘ ਬਿੱਟੂ ਤੇ ਆਪਣਾ ਸਿਆਸੀ ਦਾ ਖੇਡਦੀ ਹੋਈ ਆਪਣੇ ਪੁਰਾਣੇ ਆਗੂਆਂ ਦੀ ਮਿਹਨਤ ਤੇ ਪਾਣੀ ਫਿਰੇਗੀ। ਇੱਥੇ ਇਹ ਵੀ ਗੱਲ ਸਾਫ ਹੈ ਕੀ ਭਾਜਪਾ ਪੰਜਾਬ ਵਿੱਚ ਆਪਣੀ ਸਿਆਸੀ ਜ਼ਮੀਨ ਤਲਾਸ਼ਣ ਲਈ ਪੂਰਾ ਜ਼ੋਰ ਲਗਾ ਰਹੀ ਹੈ ਅਤੇ ਲੁਧਿਆਣਾ ਸੀਟ ਨੂੰ ਹਰ ਹਾਲ ਵਿੱਚ ਜਿੱਤਣ ਦੇ ਲਈ ਲੋਕ ਸਭਾ ਹਲਕਾ ਲੁਧਿਆਣਾ ਤੋਂ ਸਿੱਖ ਚਿਹਰੇ ਨੂੰ ਅੱਗੇ ਲੈ ਕੇ ਆਉਣਾ ਚਾਹੁੰਦੀ ਹੈ ਸਿਆਸੀ ਜਾਣਕਾਰਾਂ ਦੀ ਮੰਨੀਏ ਤਾਂ ਜੇਕਰ ਭਾਜਪਾ ਨਵੇਂ ਨਵੇਂ ਭਾਜਪਾ ਵਿੱਚ ਸ਼ਾਮਿਲ ਹੋਏ ਬਿੱਟੂ ਨੂੰ ਲੁਧਿਆਣਾ ਤੋਂ ਉਮੀਦਵਾਰ ਐਲਾਨਦੀ ਹੈ ਤਾਂ ਭਾਜਪਾ ਨੂੰ ਇਹ ਸੀਟ ਜਿੱਤਣੀ ਔਖੀ ਹੀ ਨਹੀਂ ਨਾਮੁਮਕਿਨ ਲੱਗਦੀ ਹੈ।

ਮੁੰਬਈ ਪਹਿਲੀ ਵਾਰ ਏਸ਼ੀਆ ਦੇ ਅਰਬਪਤੀਆਂ ਦੀ ਰਾਜਧਾਨੀ ਬਣੀ

115 ਅਰਬ ਡਾਲਰ ਦੀ ਜਾਇਦਾਦ ਨਾਲ ਅੰਬਾਨੀ ਏਸ਼ੀਆ ਦੇ ਸਭ ਤੋਂ ਅਮੀਰ

ਨਵੀਂ ਦਿੱਲੀ : ਭਾਰਤ ਦੀ ਆਰਥਿਕ ਰਾਜਧਾਨੀ ਮੁੰਬਈ ਏਸ਼ੀਆ ਦੇ ਅਰਬਪਤੀਆਂ ਦੀ ਰਾਜਧਾਨੀ ਬਣ ਗਈ ਹੈ। ਮੁੰਬਈ ਨੇ ਪਹਿਲੀ ਵਾਰ ਚੀਨ ਦੀ ਰਾਜਧਾਨੀ ਬੀਜਿੰਗ ਨੂੰ ਪਿੱਛੇ ਛੱਡ ਕੇ ਇਹ ਮੁਕਾਮ ਹਾਸਲ ਕੀਤਾ ਹੈ। ਇੱਥੇ 603 ਵਰਗ ਕਿਲੋਮੀਟਰ ਦੇ ਖੇਤਰ 'ਚ 92 ਅਰਬਪਤੀ ਰਹਿੰਦੇ ਹਨ, ਜਦੋਂਕਿ ਬੀਜਿੰਗ ਦੇ 16,000 ਵਰਗ ਕਿਲੋਮੀਟਰ ਦੇ ਖੇਤਰ 'ਚ 91 ਅਰਬਪਤੀ ਹਨ। 'ਹੁਰਨ ਰਿਸਰਚ ਦੀ 2024 ਗਲੋਬਲ ਰਿਚ ਲਿਸਟ' ਮੁਤਾਬਿਕ ਪਿਛਲੇ ਇਕ ਸਾਲ 'ਚ ਮੁੰਬਈ 'ਚ 26 ਨਵੇਂ ਵਿਅਕਤੀ ਅਰਬਪਤੀ ਬਣੇ ਹਨ ਰਿਪੋਰਟ ਮੁਤਾਬਿਕ ਮੁੰਬਈ ਦੇ ਕੁੱਲ 92 ਲੋਕਾਂ ਦੀ ਜਾਇਦਾਦ ਇਕ ਸਾਲ 'ਚ 47 ਫ਼ੀਸਦੀ ਵਧ ਕੇ 445 ਅਰਬ ਡਾਲਰ (37.09 ਲੱਖ ਕਰੋੜ ਰੁਪਏ) ਹੋ ਗਈ ਹੈ। ਇਸ ਦੇ ਨਾਲ ਹੀ ਚੀਨ ਦੀ ਰਾਜਧਾਨੀ 'ਚ ਅਰਬਪਤੀਆਂ ਦੀ ਜਾਇਦਾਦ 28 ਫ਼ੀਸਦੀ ਘੱਟ ਕੇ 265 ਅਰਬ ਡਾਲਰ (22.08 ਲੱਖ ਕਰੋੜ ਰੁਪਏ) ਰਹਿ ਗਈ ਹੈ। ਸਾਲ 2024 ਲਈ ਹੁਰਨ ਗਲੋਬਲ ਰਿਚ ਲਿਸਟ ਜੋ ਅੱਜ ਜਾਰੀ ਕੀਤੀ ਗਈ ਹੈ ਇਸ ਵਿਚ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਨੇ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਵਜੋਂ ਆਪਣਾ ਸਥਾਨ ਬਰਕਰਾਰ ਰੱਖਿਆ, ਜਦੋਂਕਿ ਅਡਾਨੀ ਸਮੂਹ ਦੇ ਸੰਸਥਾਪਕ ਗੌਤਮ ਅਡਾਨੀ ਨੇ ਦੌਲਤ 'ਚ ਵਿਆਪਕ ਵਾਧਾ ਕੀਤਾ। ਇਸ ਨਾਲ ਉਹ ਕੌਮਾਂਤਰੀ ਰੈਂਕਿੰਗ 'ਚ 15ਵੇਂ ਸਥਾਨ 'ਤੇ ਪਹੁੰਚ ਗਏ। 115 ਅਰਬ ਡਾਲਰ ਦੀ ਸੰਪਤੀ ਦੇ ਨਾਲ 66 ਸਾਲਾ ਮੁਕੇਸ਼ ਅੰਬਾਨੀ ਨੇ ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਵਜੋਂ ਆਪਣਾ ਰੁਤਬਾ ਬਰਕਰਾਰ ਰੱਖਿਆ। ਆਪਣੀ ਦੌਲਤ 'ਚ 40 ਪ੍ਰਤੀਸ਼ਤ ਵਾਧੇ ਦੇ ਬਾਵਜੂਦ ਅੰਬਾਨੀ ਇਕ ਸਥਾਨ ਖਿਸਕ ਕੇ ਵਿਸ਼ਵ ਪੱਧਰ 'ਤੇ 10ਵੇਂ ਸਥਾਨ 'ਤੇ ਪਹੁੰਚ ਗਏ ਹਨ। 61 ਸਾਲਾ ਗੌਤਮ ਅਡਾਨੀ 86 ਅਰਬ ਡਾਲਰ ਦੀ ਸੰਪਤੀ ਦੇ ਨਾਲ ਵਿਸ਼ਵ ਰੈਂਕਿੰਗ ਵਿੱਚ 15ਵੇਂ ਸਥਾਨ 'ਤੇ ਪਹੁੰਚ ਗਏ। ਨਵੀਂ ਸੂਚੀ ਵਿਚ ਕੁੱਲ 167 ਨਵੇਂ ਅਰਬਪਤੀ ਸ਼ਾਮਿਲ ਹੋਏ ਹਨ, ਜਿਸ ਨਾਲ ਵਿਸ਼ਵਵਿਆਪੀ ਸੰਖਿਆ 3,279 ਵਿਅਕਤੀਆਂ ਤੱਕ ਪਹੁੰਚ ਗਈ ਹੈ। ਟੈਸਲਾ ਮੁਖੀ ਐਲਨ ਮਸਕ 231 ਅਰਬ ਡਾਲਰ ਨਾਲ ਚਾਰ ਸਾਲਾਂ 'ਚ ਤੀਜੀ ਵਾਰ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਵਜੋਂ ਆਪਣਾ ਖਿਤਾਬ ਦੁਬਾਰਾ ਪ੍ਰਾਪਤ ਕੀਤਾ। ਐਮਾਜ਼ਾਨ ਦੇ ਜੈਫ ਬੇਜੋਸ ਦੂਜੇ ਸਥਾਨ 'ਤੇ ਪਹੁੰਚ ਗਏ ਹਨ।

ਅਮਰੀਕਾ ਦੀਆਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ 'ਚ ਪਹੁੰਚਣ ਦੀ ਬੇਨਤੀ



ਵਾਸ਼ਿੰਗਟਨ ਡੀਸੀ ਦੀ ਉਹ ਧਰਤੀ ਹੈ ਜਿਥੇ ਅਮਰੀਕਾ ਭਰ ਤੋਂ ਚੁਣੇ ਹੋਏ ਕਾਂਗਰਸਮੈਨ ਸੈਨੇਟਰ ਅਤੇ ਦੁਨੀਆ ਭਰ ਦੇ ਆਗੂ ਪਹੁੰਚਦੇ ਹਨ। ਇਥੇ ਦੇ ਸਿੱਖ ਪਰੇਡ ਸਿੱਖ ਹੋਂਦ ਲਈ ਅਹਿਮ ਸਥਾਨ ਰੱਖਦੀ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਥੇ ਪਰਿਵਾਰ ਸਮੇਤ ਪਹੁੰਚ ਕੇ ਹਰ ਸਾਲ ਹਾਜ਼ਰੀਆਂ ਭਰਿਆ ਕਰਨ। ਸਿੱਖ ਪੰਥ ਦੀ ਅਜ਼ਾਦੀ ਦਾ ਪ੍ਰਤੀਕ ਅਤੇ Washington, D.C ਤੋਂ ਕੌਮ ਦੀ ਅੰਤਰਰਾਸ਼ਟਰੀ ਅਵਾਜ਼ ਨੈਸ਼ਨਲ ਸਿੱਖ ਡੇਅ ਪਰੇਡ USA ਜੋ ਕਿ ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 7th ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਹੋ ਰਹੀ ਹੈ ਸਮੂਹ ਸੰਗਤਾਂ ਨੂੰ ਪ੍ਰਵਾਰ ਸਮੇਤ ਪਹੁੰਚਣ ਦੀ ਬੇਨਤੀ।

ਸ. ਹਿੰਮਤ ਸਿੰਘ,
ਕੋਆਰਡੀਨੇਟਰ ਸਿੱਖ ਕੋਆਰਡੀਨੇਸ਼ਨ ਕਮੇਟੀ ਯੂਐਸਏ

ਨੈਸ਼ਨਲ ਸਿੱਖ ਡੇਅ ਪਰੇਡ 'ਚ ਸੰਗਤਾਂ ਹੁੰਮ ਹੁੰਮਾ ਕੇ ਪਹੁੰਚਣ : ਸ. ਹਰਜਿੰਦਰ ਸਿੰਘ

ਸਿੱਖਾਂ ਦੀ ਅਵਾਜ਼ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ. ਹਰਜਿੰਦਰ ਸਿੰਘ, ਸਪੋਕਸਮੈਨ ਸਿੱਖ ਕੋਆਰਡੀਨੇਸ਼ਨ ਕਮੇਟੀ ਯੂ ਐਸ ਏ

ਵਾਸ਼ਿੰਗਟਨ ਦੀ ਨੈਸ਼ਨਲ ਸਿੱਖ ਡੇਅ ਪਰੇਡ ਸਿੱਖਾਂ 'ਚ ਅਹਿਮ ਸਥਾਨ ਰੱਖਦੀ ਹੈ : ਸ. ਗੁਰਦੇਵ ਸਿੰਘ ਕੰਗ

ਨਿਊਯਾਰਕ ਦੀਆਂ ਸਿੱਖ ਸੰਗਤਾਂ ਵਲੋਂ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅਤੇ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ. ਗੁਰਦੇਵ ਸਿੰਘ ਕੰਗ
ਹਿਊਮਨ ਰਾਇਟਸ ਕਮਿਸ਼ਨਰ
ਨਿਊਯਾਰਕ

ਸਿੱਖਾਂ ਦਾ ਹੁਣ ਆਪਣੇ ਘਰ ਬਿਨਾਂ ਅਤੇ ਮੁਕੰਮਲ ਅਜ਼ਾਦੀ ਤੋਂ ਵਗੈਰ ਕੋਈ ਹੱਲ ਨਹੀਂ

ਵਾਸ਼ਿੰਗਟਨ ਤੋਂ ਕੌਮ ਦੀ ਅੰਤਰਾਸ਼ਟਰੀ ਆਵਾਜ਼ ਖਾਲਿਸਤਾਨ ਅਫੇਅਰ ਸੈਂਟਰ ਵਲੋਂ ਅਮਰੀਕਾ 'ਚ ਵਸਦੇ ਸਮੂਹ ਸਿੱਖਾਂ ਨੂੰ ਸਿੱਖ ਕੌਮ ਦੀ ਕੀਤੀ ਗਈ ਨਸਲਕੁਸ਼ੀ ਦੀ 40ਵੀਂ ਵਰ੍ਹੇਗੰਢ ਉਪਰ ਅਤੇ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ।

ਡਾ: ਅਮਰਜੀਤ ਸਿੰਘ ਖਾਲਿਸਤਾਨ ਅਫੇਅਰ ਸੈਂਟਰ, ਵਾਸ਼ਿੰਗਟਨ ਡੀ.ਸੀ.

ਡਾ. ਪ੍ਰਿਤਪਾਲ ਸਿੰਘ ਵਲੋਂ ਸਿੱਖ ਡੇਅ ਪਰੇਡ 'ਚ ਪਹੁੰਚਣ ਦਾ ਸੱਦਾ

ਪੂਰੇ ਭਾਰਤ ਵਿਚ ਸਿੱਖਾਂ ਦੀ ਨਸਲਕੁਸ਼ੀ ਨੂੰ 40 ਸਾਲ ਹੋ ਗਏ। ਕਿਸੇ ਸਰਕਾਰ ਅਤੇ ਕਿਸੇ ਭਾਰਤੀ ਅਦਾਲਤ ਨੇ ਸਿੱਖਾਂ ਨੂੰ ਇਨਸਾਫ਼ ਨਹੀਂ ਦਿੱਤਾ। ਸਿੱਖਾਂ ਦੇ ਕਾਤਲ ਉਚ ਅਹੁਦਿਆਂ 'ਤੇ ਬਿਰਾਜਮਾਨ ਹਨ ਅਤੇ ਹੁਣ ਵਿਦੇਸ਼ਾਂ 'ਚ ਸਿੱਖਾਂ ਲਈ ਇਨਸਾਫ਼ ਮੰਗਣ ਵਾਲੇ ਆਗੂਆਂ ਦੇ ਕਤਲ ਕੀਤੇ ਜਾ ਰਹੇ ਹਨ। ਇਸ ਇਤਹਾ ਨੂੰ ਠੱਲ੍ਹ ਪਾਉਣ ਲਈ ਪੂਰੀ ਕੌਮ ਨੂੰ ਇਕ ਝੰਡੇ ਹੇਠ ਇਕੱਠੇ ਹੋ ਕੇ ਕੌਮ ਦੀ ਮੁਕੰਮਲ ਅਜ਼ਾਦੀ ਦੀ ਗੱਲ ਕਰਨੀ ਚਾਹੀਦੀ ਹੈ।

ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ,
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ

ਸ਼੍ਰੋਮਣੀ ਅਕਾਲੀ ਦਲ ਅਮਰੀਕਾ ਵਲੋਂ ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ ਸਿੱਖ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ. ਸੁਰਜੀਤ ਸਿੰਘ ਕੁਲਾਰ
ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਮਰੀਕਾ

ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖਾਂ ਦੀ ਮੁਕੰਮਲ ਅਜ਼ਾਦੀ ਲਈ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ।

ਸ. ਬੂਟਾ ਸਿੰਘ ਖਰੌਦ,
ਕਨਵੀਨਰ ਸ਼੍ਰੋਮਣੀ ਅਕਾਲੀ ਦਲ ਅਮਰੀਕਾ

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖ ਕੌਮ ਦੀ ਅਜ਼ਾਦੀ ਲਈ ਸਮੂਹ ਸਿੱਖ ਜਗਤ ਨੂੰ ਇਕ ਝੰਡੇ ਹੇਠ ਇਕੱਠੇ ਹੋਣ ਦਾ ਸੱਦਾ।

ਸ. ਜਸਵੰਤ ਸਿੰਘ ਹੋਠੀ, ਪ੍ਰਧਾਨ
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਮਰੀਕਾ

ਅਮਰੀਕਾ ਵਿਚ ਸਿੱਖਾਂ ਦੀ ਆਵਾਜ਼ ਗੁਰਦੁਆਰਾ ਸਾਹਿਬ ਰਿਚਮੰਡ ਨਿਊਯਾਰਕ ਦੇ ਪ੍ਰਧਾਨ ਸ. ਭੁਪਿੰਦਰ ਸਿੰਘ ਬੋਪਰਾਏ ਵਲੋਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ. ਭੁਪਿੰਦਰ ਸਿੰਘ ਬੋਪਾਰਾਏ, ਪ੍ਰਧਾਨ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ, ਨਿਊਯਾਰਕ

7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਡਾ. ਹਰਦਮ ਸਿੰਘ ਆਜ਼ਾਦ

ਸਿੱਖਾਂ ਦਾ ਆਜ਼ਾਦੀ ਬਿਨਾਂ ਕੋਈ ਹੱਲ ਨਹੀਂ

ਪੂਰੇ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। ਸਿੱਖਾਂ ਦੀਆਂ ਧੀਆਂ ਭੈਣ ਨਾਲ ਤਿੰਨ ਦਿਨ ਬਲਾਤਕਾਰ ਕੀਤਾ ਗਿਆ ਅਤੇ ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਅਤੇ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। ਸਿੱਖਾਂ ਦਾ ਆਪਣੇ ਘਰ ਬਿਨਾਂ ਕੋਈ ਹੱਲ ਨਹੀਂ।

ਡਾ. ਬਖਸ਼ੀਸ਼ ਸਿੰਘ ਸੰਧੂ (SFJ)
ਕੌਂਸਲ ਆਫ ਖਾਲਿਸਤਾਨ

ਸਿੱਖ ਕਲਚਰ, ਸੁਸਾਇਟੀ ਨਿਊਯਾਰਕ ਦੇ ਸਾਬਕਾ ਪ੍ਰਧਾਨ ਸ. ਦਵਿੰਦਰ ਸਿੰਘ ਬੋਪਾਰਾਏ ਵਲੋਂ ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ. ਦਵਿੰਦਰ ਸਿੰਘ ਬੋਪਾਰਾਏ ਸਾਬਕਾ ਪ੍ਰਧਾਨ
ਸਿੱਖ ਕਲਚਰਲ, ਰਿਚਮੰਡ ਹਿੱਲ, ਨਿਊਯਾਰਕ

325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ. ਬਲਜਿੰਦਰ ਸਿੰਘ
ਬਰਾੜ ਨਿਊਜਰਸੀ

ਸਿੱਖਾਂ ਦੀ ਆਵਾਜ਼ ਸ. ਬਲਵਿੰਦਰ ਸਿੰਘ ਚੱਠਾ ਵਰਜੀਨੀਆ ਵਲੋਂ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ. ਬਲਵਿੰਦਰ ਸਿੰਘ ਚੱਠਾ
ਵਰਜੀਨੀਆ

7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ. ਭਗਤ ਸਿੰਘ ਪੈਨਸਿਲਵੇਨੀਆ

ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। ਸਿੱਖਾਂ ਦੀਆਂ ਧੀਆਂ ਭੈਣ ਨਾਲ ਤਿੰਨ ਦਿਨ ਬਲਾਤਕਾਰ ਕੀਤਾ ਗਿਆ ਪਰ ਸਿੱਖਾਂ ਨੂੰ ਕੋਈ ਇਨਸਾਫ਼ ਨਹੀਂ ਮਿਲਿਆ।

ਸ਼. ਬਲਜਿੰਦਰ ਸਿੰਘ ਨਿਊਯਾਰਕ

ਅਮਰੀਕਾ ਦੀਆਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ਼. ਬਲਾਕਾ ਸਿੰਘ ਨਿਊਯਾਰਕ



325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 7ਵੀਂ ਨੈਸ਼ਨਲ ਸਿੱਖ ਪਰੇਡ ਯੂਐਸਏ ਵਿਖੇ ਹੋ ਰਹੇ ਸਮਾਗਮ 'ਚ ਸਮੂਹ ਸੰਗਤਾਂ ਪਰਿਵਾਰ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨ।

ਸ਼. ਦਲਜਿੰਦਰ ਸਿੰਘ ਨਿਊਯਾਰਕ

ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ ਸਿੱਖ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ਼. ਦਵਿੰਦਰ ਸਿੰਘ ਬਦੇਸ਼ਾ, ਵਰਜੀਨੀਆ

ਪੂਰੇ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਨੂੰ ਲੱਖ-ਲੱਖ ਵਧਾਈਆਂ।

ਸ਼. ਹਰਚਰਨ ਸਿੰਘ ਪੈਨਸਿਲਵੇਨੀਆ

ਵਰਜੀਨੀਆ ਦੀ ਸੰਗਤ ਵਲੋਂ ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ਼. ਦਵਿੰਦਰ ਸਿੰਘ ਦਿਓ ਵਰਜੀਨੀਆ

ਨਿਊਜਰਸੀ ਦੀਆਂ ਸਿੱਖ ਸੰਗਤਾਂ ਵਲੋਂ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅਤੇ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ਼. ਪ੍ਰਦੀਪ, ਸਿੰਘ ਖਾਲਸਾ, ਨਿਊਜਰਸੀ

ਮੈਰੀਲੈਂਡ ਦੀਆਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ਼. ਬਖਸ਼ੀਸ਼ ਸਿੰਘ ਮੈਰੀਲੈਂਡ



ਯੂਨਾਈਟਿਡ ਸਿੱਖ ਵਲੋਂ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 7ਵੀਂ ਨੈਸ਼ਨਲ ਸਿੱਖ ਪਰੇਡ ਯੂਐਸਏ ਵਿਖੇ ਹੋ ਰਹੇ ਸਮਾਗਮ 'ਚ ਸੰਗਤਾਂ ਪਰਿਵਾਰ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨ।

ਸ਼. ਹਰਦਿਆਲ ਸਿੰਘ, ਯੂਨਾਈਟਿਡ ਸਿੱਖ

325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ। 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ਼. ਹਰਮਿੰਦਰ ਸਿੰਘ ਆਹਲੂਵਾਲੀਆ ਨਿਊਯਾਰਕ

325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ਼. ਜਾਫੀ ਸਿੰਘ ਇੰਡੀਆਨਾ

ਸਿੱਖ ਯੂਥ ਆਫ ਅਮਰੀਕਾ ਵਲੋਂ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ਼. ਜਸਵੀਰ ਸਿੰਘ,
ਸਿੱਖ ਯੂਥ ਆਫ ਅਮਰੀਕਾ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ਼. ਜਤਿੰਦਰ ਸਿੰਘ ਖੱਟੜਾ
ਨਿਊਜਰਸੀ

ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। ਸਿੱਖਾਂ ਦੀਆਂ ਧੀਆਂ ਭੈਣ ਨਾਲ ਤਿੰਨ ਦਿਨ ਬਲਾਤਕਾਰ ਕੀਤਾ ਗਿਆ ਪਰ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ।

ਸ਼. ਜੋਗਰਾਜ ਸਿੰਘ ਨਿਊਜਰਸੀ

ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਵਧਾਈ।

ਸ਼. ਕੇਵਲ ਸਿੰਘ ਸੰਧੂ, ਫਿਲਾਡੇਲਫੀਆ



ਸਿੱਖਾਂ ਦੀ ਆਵਾਜ਼ ਸ਼. ਸਤਨਾਮ ਸਿੰਘ ਵਿਰਕ ਨਿਊਜਰਸੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ਼. ਸਤਨਾਮ ਸਿੰਘ ਵਿਰਕ
ਕਾਟਰੇਟ ਨਿਊਜਰਸੀ

325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ਼. ਸਵਰਨਜੀਤ ਸਿੰਘ ਖਾਲਸਾ
ਸਿਟੀ ਕੌਂਸਲਰ

7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ਼. ਅਵਤਾਰ ਸਿੰਘ ਪੰਨੂ (SFJ)

ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ਼. ਨਵਤੇਜ ਸਿੰਘ ਤੇਜੀ ਪੈਨਸਿਲਵੇਨੀਆ

ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ਼. ਪ੍ਰਿਤਪਾਲ ਸਿੰਘ ਖਾਲਸਾ
ਨਿਊਜਰਸੀ

ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ਼. ਰਾਜਵਿੰਦਰ ਸਿੰਘ ਬਦੇਸ਼ਾ ਨਿਊਜਰਸੀ

ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ਼. ਸੰਤੋਖ ਸਿੰਘ ਇੰਡੀਆਨਾ

ਸ਼. ਸਰਵਣ ਸਿੰਘ ਨਿਊਜਰਸੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ਼. ਸਰਵਣ ਸਿੰਘ ਨਿਊਜਰਸੀ

7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ।

ਸ਼. ਉਧਮ ਸਿੰਘ ਵਰਜੀਨੀਆ

ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ਼. ਕੁਲਵੰਤ ਸਿੰਘ ਦਿਓਲ ਨਿਊਯਾਰਕ

ਸਿੱਖਾਂ ਦੀ ਆਵਾਜ਼ ਸ੍ਰ. ਸੱਜਣ ਸਿੰਘ ਨਿਊਯਾਰਕ ਵਲੋਂ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੱਜਣ ਸਿੰਘ ਨਿਊਯਾਰਕ

7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜੋਗਾ ਸਿੰਘ ਨਿਊਜਰਸੀ

ਸਿੱਖ ਕੌਮ ਦੀ ਆਵਾਜ਼ ਸ੍ਰ. ਬਲਵਿੰਦਰ ਸਿੰਘ ਨਿਊਯਾਰਕ ਵਲੋਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਬਲਵਿੰਦਰ ਸਿੰਘ ਨਿਊਯਾਰਕ

ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਲੇਰ ਸਿੰਘ ਨਿਊਯਾਰਕ

ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸਵਿੰਦਰ ਸਿੰਘ
ਪ੍ਰਧਾਨ ਸਿੰਘ ਸਭਾ ਗਲੈਨਰਾਕ, ਨਿਊਜਰਸੀ

ਸ੍ਰ. ਬੂਟਾ ਸਿੰਘ ਚੀਮਾ ਨਿਊਯਾਰਕ ਵਲੋਂ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਬੂਟਾ ਸਿੰਘ ਚੀਮਾ ਨਿਊਯਾਰਕ

325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਗੁਰਮੇਲ ਸਿੰਘ, ਨਿਊਯਾਰਕ

ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਿੰਦਰ ਸਿੰਘ, ਨਿਊਯਾਰਕ

ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੇਵਲ ਸਿੰਘ ਨਿਊਜਰਸੀ

7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਮਹਿਤਾਬ ਸਿੰਘ ਵਰਜੀਨੀਆ

7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ।

ਸ੍ਰ. ਲਾਲ ਸਿੰਘ, ਪੈਨਸਿਲਵੇਨੀਆ

325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ। 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਟਹਿਲ ਸਿੰਘ, ਨਿਊਯਾਰਕ

ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਦੀਪ ਸਿੰਘ ਨਿਊਯਾਰਕ

ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਪਰਮਿੰਦਰ ਸਿੰਘ ਬਿੱਲਾ ਨਿਊਯਾਰਕ

ਸ੍ਰ. ਸਵਿੰਦਰ ਸਿੰਘ ਮੈਰੀਲੈਂਡ ਵਲੋਂ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਸਵਿੰਦਰ ਸਿੰਘ ਮੈਰੀਲੈਂਡ

7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਨਰਿੰਦਰ ਸਿੰਘ ਵਰਜੀਨੀਆ

ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਅਤੇ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਵਧਾਈ।

ਸ੍ਰ. ਇੰਦਰਜੀਤ ਸਿੰਘ, ਪ੍ਰਧਾਨ
ਗੁਰਦੁਆਰਾ ਦਸਮੇਸ਼ ਦਰਬਾਰ, ਕਾਟਰੇਟ ਨਿਊਜਰਸੀ

ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਦੀਪ ਸਿੰਘ ਖਾਲਸਾ, ਨਿਊਯਾਰਕ



ਸ੍ਰ. ਰਾਜਿੰਦਰ ਸਿੰਘ ਨਿਊਯਾਰਕ ਵਲੋਂ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 325ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਰਾਜਿੰਦਰ ਸਿੰਘ ਨਿਊਯਾਰਕ

ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖਾਂ ਦੀ ਮੁਕੰਮਲ ਅਜ਼ਾਦੀ ਲਈ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ।

ਸ੍ਰ. ਕੁਲਵੰਤ ਸਿੰਘ ਮਿਆਣੀ ਨਿਊਯਾਰਕ

ਅੱਜ ਸਿੱਖਾਂ ਨੂੰ ਏਕਤਾ ਦੇ ਸੂਤਰ 'ਚ ਬੱਝਣ ਦੀ ਵੱਡੀ ਲੋੜ ਹੈ : ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ

ਸ੍ਰੀ ਅਨੰਦਪੁਰ ਸਾਹਿਬ- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਅੱਜ ਖ਼ਾਲਸਾ ਪੰਥ ਦੀ ਚੜ੍ਹਦੀਕਲਾ ਦੇ ਪ੍ਰਤੀਕ ਕੌਮੀ ਜੋੜ ਮੇਲਾ ਹੋਲਾ-ਮਹੱਲਾ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸਿੱਖ ਕੌਮ ਦੇ ਨਾਂਅ ਸੰਦੇਸ਼ ਦਿੰਦਿਆਂ ਹੋਲਾ-ਮਹੱਲਾ ਦੀ ਸਮੁੱਚੀ ਸਿੱਖ ਕੌਮ ਨੂੰ ਵਧਾਈ ਦਿੰਦਿਆਂ ਅੰਮ੍ਰਿਤਧਾਰੀ ਹੋ ਕੇ ਸ਼ਾਸਤਰ ਤੇ ਸ਼ਸਤਰ ਦੇ ਧਾਰਨੀ ਹੋਣ ਦੀ ਤਾਕੀਦ ਕੀਤੀ ਹੈ।

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਅੱਜ ਸਿੱਖਾਂ ਨੂੰ ਏਕਤਾ ਦੇ ਸੂਤਰ ਵਿਚ ਬੱਝਣ ਦੀ ਵੱਡੀ ਲੋੜ ਹੈ। ਉਨ੍ਹਾਂ ਆਖਿਆ ਕਿ ਜਦੋਂ ਤੱਕ ਸਿੱਖ ਭਾਈਚਾਰਕ ਤੌਰ 'ਤੇ ਇਤਫਾਕ ਕਾਇਮ ਨਹੀਂ ਕਰਦੇ, ਸਰਕਾਰਾਂ ਧੱਕਾ ਕਰਦੀਆਂ ਰਹਿਣਗੀਆਂ। ਉਨ੍ਹਾਂ ਆਖਿਆ ਕਿ ਅੱਜ ਪੰਜਾਬ ਦੇ ਕਿਸਾਨ ਆਪਣੇ ਹੱਕ ਲੈਣ ਲਈ ਸੜਕਾਂ 'ਤੇ ਰੁਲ ਰਹੇ ਹਨ ਪਰ ਜਦੋਂ ਸੱਤਾਧਾਰੀ ਵੋਟਾਂ ਮੰਗਣ ਆਉਣ ਤਾਂ ਆਮ ਲੋਕ ਉਨ੍ਹਾਂ ਦੀ ਜਵਾਬਦੇਹੀ ਜ਼ਰੂਰ ਕਰਨ। ਉਨ੍ਹਾਂ ਆਖਿਆ ਕਿ ਬੰਦੀ ਸਿੰਘ 30-30 ਸਾਲਾਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਹਨ ਅਤੇ ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਵੀ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਆਖਿਆ ਕਿ ਜੇਕਰ ਆਪਣੇ ਹੱਕਾਂ ਲਈ ਹਥਿਆਰ ਚੁੱਕਣ ਵਾਲੇ ਬੰਦੀ ਸਿੰਘ ਅੱਤਵਾਦੀ ਸਨ ਤਾਂ ਸਾਰਾ ਖ਼ਾਲਸਾ ਪੰਥ ਹੀ ਅੱਤਵਾਦੀ ਹੈ, ਕਿਉਂਕਿ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਖ਼ਾਲਸਾ ਪੰਥ ਨੂੰ ਗੁਰੂ ਸਾਹਿਬਾਨ ਨੇ ਸਿਖਾਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ 'ਚੋਂ ਕੱਢ ਕੇ ਅੰਮ੍ਰਿਤਧਾਰੀ ਬਣਾਉਣ ਅਤੇ ਧਰਮ ਪ੍ਰਚਾਰ ਕਰਨ ਵਾਲੇ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀ ਸਿੰਘਾਂ ਦਾ ਕੀ ਗੁਨਾਹ ਸੀ, ਜਿਨ੍ਹਾਂ ਨੂੰ ਸਰਕਾਰ ਨੇ ਪੰਜਾਬ ਤੋਂ ਸੈਂਕੜੇ ਕਿਲੋਮੀਟਰ ਦੂਰ ਡਿਬਰੂਗੜ੍ਹ ਦੀ ਜੇਲ੍ਹ ਵਿਚ ਐਨ.ਐਸ.ਏ. ਲਗਾ ਕੇ ਨਜ਼ਰਬੰਦ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਜੇਕਰ ਧਰਮ ਪ੍ਰਚਾਰ ਕਰਨਾ ਗੁਨਾਹ ਹੈ ਤਾਂ ਇਹ ਗੁਨਾਹ ਹਰ ਸਿੱਖ ਕਰੇਗਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਕੇਂਦਰ ਸਰਕਾਰ 'ਤੇ ਸਿੱਖਾਂ ਨੂੰ ਧਾਰਮਿਕ, ਆਰਥਿਕ, ਸਮਾਜਿਕ, ਰਾਜਨੀਤਕ, ਸੱਭਿਆਚਾਰਕ ਅਤੇ ਭੂਗੋਲਿਕ ਤੌਰ 'ਤੇ ਕਮਜ਼ੋਰ ਕਰਨ ਦੇ ਦੋਸ਼ ਲਾਉਂਦਿਆਂ ਆਖਿਆ ਹੈ ਕਿ ਪੰਜਾਬ ਦੇ ਲੋਕਾਂ ਕੋਲੋਂ ਖੇਤੀਬਾੜੀ ਵਰਗਾ ਸਵੈਮਾਣ ਵਾਲਾ ਕਿੱਤਾ ਖੋਹ ਕੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੇ ਮਾਰੂ ਹੀਲੇ ਵਰਤੇ ਜਾ ਰਹੇ ਹਨ, ਜਿਨ੍ਹਾਂ ਤੋਂ ਪੰਜਾਬ ਵਾਸੀਆਂ ਨੂੰ ਸਮਾਂ ਰਹਿੰਦਿਆਂ ਸੁਚੇਤ ਹੋਣ ਦੀ ਲੋੜ ਹੈ।

ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਅੱਜ ਹਰੇਕ ਸਿੱਖ ਨੂੰ ਸਿੱਖੀ ਦਾ ਪ੍ਰਚਾਰਕ ਬਣਨਾ ਚਾਹੀਦਾ ਹੈ ਅਤੇ ਹੱਕ-ਸੱਚ ਦੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੱਜ ਹੋਲਾ-ਮਹੱਲਾ ਮੌਕੇ ਸ੍ਰੀ ਅਨੰਦਪੁਰ ਸਾਹਿਬ ਤੋਂ ਹਰੇਕ ਸਿੱਖ ਨੂੰ ਬਾਣੀ-ਬਾਣੇ ਦੇ ਧਾਰਨੀ ਹੋਣਾ ਚਾਹੀਦਾ ਹੈ।

ਧਾਮੀ ਵਲੋਂ ਸਿੱਖਾਂ ਨੂੰ ਵਿਵੇਕਸ਼ੀਲ ਬਣ ਕੇ ਪੰਥ ਵਿਰੋਧੀ ਰੁਝਾਨਾਂ ਤੋਂ ਬਚਣ ਦੀ ਅਪੀਲ

ਸ੍ਰੀ ਅਨੰਦਪੁਰ ਸਾਹਿਬ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹੋਲਾ-ਮਹੱਲਾ ਦੇ ਇਤਿਹਾਸਕ ਤੇ ਧਾਰਮਿਕ ਸੰਦਰਭ ਦਾ ਜਿਕਰ ਕਰਦਿਆਂ ਸਮੁੱਚੀ ਸਿੱਖ ਕੌਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਾਬਿਆ 'ਚ ਇਕੱਤਰ ਹੋਣ ਦੀ ਅਪੀਲ ਕੀਤੀ। ਉਨ੍ਹਾਂ ਸੰਬੋਧਨ ਕਰਦਿਆਂ ਆਖਿਆ ਕਿ ਅੱਜ ਸਿੱਖ ਕੌਮ ਦਾ ਜਿੰਨਾ ਨੁਕਸਾਨ ਸੋਸ਼ਲ ਮੀਡੀਆ ਕਰ ਰਿਹਾ ਹੈ, ਓਨਾ ਹੋਰ ਕੋਈ ਵੀ ਨਹੀਂ ਕਰ ਰਿਹਾ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਕੋਈ ਕੁੰਡਾ ਨਾ ਹੋਣ ਕਾਰਨ ਸਿੱਖ ਕੌਮ ਅੰਦਰ ਫੁੱਟ ਪਾਉਣ ਵਾਲੀਆਂ ਗੱਲਾਂ ਦਾ ਪ੍ਰਚਾਰ-ਪ੍ਰਸਾਰ ਅਤੇ ਭਰਾ-ਮਾਰੂ ਬਿਰਤੀ ਭਾਰੂ ਹੈ। ਉਨ੍ਹਾਂ ਕਿਹਾ ਕਿ ਅਜੋਕੇ ਮਾਰੂ ਰੁਝਾਨਾਂ ਤੋਂ ਬਚਣ ਲਈ ਸਿੱਖਾਂ ਨੂੰ ਵਿਵੇਕਸ਼ੀਲ ਬਣਨਾ ਪਵੇਗਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਵਿਚ ਇਕੱਤਰ ਹੋਣਾ ਪਵੇਗਾ।

ਕਰਨਾਟਕ ਦੇ ਮੰਤਰੀ ਦਾ ਵਿਵਾਦਤ ਬਿਆਨ, ਕਿਹਾ- 'ਮੋਦੀ-ਮੋਦੀ' ਦਾ ਨਾਅਰਾ ਲਾਉਣ ਵਾਲਿਆਂ ਨੂੰ ਮਾਰੋ ਥੱਪੜ

ਬੈਂਗਲੁਰੂ (ਭਾਸ਼ਾ)- ਕਰਨਾਟਕ ਦੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਸ਼ਿਵਰਾਜ ਤੰਗਦਗੀ ਦੇ ਇਸ ਬਿਆਨ 'ਮੋਦੀ-ਮੋਦੀ' ਦੇ ਨਾਅਰੇ ਲਾਉਣ ਵਾਲੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਥੱਪੜ ਮਾਰਿਆ ਜਾਵੇ, ਨੂੰ ਲੈ ਕੇ ਮੰਗਲਵਾਰ ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਵਿਚਾਲੇ ਸ਼ਬਦੀ ਜੰਗ ਛਿੜ ਗਈ।

ਐਤਵਾਰ ਨੂੰ ਕੋਪਲ 'ਚ ਕਾਂਗਰਸੀ ਵਰਕਰਾਂ ਨੂੰ ਸੰਬੋਧਿਤ ਕਰਦੇ ਹੋਏ ਤੰਗਦਗੀ ਨੇ ਕਿਹਾ ਸੀ ਕਿ ਭਾਜਪਾ ਨੇਤਾਵਾਂ ਨੂੰ ਵੋਟਾਂ ਮੰਗਣ 'ਚ ਸ਼ਰਮ ਆਉਣੀ ਚਾਹੀਦੀ ਹੈ ਕਿਉਂਕਿ ਉਹ ਇਕ ਵੀ ਵਿਕਾਸ ਕੰਮ ਕਰਨ 'ਚ ਅਸਮਰੱਥ ਹਨ ਅਤੇ ਹਰ ਸਾਲ ਦੋ ਕਰੋੜ ਨੌਕਰੀਆਂ ਦੇਣ 'ਚ ਅਸਫਲ ਰਹੇ ਹਨ। ਉਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ... ਜੇਕਰ ਕੋਈ ਵਿਦਿਆਰਥੀ ਜਾਂ ਨੌਜਵਾਨ 'ਮੋਦੀ, ਮੋਦੀ' ਕਹਿੰਦਾ ਹੈ ਤਾਂ ਉਨ੍ਹਾਂ ਨੂੰ ਥੱਪੜ ਮਾਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਸੀ ਕਿ ਭਾਜਪਾ ਨੇ 2 ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ। ਕੀ ਕਿਸੇ ਨੂੰ ਨੌਕਰੀ ਦਿੱਤੀ? ਜਦੋਂ ਉਨ੍ਹਾਂ ਨੂੰ ਨੌਕਰੀ ਲਈ ਕਿਹਾ ਜਾਂਦਾ ਹੈ ਤਾਂ ਉਹ ਕਹਿੰਦੇ ਹਨ ਕਿ 'ਪਕੌੜੇ ਵੇਚੋ'। ਭਾਜਪਾ ਦੇ ਸੀਨੀਅਰ ਆਗੂ ਅਤੇ ਪਾਰਟੀ ਦੇ ਸਾਬਕਾ ਜਨਰਲ ਸਕੱਤਰ ਸੀ. ਟੀ. ਰਵੀ ਨੇ ਕਿਹਾ ਕਿ ਕਾਂਗਰਸ ਵੱਲੋਂ ਇਹ ਬਹੁਤ ਹੀ ਅਣਉਚਿਤ ਗੱਲ ਹੋਈ ਹੈ ਕਿ ਉਸ ਨੇ ਤੰਗਦਗੀ ਵਰਗੇ ਵਿਅਕਤੀ ਨੂੰ ਸੱਭਿਆਚਾਰ ਵਿਭਾਗ ਸੌਂਪਿਆ ਹੈ ਜੋ ਅਸਭਿਅਕ ਢੰਗ ਨਾਲ ਬੋਲਦਾ ਹੈ।

ਪੱਕਾ ਮੋਰਚਾ: ਬੰਦੀ ਸਿੰਘਾਂ ਦੀ ਰਿਹਾਈ ਲਈ ਧਰਨੇ ਲਾਉਣ 'ਆਪ' ਵਿਧਾਇਕ ਤੇ ਵਾਲੰਟੀਅਰ

ਐਸ.ਏ.ਐਸ. ਨਗਰ (ਮੁਹਾਲੀ) : ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀਕਾਂਡ ਸਮੇਤ ਹੋਰ ਸਿੱਖ ਮਸਲਿਆਂ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉੱਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਪੰਥਕ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਦਾ ਪੱਕਾ ਮੋਰਚਾ ਜਾਰੀ ਹੈ। ਕੌਮੀ ਇਨਸਾਫ਼ ਮੋਰਚੇ ਦੇ ਆਗੂਆਂ ਨੇ ਕੇਂਦਰ ਅਤੇ ਸਰਕਾਰ 'ਤੇ ਵਾਅਦਾਖ਼ਿਲਾਫ਼ੀ ਦਾ ਦੋਸ਼ ਲਗਾਉਂਦੇ ਹੋਏ ਹੁਕਮਰਾਨਾਂ ਨੂੰ ਰੱਜ ਕੇ ਕੋਸਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਿੱਖ ਆਗੂਆਂ ਪਾਲ ਸਿੰਘ ਫਰਾਂਸ, ਭਾਈ ਜਸਵਿੰਦਰ ਸਿੰਘ ਰਾਜਪੁਰਾ, ਵਕੀਲ ਗੁਰਸ਼ਰਨ ਸਿੰਘ ਅਤੇ ਹੋਰਨਾਂ ਆਗੂਆਂ ਨੇ 'ਆਪ' ਵਾਲੰਟੀਅਰਾਂ ਅਤੇ ਵਿਧਾਇਕਾਂ ਨੂੰ ਜ਼ੋਰ ਦੇ ਕੇ ਆਖਿਆ ਕਿ ਉਹ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਰਿਹਾਈ ਦੀ ਥਾਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਲਈ ਧਰਨੇ ਲਗਾਉਣ। ਉਨ੍ਹਾਂ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਕੇਜਰੀਵਾਲ ਦੀ ਰਿਹਾਈ ਲਈ ਤਾਂ 'ਆਪ' ਵਾਲੰਟੀਅਰ ਦਿੱਲੀ ਪਹੁੰਚ ਗਏ ਪ੍ਰੰਤੂ ਉਨ੍ਹਾਂ ਕਦੇ ਵੀ ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਨਹੀਂ ਕੀਤੀ। ਆਗੂਆਂ ਨੇ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਪਹਿਲੀ ਅਪਰੈਲ ਨੂੰ ਪਿੰਡ ਚਪੜ (ਪਟਿਆਲਾ) ਤੋਂ ਇਨਸਾਫ਼ਪਸੰਦ ਲੋਕਾਂ ਵੱਲੋਂ ਮੁਹਾਲੀ ਸਥਿਤ ਪੱਕੇ ਮੋਰਚੇ ਤੱਕ ਰੋਸ ਮਾਰਚ ਕੀਤਾ ਜਾਵੇਗਾ। ਉਨ੍ਹਾਂ ਸਿੱਖ ਸੰਗਤ ਅਤੇ ਨੌਜਵਾਨ ਵਰਗ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰਾਂ ਸਮੇਤ ਇਸ ਮਾਰਚ ਵਿੱਚ ਸ਼ਮੂਲੀਅਤ ਕਰਨ ਤਾਂ ਜੋ ਸਰਕਾਰਾਂ 'ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਦਬਾਅ ਬਣਾਇਆ ਜਾ ਸਕੇ। ਅਕਾਲੀ ਦਲ ਤੇ ਭਾਜਪਾ ਦਾ ਸਿਆਸੀ ਗੱਠਜੋੜ ਨਾ ਹੋਣ ਬਾਰੇ ਆਗੂਆਂ ਨੇ ਕਿਹਾ ਕਿ ਇਨ੍ਹਾਂ ਦੋਵੇਂ ਪਾਰਟੀਆਂ ਨੇ ਪੰਜਾਬ ਨੂੰ ਬਰਬਾਦੀ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ ਹੈ। ਪੰਜਾਬ ਦੇ ਲੋਕਾਂ ਨੂੰ ਇਨ੍ਹਾਂ ਪਾਰਟੀਆਂ ਦੇ ਆਗੂਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਇਸ ਮੌਕੇ ਬਾਬਾ ਕਰਮ ਸਿੰਘ, ਬਲਜੀਤ ਸਿੰਘ ਭਾਊ, ਭਾਈ ਦਵਿੰਦਰ ਸਿੰਘ, ਭਾਈ ਅਮਰੀਕ ਸਿੰਘ ਮਟੌਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਕੇਜਰੀਵਾਲ ਦੀ ਗ੍ਰਿਫ਼ਤਾਰੀ ਵਿਰੁੱਧ ਅੱਜ 'ਆਪ' ਸੜਕਾਂ 'ਤੇ ਉਤਰੀ, ਕਈ ਹਿਰਾਸਤ 'ਚ ਲਏ

ਪੰਜਾਬ ਦੇ ਮੰਤਰੀ, ਸੋਮਨਾਥ ਭਾਰਤੀ ਸਮੇਤ ਕਈ ਆਗੂ ਹਿਰਾਸਤ 'ਚ ਲਏ ਗਏ

ਨਵੀਂ ਦਿੱਲੀ: ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਦੇ ਵਿਰੋਧ 'ਚ ਆਮ ਆਦਮੀ ਪਾਰਟੀ (ਆਪ) ਮੰਗਲਵਾਰ ਨੂੰ ਸੜਕਾਂ 'ਤੇ ਉਤਰੀ ਅਤੇ ਜਦੋਂ ਉਸ ਦੇ ਕਈ ਆਗੂਆਂ ਅਤੇ ਵਰਕਰਾਂ ਨੇ 'ਇਨਕਲਾਬ ਜ਼ਿੰਦਾਬਾਦ' ਅਤੇ 'ਕੇਜਰੀਵਾਲ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਹੋਏ ਪਟੇਲ ਚੌਕ ਤੋਂ ਲੋਕ ਕਲਿਆਣ ਮਾਰਗ ਤਕ ਪ੍ਰਧਾਨ ਮੰਤਰੀ ਦੀ ਰਿਹਾਇਸ਼ ਵਲ ਮਾਰਚ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ ਗਿਆ।

ਰਾਜਧਾਨੀ ਨੂੰ 'ਕਿਲ੍ਹੇ' 'ਚ ਤਬਦੀਲ ਕੀਤੇ ਜਾਣ ਦਾ ਦਾਅਵਾ ਕਰਦਿਆਂ 'ਆਪ' ਦੀ ਦਿੱਲੀ ਇਕਾਈ ਦੇ ਕਨਵੀਨਰ ਗੋਪਾਲ ਰਾਏ ਨੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਪੂਰੇ ਸ਼ਹਿਰ 'ਚ ਸੀ.ਆਰ.ਪੀ.ਸੀ. ਦੀ ਧਾਰਾ 144 ਤਹਿਤ ਪਾਬੰਦੀਆਂ ਲਗਾਈਆਂ ਹਨ, ਉਸ ਤੋਂ ਲਗਦਾ ਹੈ ਕਿ ਦਿੱਲੀ ਇਕ 'ਪੁਲਿਸ ਰਾਜ' ਬਣ ਗਈ ਹੈ।

ਪੁਲਿਸ ਨੇ ਪ੍ਰਧਾਨ ਮੰਤਰੀ ਦੀ ਰਿਹਾਇਸ਼ ਦੇ ਆਲੇ-ਦੁਆਲੇ ਦੇ ਇਲਾਕੇ ਸਮੇਤ ਕੌਮੀ ਰਾਜਧਾਨੀ ਦੇ ਕਈ ਹਿੱਸਿਆਂ 'ਚ ਸੁਰੱਖਿਆ ਵਧਾ ਦਿਤੀ ਹੈ। ਪੁਲਿਸ ਨੇ ਅਪਣੇ ਜਵਾਨਾਂ ਦੇ ਨਾਲ-ਨਾਲ ਅਰਧ ਸੈਨਿਕ ਬਲਾਂ ਦੇ ਜਵਾਨਾਂ ਨੂੰ ਵੀ ਤਾਇਨਾਤ ਕੀਤਾ। ਲੋਕ ਕਲਿਆਣ ਮਾਰਗ ਮੈਟਰੋ ਸਟੇਸ਼ਨ ਨੂੰ ਬੰਦ ਕਰ ਦਿਤਾ ਗਿਆ, ਜਦਕਿ ਪਟੇਲ ਚੌਕ ਅਤੇ ਕੇਂਦਰੀ ਸਕੱਤਰੇਤ ਮੈਟਰੋ ਸਟੇਸ਼ਨਾਂ 'ਤੇ ਅਗਲੇ ਹੁਕਮਾਂ ਤਕ ਦਾਖਲੇ ਅਤੇ ਬਾਹਰ ਨਿਕਲਣ 'ਤੇ ਕੁੱਝ ਪਾਬੰਦੀਆਂ ਲਗਾਈਆਂ ਗਈਆਂ ਹਨ।

'ਆਪ' ਦੇ ਸੀਨੀਅਰ ਆਗੂ ਸੋਮਨਾਥ ਭਾਰਤੀ, ਦਿੱਲੀ ਵਿਧਾਨ ਸਭਾ ਦੀ ਡਿਪਟੀ ਸਪੀਕਰ ਰਾਖੀ ਬਿਰਲਾ ਅਤੇ ਪੰਜਾਬ ਦੇ ਮੰਤਰੀ ਹਰਜੋਤ ਸਿੰਘ ਬੈਂਸ ਸਮੇਤ ਕਈ 'ਆਪ' ਆਗੂਆਂ/ਵਰਕਰਾਂ ਨੂੰ ਪੁਲਿਸ ਨੇ ਹਿਰਾਸਤ 'ਚ ਲੈ ਲਿਆ। ਰਾਏ ਨੇ ਕਿਹਾ, "ਮੈਂ ਕੇਂਦਰ ਨੂੰ ਚੇਤਾਵਨੀ ਦੇਣਾ ਚਾਹੁੰਦਾ ਹਾਂ ਕਿ ਪੁਲਿਸ ਬਲ ਦੀ ਵਰਤੋਂ ਨਾਲ ਇਹ ਅੰਦੋਲਨ ਨਹੀਂ ਰੁਕੇਗਾ।" ਉਸ ਨੇ ਦਾਅਵਾ ਕੀਤਾ ਕਿ ਪਾਰਟੀ ਦੀਆਂ ਮਹਿਲਾ ਵਰਕਰਾਂ ਨੂੰ ਘਸੀਟਿਆ ਗਿਆ ਅਤੇ ਹਿਰਾਸਤ 'ਚ ਲਿਆ ਗਿਆ।

ਆਮ ਆਦਮੀ ਪਾਰਟੀ (ਆਪ) ਦੇ ਵਰਕਰ ਅਤੇ ਨੇਤਾ ਸਵੇਰ ਤੋਂ ਹੀ ਸਮੂਹਾਂ 'ਚ ਪਟੇਲ ਚੌਕ ਮੈਟਰੋ ਸਟੇਸ਼ਨ ਨੇੜੇ ਪਹੁੰਚਣੇ ਸ਼ੁਰੂ ਹੋ ਗਏ ਸਨ ਕਿਉਂਕਿ ਪਾਰਟੀ ਨੇ ਲੋਕ ਭਲਾਈ ਮਾਰਗ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰੀ ਰਿਹਾਇਸ਼ ਨੂੰ ਘੇਰਨ ਲਈ ਮਾਰਚ ਦਾ ਸੱਦਾ ਦਿਤਾ ਸੀ। ਇਕ ਸੀਨੀਅਰ ਅਧਿਕਾਰੀ ਨੇ ਦਸਿਆ ਕਿ ਪਟੇਲ ਚੌਕ ਇਲਾਕੇ 'ਚ ਸੀ.ਆਰ.ਪੀ.ਸੀ. ਦੀ ਧਾਰਾ 144 ਤਹਿਤ ਪਾਬੰਦੀ ਦੇ ਹੁਕਮ ਲਾਗੂ ਕੀਤੇ ਗਏ ਹਨ ਅਤੇ ਪੁਲਿਸ ਕਿਸੇ ਨੂੰ ਵੀ ਇਕੱਠੇ ਹੋਣ ਦੀ ਇਜਾਜ਼ਤ ਨਹੀਂ ਦੇ ਸਕਦੀ।

ਉਨ੍ਹਾਂ ਕਿਹਾ, "ਇਸ ਦੇ ਮੱਦੇਨਜ਼ਰ ਸਾਨੂੰ ਇਸ ਇਲਾਕੇ ਨੂੰ ਖਾਲੀ ਕਰਵਾਉਣਾ ਹੈ। ਅਸੀਂ ਕਿਸੇ ਨੂੰ ਵੀ ਇੱਥੇ ਇਕੱਠੇ ਹੋਣ ਦੀ ਇਜਾਜ਼ਤ ਨਹੀਂ ਦੇਵਾਂਗੇ।" ਪੁਲਿਸ ਡਿਪਟੀ ਕਮਿਸ਼ਨਰ (ਨਵੀਂ ਦਿੱਲੀ) ਦੇਵੇਸ਼ ਕੁਮਾਰ ਨੇ ਕਿਹਾ ਸੀ ਕਿ ਜੋ ਵੀ ਪਟੇਲ ਚੌਕ 'ਤੇ ਪ੍ਰਦਰਸ਼ਨ ਕਰਨ ਲਈ ਇਕੱਠੇ ਹੋਣ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਤੁਰਤ ਹਿਰਾਸਤ 'ਚ ਲੈ ਲਿਆ ਜਾਵੇਗਾ।

ਰਾਏ ਨੇ ਕਿਹਾ ਕਿ ਇਸ ਦੇਸ਼ ਵਿਚ ਤਾਨਾਸ਼ਾਹੀ ਵਿਰੁਧ ਲੜਾਈ ਉਨ੍ਹਾਂ ਲੋਕਾਂ ਦੀ ਲੜਾਈ ਹੈ ਜੋ ਲੋਕਤੰਤਰ ਅਤੇ ਸੰਵਿਧਾਨ ਨੂੰ ਪਿਆਰ ਕਰਦੇ ਹਨ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ 31 ਮਾਰਚ ਨੂੰ ਰਾਮਲੀਲਾ ਮੈਦਾਨ 'ਚ ਹੋਣ ਵਾਲੀ 'ਵਿਸ਼ਾਲ ਰੈਲੀ' ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਰਾਏ ਨੇ ਕਿਹਾ ਕਿ ਰੈਲੀ 'ਚ ਲੱਖਾਂ ਲੋਕ ਸ਼ਾਮਲ ਹੋਣਗੇ ਅਤੇ ਵਿਰੋਧੀ 'ਇੰਡੀਆ' ਗੱਠਜੋੜ ਦੇ ਨੇਤਾ ਕੇਜਰੀਵਾਲ ਦੀ ਗ੍ਰਿਫਤਾਰੀ ਵਿਰੁਧ ਆਵਾਜ਼ ਚੁੱਕਣਗੇ। ਆਮ ਆਦਮੀ ਪਾਰਟੀ, ਕਾਂਗਰਸ, ਤ੍ਰਿਣਮੂਲ ਕਾਂਗਰਸ, ਦ੍ਰਾਵਿੜ ਮੁਨੇਤਰਾ ਕਜ਼ਗਮ (ਡੀ.ਐਮ.ਕੇ.) ਅਤੇ ਸਮਾਜਵਾਦੀ ਪਾਰਟੀ ਸਮੇਤ ਕੁੱਝ ਵਿਰੋਧੀ ਪਾਰਟੀਆਂ ਨੇ ਲੋਕ ਸਭਾ ਚੋਣਾਂ 'ਚ ਭਾਜਪਾ ਦਾ ਮੁਕਾਬਲਾ ਕਰਨ ਲਈ ਇਕੱਠੇ ਹੋ ਕੇ ਵਿਰੋਧੀ ਗੱਠਜੋੜ ਬਣਾਇਆ ਹੈ।

ਕੇਜਰੀਵਾਲ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਨੇ 21 ਮਾਰਚ ਨੂੰ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਗ੍ਰਿਫਤਾਰ ਕੀਤਾ ਸੀ। ਉਹ ਵੀਰਵਾਰ ਤਕ ਏਜੰਸੀ ਦੀ ਹਿਰਾਸਤ 'ਚ ਹੈ। ਉਨ੍ਹਾਂ 'ਤੇ ਨੀਤੀ ਬਣਾਉਣ ਦੌਰਾਨ ਕੁੱਝ ਵਿਅਕਤੀਆਂ ਨੂੰ ਲਾਭ ਪਹੁੰਚਾਉਣ ਦੀ ਕਥਿਤ ਸਾਜ਼ਸ਼ 'ਚ ਸਿੱਧੇ ਤੌਰ 'ਤੇ ਸ਼ਾਮਲ ਹੋਣ ਦਾ ਦੋਸ਼ ਲਗਾਇਆ ਗਿਆ ਹੈ। ਕਵਿਤਾ ਨਾਂ ਦੀ ਇਕ ਪ੍ਰਦਰਸ਼ਨਕਾਰੀ ਨੇ ਕਿਹਾ, "ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਭ੍ਰਿਸ਼ਟਾਚਾਰੀਆਂ ਨੂੰ ਬਚਾਉਣ ਲਈ ਹਰ ਇਮਾਨਦਾਰ ਵਿਅਕਤੀ ਨੂੰ ਨਿਸ਼ਾਨਾ ਬਣਾ ਰਹੀ ਹੈ।" 'ਆਪ' ਦੇ ਸੀਨੀਅਰ ਨੇਤਾ ਭਾਰਤੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਪੁਲਿਸ ਨੇ ਉਨ੍ਹਾਂ ਨੂੰ ਦਿੱਲੀ ਵਿਧਾਨ ਸਭਾ ਦੀ ਡਿਪਟੀ ਸਪੀਕਰ ਅਤੇ ਮੰਗੋਲਪੁਰੀ ਤੋਂ ਪਾਰਟੀ ਵਿਧਾਇਕ ਰਾਖੀ ਬਿੜਲਾਨ ਦੇ ਨਾਲ ਹਿਰਾਸਤ 'ਚ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਦਿੱਲੀ ਪੁਲਿਸ ਸ਼ਾਂਤਮਈ 'ਆਪ' ਸਮਰਥਕਾਂ ਨੂੰ ਗ੍ਰਿਫਤਾਰ ਕਰ ਰਹੀ ਹੈ ਜਦਕਿ ਭਾਜਪਾ ਨੂੰ ਰੋਕਣ ਲਈ ਕੁੱਝ ਨਹੀਂ ਕਰ ਰਹੀ।

ਕੇਜਰੀਵਾਲ ਦੀ ਗ੍ਰਿਫ਼ਤਾਰੀ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਜਾਂ ਬਦਲਾਖ਼ੋਰੀ

ਪਿਛਲੇ 10 ਸਾਲਾਂ ਤੋਂ ਸਾਰੀਆਂ ਸਿਆਸੀ ਪਾਰਟੀਆਂ ਆਪਣੇ ਵਿਰੋਧੀਆਂ ਨੂੰ ਨੀਵਾਂ ਵਿਖਾਉਣ ਲਈ ਕੇਸ ਦਰਜ ਕਰਦੀਆਂ ਰਹਿੰਦੀਆਂ ਹਨ। ਇਸੇ ਸੰਧਰਵ ਵਿੱਚ ਆਮ ਆਦਮੀ ਪਾਰਟੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਬਦਲਾਖ਼ੋਰੀ ਅਤੇ ਕੇਂਦਰ ਸਰਕਾਰ ਭਰਿਸ਼ਟਾਚਾਰ ਵਿਰੁੱਧ ਕਾਰਵਾਈ ਕਹਿ ਰਹੀ ਹੈ। ਇਸ ਦਾ ਫ਼ੈਸਲਾ ਕੋਰਟ ਕਰੇਗੀ, ਪ੍ਰੰਤੂ ਸਾਡਾ ਜੁਡੀਸ਼ੀਅਲ ਸਿਸਟਮ ਜਲਦੀ ਫ਼ੈਸਲੇ ਨਹੀਂ ਕਰਦਾ, ਜਿਸ ਕਰਕੇ ਪੀੜਤ ਦਾ ਨੁਕਸਾਨ ਹੋ ਜਾਂਦਾ ਹੈ। 10-15 ਸਾਲ ਬਾਅਦ ਬਰੀ ਹੋਣ ਦਾ ਕੋਈ ਲਾਭ ਨਹੀਂ ਹੁੰਦਾ। ਮਨੀ ਲਾਂਡਰਿੰਗ ਦੀ ਧਾਰਾ 19 ਵਿੱਚ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਨਾਲ ਆਮ ਆਦਮੀ ਪਾਰਟੀ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਇਸ ਤੋਂ ਪਹਿਲਾਂ ਇਸ ਸ਼ਰਾਬ ਘੁਟਾਲੇ ਵਿੱਚ ਗ੍ਰਿਫ਼ਤਾਰ ਹੋਏ ਮਨੀਸ਼ ਸਿਸੋਦੀਆਂ ਅਤੇ ਸੰਜੇ ਸਿੰਘ ਨੂੰ ਸੁਪਰੀਮ ਕੋਰਟ ਨੇ ਵੀ ਜ਼ਮਾਨਤ ਨਹੀਂ ਦਿੱਤੀ। ਮਨੀਸ਼ ਸਿਸੋਦੀਆ ਨੂੰ ਤਾਂ ਗ੍ਰਿਫ਼ਤਾਰ ਹੋਏ ਨੂੰ ਇਕ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਇਸ ਤੋਂ ਲੱਗਦਾ ਹੈ ਕਿ ਇਹ ਕੇਸ ਮਜ਼ਬੂਤ ਹੈ, ਜਿਸ ਕਰਕੇ ਜ਼ਮਾਨਤ ਨਹੀਂ ਮਿਲ ਰਹੀ। ਇਹ ਵੀ ਸਾਫ਼ ਹੋ ਗਿਆ ਹੈ ਕਿ ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਦੀ ਤਰ੍ਹਾਂ ਅਰਵਿੰਦ ਕੇਜਰੀਵਾਲ ਨੂੰ ਵੀ ਜਲਦੀ ਕੀਤਿਆਂ ਜ਼ਮਾਨਤ ਨਹੀਂ ਮਿਲੇਗੀ। ਕਿਉਂਕਿ ਇੱਕ ਵਰਤਮਾਨ ਮੁੱਖ ਮੰਤਰੀ ਨੂੰ ਈ.ਡੀ.ਨੇ ਪੱਕੇ ਪੈਰੀਂ ਹੱਥ ਪਾਇਆ ਹੋਵੇਗਾ। ਕੇਜਰੀਵਾਲ ਤੋਂ ਪਹਿਲਾਂ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੁਰੇਨ ਨੂੰ ਈ.ਡੀ.ਨੇ ਗ੍ਰਿਫ਼ਤਾਰ ਕੀਤਾ ਸੀ, ਉਸ ਨੂੰ ਵੀ ਅਸਤੀਫ਼ਾ ਦੇਣਾ ਪਿਆ ਸੀ ਪ੍ਰੰਤੂ ਕੇਜਰੀਵਾਲ ਨੇ ਅਸਤੀਫ਼ਾ ਨਹੀਂ ਦਿੱਤਾ। ਆਮ ਆਦਮੀ ਨਵੀਂ ਪਾਰਟੀ ਹੈ, ਸਿਰਫ਼ ਪੰਜਾਬ ਅਤੇ ਦਿੱਲੀ ਤੱਕ ਹੀ ਸੀਮਤ ਹੈ। ਆਮ ਆਦਮੀ ਪਾਰਟੀ ਵਿਚਲੇ ਨੇਤਾ ਡੱਡੂਆਂ ਦੀ ਪੰਸੇਰੀ ਦੀ ਤਰ੍ਹਾਂ ਹਨ, ਜਿਹੜੇ ਵੱਖ ਵੱਖ ਪਾਰਟੀਆਂ ਵਿੱਚੋਂ ਨਿਕਲ ਕੇ ਆਏ ਹਨ। ਉਹ ਵਾਪਸ ਆਪੋ ਆਪਣੀਆਂ ਪਾਰਟੀਆਂ ਵਿੱਚ ਜਾ ਸਕਦੇ ਹਨ। ਸਿਆਸੀ ਮਾਹਿਰਾਂ ਅਨੁਸਾਰ ਇਹ ਪਾਰਟੀ ਜਲਦੀ ਹੀ ਖਖੜੀਆਂ ਖੱਖੜੀਆਂ ਹੋ ਜਾਵੇਗੀ। ਲੋਕ ਸਭਾ ਦੀ ਚੋਣ ਸਿਰ ’ਤੇ ਖੜ੍ਹੀ ਹੈ। ਉਮੀਦਵਾਰਾਂ ਦੀ ਚੋਣ ਕਰਨੀ ਹੈ, ਫਿਰ ਉਨ੍ਹਾਂ ਦੇ ਪ੍ਰਚਾਰ ਕਰਨ ਵਾਲਾ ਕੌਮੀ ਪੱਧਰ ਦਾ ਭਗਵੰਤ ਸਿੰਘ ਮਾਨ ਤੋਂ ਸਿਵਾਏ ਹੋਰ ਕੋਈ ਨੇਤਾ ਮੌਜੂਦ ਨਹੀਂ ਹੈ। ਅਖੌਤੀ ਇਮਾਨਦਾਰੀ ਦੀਆਂ ਨੀਂਹਾਂ ’ਤੇ ਖੜ੍ਹੀ ਕੀਤੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਸ਼ਰਾਬ ਘੁਟਾਲੇ ਵਿੱਚ ਗ੍ਰਿਫ਼ਤਾਰ ਹੋਣਾ, ਉਸ ਦੇ ਕਿਰਦਾਰ ਤੇ ਧੱਬਾ ਹੈ। ਹੈਰਾਨੀ ਵਾਲੀ ਗੱਲ ਹੈ ਕਿ ਆਪਣੇ ਆਪ ਨੂੰ ਇਮਾਨਦਾਰੀ ਦਾ ਬਾਦਸ਼ਾਹ ਸਮਝਣ ਵਾਲਾ ਭਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਕਿਉਂ ਗ੍ਰਿਫ਼ਤਾਰ ਹੋਇਆ ਹੈ? ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਆਪਣੇ ਆਪ ਨੂੰ ਜਨਮਦਾਤਾ ਕਹਾਉਣ ਵਾਲਾ ਨੇਤਾ ਭ੍ਰਿਸ਼ਟਾਚਾਰ ਦੇ ਇਲਜ਼ਾਮ ਨਾਲ ਹੀ ਗ੍ਰਿਫ਼ਤਾਰ ਹੋ ਗਿਆ ਹੈ। ਵੈਸੇ ਤਾਂ ਹਰ ਸਿਆਸਤਦਾਨ ਆਪਣੇ ਆਪ ਨੂੰ ਸਭ ਤੋਂ ਇਮਾਨਦਾਰ ਕਹਿੰਦਾ ਹੈ, ਇਮਾਨਦਾਰ ਹੋਣਾ ਵੀ ਚਾਹੀਦਾ। ਆਪਣੇ ਆਪ ਨੂੰ ਇਮਾਨਦਾਰ ਕਹਿਣਾ ਚੰਗੀ ਗੱਲ ਹੈ ਪ੍ਰੰਤੂ ਆਪਣੇ ਤੋਂ ਬਿਨਾ ਸਾਰਿਆਂ ਨੂੰ ਭ੍ਰਿਸ਼ਟ ਕਹਿਣਾ ਚੰਗੀ ਸੋਚ ਨਹੀਂ। ਸਿਆਸਤਦਾਨ ਕਹਿਣ ਨਾਲ ਇਮਾਨਦਾਰ ਨਹੀਂ ਬਣ ਜਾਂਦਾ, ਪ੍ਰੰਤੂ ਉਸ ਦੇ ਫ਼ੈਸਲਿਆਂ ਤੇ ਵਿਵਹਾਰ ਤੋਂ ਇਮਾਨਦਾਰੀ ਪ੍ਰਤੱਖ ਵਿਖਾਈ ਵੀ ਦੇਣੀ ਚਾਹੀਦੀ ਹੈ। ਜੇ ਲੋਕਾਈ ਇਮਾਨਦਾਰ ਕਹੇ ਤਾਂ ਗੱਲ ਬਣਦੀ ਹੈ। ਜਦੋਂ ਸਿਆਸਤਦਾਨ ਆਪਣੀ ਮਰਜੀ ਅਨੁਸਾਰ ਕਾਨੂੰਨਾ ਦੀ ਵਿਆਖਿਆ ਕਰਨ ਲੱਗਦੇ ਹਨ ਤਾਂ ਉਨ੍ਹਾਂ ਦੀ ਇਮਾਨਦਾਰੀ ਸ਼ੱਕ ਦੇ ਘੇਰੇ ਵਿੱਚ ਆ ਜਾਂਦੀ ਹੈ ਅਤੇ ਇਕ ਨਾ ਇਕ ਦਿਨ ਇਮਾਨਦਾਰੀ ਪਰਦਾ ਫਾਸ਼ ਹੋ ਜਾਂਦਾ ਹੈ। ਜਿਸ ਸ਼ਰਾਬ ਦੀ ਨੀਤੀ ਕਰਕੇ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਇਸ ਨੂੰ ਅਰਵਿੰਦ ਕੇਜਰੀਵਾਲ ਦਾ ਬਰੇਨ ਚਾਈਲਡ ਕਿਹਾ ਜਾਂਦਾ ਹੈ। ਇਹ ਪਾਲਿਸੀ ਬਣਾਉਣ ਲਈ ਅਰਵਿੰਦ ਕੇਜਰੀਵਾਲ ਦੇ ਘਰ ਮੀਟਿੰਗਾਂ ਹੁੰਦੀਆਂ ਰਹੀਆਂ। ਅਰਵਿੰਦ ਕੇਜਰੀਵਾਲ ਦੀ ਅੱਖ ਦਾ ਤਾਰਾ ਮਨੀਸ਼ ਸਿਸੋਦੀਆਂ ਉਪ ਮੁੱਖ ਮੰਤਰੀ ਦਿੱਲੀ ਆਬਕਾਰੀ ਤੇ ਕਰ ਵਿਭਾਗ ਦੇ ਮੰਤਰੀ ਸਨ। 17 ਨਵੰਬਰ 2021 ਨੂੰ ਅਰਵਿੰਦ ਕੇਜਰੀਵਾਲ ਦੀ ਦਿੱਲੀ ਸਰਕਾਰ ਨੇ 2021-22 ਦੀ ਨਵੀਂ ਆਬਕਾਰੀ ਨੀਤੀ ਲਿਆਂਦੀ ਸੀ। ਰਾਜਪਾਲ ਕੋਲ ਇਸ ਨੀਤੀ ਰਾਹੀਂ ਹੋਏ ਘਪਲੇ ਦੀ ਰਿਪੋਰਟ ਮੁੱਖ ਸਕੱਤਰ ਨੇ ਭੇਜੀ ਸੀ ਤਾਂ 20 ਜੁਲਾਈ 2022 ਨੂੰ ਦਿੱਲੀ ਦੇ ਲੈਫ਼ ਗਵਰਨਰ ਕੇ.ਕੇ.ਸਕਸੈਨਾ ਨੇ ਇਸ ਨੀਤੀ ਦੀ ਪੜਤਾਲ ਕਰਨ ਲਈ ਸੀ.ਬੀ.ਆਈ. ਨੂੰ ਹੁਕਮ ਕਰ ਦਿੱਤੇ। 17 ਅਗਸਤ 2022 ਨੂੰ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਮੇਤ 10 ਵਿਅਕਤੀਆਂ ਵਿਰੁੱਧ ਸੀ.ਬੀ.ਆਈ. ਨੇ ਕੇਸ ਰਜਿਸਟਰ ਕੀਤਾ ਸੀ। ਦਿੱਲੀ ਸਰਕਾਰ ਨੇ ਘਬਰਾਹਟ ਵਿੱਚ ਆ ਕੇ 31 ਅਗਸਤ 2022 ਨੂੰ 9 ਮਹੀਨੇ ਬਾਅਦ ਨਵੀਂ ਨੀਤੀ ਰੱਦ ਕਰਕੇ ਪੁਰਾਣੀ ਨੀਤੀ ਲਾਗੂ ਕਰ ਦਿੱਤੀ ਸੀ। ਜੇ ਨਵੀਂ ਨੀਤੀ ਠੀਕ ਸੀ, ਫਿਰ ਉਸ ਨੂੰ ਰੱਦ ਕਿਉਂ ਕੀਤਾ? ਏਥੇ ਹੀ ਸ਼ੱਕ ਪੈਦਾ ਹੋ ਜਾਂਦੀ ਹੈ। 25 ਨਵੰਬਰ 2022 ਨੂੰ ਸੀ.ਬੀ.ਆਈ. ਨੇ ਪੜਤਾਲ ਕਰਨ ਤੋਂ ਬਾਅਦ ਕੋਰਟ ਵਿੱਚ ਚਾਰਜਸ਼ੀਟ ਦਰਜ ਕਰ ਦਿੱਤੀ। 26 ਫ਼ਰਵਰੀ 2023 ਨੂੰ ਸੀ.ਬੀ.ਆਈ.ਨੇ ਮਨੀਸ਼ ਸਿਸੋਦੀਆ ਗ੍ਰਿਫ਼ਤਾਰ ਕਰ ਲਿਆ ਗਿਆ। 28 ਫ਼ਰਵਰੀ ਨੂੰ ਮਨੀਸ਼ ਸਿਸੋਦੀਆ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। 9 ਮਾਰਚ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਮਨੀਸ਼ ਸਿਸੋਦੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਕੇਸ ਵਿੱਚ 100 ਕਰੋੜ ਰੁਪਏ ਦੀ ਰਿਸ਼ਵਤ ਲੈਣ ਦਾ ਦੋਸ਼ ਹੈ। ਸ਼ਰਾਬ ਦੇ ਕਾਰੋਬਾਰੀ ਸਾਊਥ ਗਰੁਪ ਨੂੰ ਇਸ ਨੀਤੀ ਅਧੀਨ ਸ਼ਰਾਬ ਦੇ ਠੇਕੇ ਦੇਣ ਲਈ ਰਿਸ਼ਵਤ ਦੇਣ ਦਾ ਇਲਜ਼ਾਮ ਹੈ। ਹੁਣ ਤੱਕ ਇਸ ਕੇਸ ਵਿੱਚ 32 ਵਿਅਕਤੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ 7 ਵਿਓਪਾਰੀ, ਅਰਵਿੰਦ ਕੇਜਰੀਵਾਲ ਤੋਂ ਇਲਾਵਾ ਤਿੰਨ ਪ੍ਰਮੁੱਖ ਵਿਅਕਤੀ ਸਿਆਸਤਦਾਨ ਮਨੀਸ਼ ਸਿਸੋਦੀਆ, ਸੰਜੇ ਸਿੰਘ ਮੈਂਬਰ ਰਾਜ ਸਭਾ ਅਤੇ ਤੇਲੰਗਨਾ ਦੇ ਸਾਬਕਾ ਮੁੱਖ ਮੰਤਰੀ ਕੇ.ਚੰਦਰਾਸ਼ੇਖ਼ਰ ਦੀ ਲੜਕੀ ਕੇ.ਕਵਿਥਾ। ਈ.ਡੀ.ਨੇ ਅਰਵਿੰਦ ਕੇਜਰੀਵਾਲ ਨੂੰ 9 ਵਾਰ ਸੰਮਨ ਭੇਜ ਕੇ ਪੜਤਾਲ ਵਿੱਚ ਸ਼ਾਮਲ ਹੋਣ ਲਈ ਕਿਹਾ। ਪ੍ਰੰਤੂ ਅਰਵਿੰਦ ਕੇਜਰੀਵਾਲ ਹਰ ਵਾਰ ਸੰਮਣਾਂ ਨੂੰ ਗ਼ੈਰ ਕਾਨੂੰਨੀ ਕਹਿੰਦਾ ਰਿਹਾ। ਇੱਕ ਮੁੱਖ ਮੰਤਰੀ ਵਰਗੇ ਜ਼ਿੰਮੇਵਾਰ ਅਹੁਦੇ ’ਤੇ ਬੈਠੇ ਵਿਅਕਤੀ ਨੂੰ ਤਾਂ ਕਾਨੂੰਨ ਦਾ ਪਾਬੰਦ ਹੋਣਾ ਬਣਦਾ ਹੈ। ਉਸ ਨੂੰ ਈ.ਡੀ. ਦੇ ਬੁਲਾਉਣ ’ਤੇ ਪੜਤਾਲ ਵਿੱਚ ਸ਼ਾਮਲ ਹੋਣਾ ਚਾਹੀਦਾ ਸੀ। ਜੇਕਰ ਉਹ ਸੱਚੇ ਸੁੱਚੇ ਸਨ ਹਨ ਤਾਂ ਪੜਤਾਲ ਵਿੱਚ ਸ਼ਾਮਲ ਹੋਣ ਤੋਂ ਆਨਾਕਾਨੀ ਕਰਨਾ ਉਨ੍ਹਾਂ ਨੂੰ ਸ਼ੋਭਦਾ ਨਹੀਂ ਸੀ। ਅਖ਼ੀਰ ਉਹ ਹਾਈ ਕੋਰਟ ਵਿੱਚ ਚਲਾ ਗਿਆ। ਹਾਈਕੋਰਟ ਤੋਂ ਰਾਹਤ ਨਾ ਮਿਲਣ ਤੋਂ ਬਾਅਦ ਈ.ਡੀ.ਨੇ ਮੁੱਖ ਮੰਤਰੀ ਦੀ ਰਹਾਇਸ਼ ਤੇ ਪਹੁੰਚਕੇ ਦੋ ਘੰਟੇ ਪੁੱਛ ਪੜਤਾਲ ਕੀਤੀ। ਅਰਵਿੰਦ ਕੇਜਰੀਵਾਲ ਆਪਣੇ ਜਵਾਬਾਂ ਵਿੱਚ ਈ.ਡੀ ਅਧਿਕਾਰੀਆਂ ਨੂੰ ਸੰਤੁਸ਼ਟ ਨਹੀਂ ਕਰ ਸਕੇ, ਜਿਸ ਕਰਕੇ ਗ੍ਰਿਫ਼ਤਾਰੀ ਹੋਈ। ਅਰਵਿੰਦ ਕੇਜਰੀਵਾਲ ਦੀ ਇਮਾਨਦਾਰੀ ਤਾਂ ਸ਼ੱਕ ਦੇ ਘੇਰੇ ਵਿੱਚ ਆ ਗਈ ਹੈ। ਅਰਵਿੰਦ ਕੇਜਰੀਵਾਲ ਦੇ ਗ੍ਰਿਫ਼ਤਾਰ ਹੋਣ ਨਾਲ ਆਮ ਆਦਮੀ ਪਾਰਟੀ ਵਿੱਚ ਹੜਕੰਪ ਮੱਚ ਗਿਆ ਹੈ। ਆਮ ਆਦਮੀ ਪਾਰਟੀ ਲਈ ਅਗਲਾ ਰਸਤਾ ਸੌਖਾ ਨਹੀਂ ਹੈ ਕਿਉਂਕਿ ਅਜੇ ਤੱਕ ਉਸਨੇ ਆਪਣੀ ਪਾਰਟੀ ਦੇ ਕਿਸੇ ਵੀ ਨੇਤਾ ਨੂੰ ਸਿਆਸੀ ਤੌਰ ’ਤੇ ਉਭਰਨ ਹੀ ਨਹੀਂ ਦਿੱਤਾ। ਪਾਰਟੀ ਵਿੱਚ ਕੇਜਰੀਵਾਲ ਦੀ ਗ਼ੈਰਹਾਜ਼ਰੀ ਵਿੱਚ ਪਾਰਟੀ ਦੀ ਵਾਗ ਡੋਰ ਕੌਣ ਸੰਭਾਲੇਗਾ, ਇਹ ਸਵਾਲੀਆ ਚਿੰਨ੍ਹ ਲੱਗਾ ਹੋਇਆ ਹੈ?

ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
94178 13072
ujagarsingh48@yahoo.com

ਕੀ ਪੰਜਾਬ ਦੀ ਸਿਆਸਤ ’ਤੇ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਕੋਈ ਪ੍ਰਭਾਵ ਪੈ ਸਕਦਾ ਹੈ? ਸਿਆਸੀ ਹਲਕਿਆ ਵਿੱਚ ਇਹ ਚਰਚਾ ਦਾ ਵਿਸ਼ਾ ਬਣਿਆਂ ਹੋਇਆ ਹੈ। ਕਿਹਾ ਜਾਂਦਾ ਹੈ ਕਿ ਦਿੱਲੀ ਦੀ ਆਬਕਾਰੀ ਪਾਲਿਸੀ ਪੰਜਾਬ ਵਿੱਚ ਵੀ ਲਾਗੂ ਕੀਤੀ ਹੋਈ ਹੈ। ਇਥੋਂ ਤੱਕ ਕਿ ਪੰਜਾਬ ਦੇ ਅਧਿਕਾਰੀਆਂ ਨੂੰ ਦਿੱਲੀ ਬੁਲਾ ਕੇ ਪੰਜਾਬ ਦੀ ਪਾਲਿਸੀ ਸੰਬੰਧੀ ਹਦਾਇਤਾਂ ਦਿੱਤੀਆਂ ਗਈਆਂ ਸਨ। ਇਸ ਲਈ ਪੰਜਾਬ ਦੇ ਤਿੰਨ ਆਈ.ਏ.ਐਸ.ਅਧਿਕਾਰੀਆਂ ਤੋਂ ਪੁੱਛ ਪੜਤਾਲ ਵੀ ਕੀਤੀ ਗਈ ਸੀ। ਸੀ.ਬੀ.ਆਈ.ਨੇ ਇਨ੍ਹਾਂ ਅਧਿਕਾਰੀਆਂ ’ਤੇ ਕੇਸ ਚਲਾਉਣ ਦੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਸੀ ਪ੍ਰੰਤੂ ਪੰਜਾਬ ਸਰਕਾਰ ਨੇ ਅਜੇ ਤੱਕ ਇਜ਼ਾਜ਼ਤ ਨਹੀਂ ਦਿੱਤੀ। ਉਨ੍ਹਾਂ ਅਧਿਕਾਰੀਆਂ ’ਤੇ ਅਜੇ ਤੱਕ ਡੀਮੋਕਲੀ ਦੀ ਤਲਵਾਰ ਲਟਕ ਰਹੀ ਹੈ। ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਦੇ ਸਿਆਸਤਦਾਨਾ ਅਤੇ ਆਬਕਾਰੀ ਤੇ ਕਰ ਵਿਭਾਗ ਦੇ ਅਧਿਕਾਰੀਆਂ ਵਿੱਚ ਡਰ ਤੇ ਸਹਿਮ ਦਾ ਵਾਤਾਵਰਨ ਬਣਿਆਂ ਹੋਇਆ ਹੈ। ਇਹ ਵੀ ਵੇਖਣ ਵਾਲੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਸਮੇਂ ਆਮ ਆਦਮੀ ਪਾਰਟੀ ’ਤੇ ਆਪਣੀ ਸੁਪਰੀਮੇਸੀ ਬਣਾਉਣ ਵਿੱਚ ਸਫਲ ਹੋਣਗੇ ਜਾਂ ਨਹੀਂ? ਕਿਉਂਕਿ ਆਮ ਆਦਮੀ ਪਾਰਟੀ ਦੀ ਵਿਰਾਸਤ ਵਿੱਚ ਅਰਵਿੰਦ ਕੇਜਰੀਵਾਲ ਤੋਂ ਬਾਅਦ ਦੂਜੇ ਨੰਬਰ ’ਤੇ ਭਗਵੰਤ ਸਿੰਘ ਮਾਨ ਹੀ ਆਉਂਦੇ ਹਨ। ਦੂਜੇ ਵੱਡੇ ਲੀਡਰ ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਪਹਿਲਾਂ ਹੀ ਜੇਲ੍ਹ ਵਿੱਚ ਹਨ। ਭਗਵੰਤ ਸਿੰਘ ਮਾਨ ਲਈ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਪਾਰਟੀ ਤੇ ਆਪਣਾ ਦਬਦਬਾ ਬਣਾਉਣ ਲਈ ਸੁਨਹਿਰੀ ਮੌਕਾ ਸਾਬਤ ਹੋਵੇਗਾ। ਪੰਜਾਬ ਤੋਂ ਰਾਜ ਸਭਾ ਦੇ ਮੈਂਬਰ ਰਾਘਵ ਚੱਢਾ ਪਰਨੀਤੀ ਚੋਪੜਾ ਨਾਲ ਵਿਆਹ ਤੋਂ ਬਾਅਦ ਪਾਰਟੀ ਵਿੱਚ ਬਹੁਤੇ ਸਰਗਰਮ ਨਹੀਂ ਰਹੇ ਹਨ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਉਹ ਤਾਂ ਚੋਣਾਂ ਸਮੇਂ ਇੰਗਲੈਂਡ ਵਿੱਚ ਚਲੇ ਗਏ ਹਨ। ਆਮ ਆਦਮੀ ਪਾਰਟੀ ਦੇ ਨੇਤਾ ਕੇਂਦਰ ਸਰਕਾਰ ’ਤੇ ਬਦਲਾਖ਼ੋਰੀ ਦੇ ਇਲਜ਼ਾਮ ਲਗਾ ਰਹੇ ਹਨ। ਉਹ ਇਹ ਵੀ ਕਹਿ ਰਹੇ ਹਨ ਕਿ ਕੇਂਦਰ ਸਰਕਾਰ ਸੀ.ਬੀ.ਆਈ.ਅਤੇ ਈ.ਡੀ.ਨੂੰ ਹਥਿਆਰ ਦੇ ਤੌਰ ’ਤੇ ਵਰਤ ਰਹੀ ਹੈ। ਪ੍ਰੰਤੂ ਇਹ ਆਮ ਆਦਮੀ ਪਾਰਟੀ ਦੀ ਬਦਲਾਖ਼ੋਰੀ ਬਾਰੇ ਦੋਗਲੀ ਨੀਤੀ ਹੈ। ਪੰਜਾਬ ਵਿੱਚ ਵੀ ਵਿਜੀਲੈਂਸ ਅਤੇ ਪੁਲਿਸ ਰਾਹੀਂ ਸਿਆਸਤਦਾਨਾ ’ਤੇ ਕੇਸ ਦਰਜ ਕਰਕੇ ਜੇਲ੍ਹਾਂ ਵਿੱਚ ਸੁੱਟ ਰਹੀ ਹੈ। ਕੇਂਦਰ ਵਿੱਚ ਬਦਲਾਖ਼ੋਰੀ ਪ੍ਰੰਤੂ ਪੰਜਾਬ ਵਿੱਚ ਬਦਲਾਖ਼ੋਰੀ ਨਹੀਂ। ਸੁਖਪਾਲ ਸਿੰਘ ਖਹਿਰਾ ਤੇ ਵੀ ਮਨੀ ਲਾਂਡਰਿੰਗ ਦਾ ਪਰਾਣਾ ਕੇਸ ਖੋਲ੍ਹ ਲਿਆ ਸੀ, ਜਦੋਂ ਜੇਲ੍ਹ ਵਿੱਚੋਂ ਬਾਹਰ ਆਇਆ ਇਕ ਹਰ ਕੇਸ ਪਾ ਦਿੱਤਾ ਸੀ। ਆਮ ਆਦਮੀ ਪਾਰਟੀ ਦੀ ਦੋਗਲੀ ਨੀਤੀ ਸਾਹਮਣੇ ਆ ਗਈ ਹੈ। ਹੁਣ ਉਹ ਕੇਂਦਰ ਸਰਕਾਰ ਨੂੰ ਕਿਹੜੇ ਮੂੰਹ ਨਾਲ ਬਦਲਾਖ਼ੋਰੀ ਕਹਿ ਸਕਦੇ ਹਨ। ਆਮ ਆਦਮੀ ਪਾਰਟੀ ਦੀ ਪੰਜਾਬ ਅਤੇ ਦਿੱਲੀ ਸਰਕਾਰ ਲਈ ਖ਼ਤਰੇ ਦੀ ਤਲਵਾਰ ਲਟਕ ਰਹੀ ਹੈ।

ਕਟਹਿਰੇ ਵਿਚ ਕੇਜਰੀਵਾਲ

ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਈ.ਡੀ. ਵਲੋਂ ਗ੍ਰਿਫ਼ਤਾਰੀਉਪਰੰਤ ਦਿੱਲੀ ਦੀ ਇਕ ਅਦਾਲਤ ਵਲੋਂ ਉਸ ਨੂੰ 28 ਮਾਰਚ ਤਕ ਰਿਮਾਂਡ ’ਤੇ ਭੇਜਣ ਦੇ ਘਟਨਾਕ੍ਰਮ ਨੇ ਜਿਥੇ ਦੇਸ਼ ਦੇ ਸਿਆਸੀ ਮੰਚ ’ਤੇ ਇਕ ਤਰ੍ਹਾਂ ਨਾਲ ਭੁਚਾਲ ਲੈ ਆਂਦਾ ਹੈ, ਉੱਥੇ ਇਸ ਨੇ ਕਈ ਸਵਾਲ ਵੀ ਖੜ੍ਹੇ ਕੀਤੇ ਹਨ। ਆਮ ਲੋਕ ਅਤੇ ਸਿਆਸਤਦਾਨ ਆਪੋ-ਆਪਣੇ ਢੰਗ-ਤਰੀਕੇ ਨਾਲ ਪ੍ਰਤੀਕਰਮ ਦੇ ਰਹੇ ਹਨ। ਇਸ ਘਟਨਾਕ੍ਰਮ ਪ੍ਰਤੀ ਸਾਹਮਣੇ ਆਏ ਤੱਥਾਂ ਤੋਂ ਇਹ ਜ਼ਰੂਰ ਪਤਾ ਲੱਗਦਾ ਹੈ ਕਿ ਕੇਜਰੀਵਾਲ ਆਪਣੇ-ਆਪ ਨੂੰ ਗ੍ਰਿਫ਼ਤਾਰੀ ਤੋਂ ਬਚਾਉਣ ਲਈ ਅਨੇਕਾਂ ਹੀ ਢੰਗ-ਤਰੀਕਿਆਂ ਨਾਲ ਪਿਛਲੇ ਕਾਫ਼ੀ ਸਮੇਂ ਤੋਂ ਯਤਨ ਕਰਦੇ ਆ ਰਹੇ ਹਨ। ਗ੍ਰਿਫ਼ਤਾਰੀ ਤੋਂ ਪਹਿਲਾਂ ਪਿਛਲੇ ਲੰਮੇ ਸਮੇਂ ਤੋਂ ਇਨਫੋਰਸਮੈਂਟ ਡਾਇਰੈਕਟੋਰੇਟ ਵਲੋਂ ਉਨ੍ਹਾਂ ਨੂੰ ਪੇਸ਼ ਹੋਣ ਲਈ ਲਿਖਤੀ ਤੌਰ ’ਤੇ ਕਿਹਾ ਜਾਂਦਾ ਰਿਹਾ ਸੀ। ਇਨ੍ਹਾਂ ਸੰਮਨਾਂ ਪ੍ਰਤੀ ਉਹ ਆਪਣੇ ਜੱਜ ਆਪ ਹੀ ਬਣ ਗਏ ਸਨ ਅਤੇ ਬਿਆਨਾਂ ਦੇ ਰੂਪ ਵਿਚ ਫ਼ੈਸਲੇ ਸੁਣਾਉਂਦੇ ਰਹੇ ਸਨ। ਈ.ਡੀ. ਵਲੋਂ ਉਨ੍ਹਾਂ ਨੂੰ ਸ਼ਰਾਬ ਕੇਸ ਵਿਚ 2 ਨਵੰਬਰ, 2023 ਨੂੰ ਪੇਸ਼ ਹੋਣ ਲਈ ਪਹਿਲਾ ਸੰਮਨ ਭੇਜਿਆ ਗਿਆ ਸੀ, ਉਸ ਤੋਂ ਬਾਅਦ ਲਗਾਤਾਰ ਉਨ੍ਹਾਂ ਨੂੰ 9 ਸੰਮਨ ਭੇਜੇ ਗਏ, ਪਰ ਇਨ੍ਹਾਂ ਦੇ ਜਵਾਬ ਵਿਚ ਉਹ ਆਪ ਹੀ ਫ਼ੈਸਲੇ ਸੁਣਾਉਂਦੇ ਰਹੇ। ਦਿੱਲੀ ਦੇ ਆਮ ਆਦਮੀ ਪਾਰਟੀ ਦੇ ਆਗੂਆਂ ਦੇ ਖ਼ਿਲਾਫ਼ ਇਹ ਮਾਮਲਾ ਕੇਜਰੀਵਾਲ ਸਰਕਾਰ ਵਲੋਂ 17 ਨਵੰਬਰ, 2021 ਵਿਚ, ਸਾਲ 2021-22 ਲਈ ਲਾਗੂ ਕੀਤੀ ਗਈ ਆਬਕਾਰੀ ਨੀਤੀ ਦੇ ਐਲਾਨ ਨਾਲ ਸ਼ੁਰੂ ਹੋਇਆ ਸੀ।

ਇਸ ਦੇ ਐਲਾਨ ਨਾਲ ਹੀ ਇਸ ਸੰਬੰਧੀ ਕਈ ਤਰ੍ਹਾਂ ਦੀ ਚਰਚਾ ਚੱਲ ਪਈ ਅਤੇ ਬਾਅਦ ਵਿਚ ਇਸ ’ਚ ਇਸ ਨੀਤੀ ਵਿਚਲੀਆਂ ਬੇਨਿਯਮੀਆਂ ਦੀਆਂ ਪਰਤਾਂ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ ਸਨ। ਵੱਡੀ ਪੱਧਰ ’ਤੇ ਇਸ ਦੇ ਸਾਹਮਣੇ ਆਏ ਨੁਕਸਾਂ ਕਾਰਨ ਜੁਲਾਈ, 2022 ਨੂੰ ਦਿੱਲੀ ਦੇ ਉਪ ਰਾਜਪਾਲ ਵੀ.ਕੇ. ਸਕਸੈਨਾ ਨੇ ਸੀ.ਬੀ.ਆਈ. ਨੂੰ ਇਸ ਸੰਬੰਧੀ ਘੋਖ ਕਰਨ ਬਾਰੇ ਲਿਖ ਦਿੱਤਾ, ਲਗਾਤਾਰ ਠੋਸ ਸਬੂਤ ਸਾਹਮਣੇ ਆਉਣ ਤੋਂ ਬਾਅਦ ਇਸ ਏਜੰਸੀ ਨੇ 15 ਵਿਅਕਤੀਆਂ ’ਤੇ ਕੇਸ ਦਰਜ ਕੀਤਾ, ਜਿਨ੍ਹਾਂ ਵਿਚ ਦਿੱਲੀ ਦਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵੀ ਸ਼ਾਮਿਲ ਸੀ। ਖੁੱਲ੍ਹਦੀਆਂ ਇਨ੍ਹਾਂ ਪਰਤਾਂ ਵਿਚ ਹਵਾਲੇ ਰਾਹੀਂ ਹਾਸਿਲ ਕੀਤੀਆਂ ਗਈਆਂ ਰਕਮਾਂ ਵੀ ਸਾਹਮਣੇ ਆਈਆਂ। ਅਜਿਹੀ ਆਲੋਚਨਾ ਦੇ ਸਾਹਮਣੇ ਸਰਕਾਰ ਨੇ ਇਹ ਨੀਤੀ ਖ਼ਤਮ ਕਰਕੇ ਉਸ ਤੋਂ ਪਹਿਲੇ ਸਾਲ ਵਾਲੀ 2020-21 ਵਾਲੀ ਨੀਤੀ ਹੀ ਲਾਗੂ ਕਰਨ ਦਾ ਐਲਾਨ ਤਾਂ ਕਰ ਦਿੱਤਾ, ਪਰ ਉਸ ਸਮੇਂ ਤੱਕ ਭੱਥੇ ’ਚੋਂ ਤੀਰ ਨਿਕਲ ਚੁੱਕਾ ਸੀ। ਸਾਹਮਣੇ ਆਏ ਸਬੂਤਾਂ ਦੇ ਆਧਾਰ ’ਤੇ ਜਾਂਚ ਏਜੰਸੀ ਵਲੋਂ ਮਨੀਸ਼ ਸਿਸੋਦੀਆ ਨੂੰ 26 ਫਰਵਰੀ, 2023 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਸਿਸੋਦੀਆ ਨੇ ਇਸ ਸੰਬੰਧੀ ਅਦਾਲਤਾਂ ਦਾ ਸਹਾਰਾ ਲੈਂਦੇ ਹੋਏ ਸੁਪਰੀਮ ਕੋਰਟ ਤਕ ਪਹੁੰਚ ਕੀਤੀ ਸੀ, ਪਰ ਪੁਖ਼ਤਾ ਸਬੂਤਾਂ ਦੇ ਹੁੰਦਿਆਂ ਉਸ ਨੂੰ ਹੁਣ ਤੱਕ ਜ਼ਮਾਨਤ ਨਹੀਂ ਮਿਲ ਸਕੀ। ਇਸੇ ਕੇਸ ਵਿਚ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੂੰ ਵੀ ਪਿਛਲੇ ਸਾਲ 4 ਅਕਤੂਬਰ 2023 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਲਗਾਤਾਰ ਯਤਨ ਕਰਨ ਦੇ ਬਾਅਦ ਉਸ ਨੂੰ ਵੀ ਕਿਸੇ ਅਦਾਲਤ ਤੋਂ ਰਾਹਤ ਨਹੀਂ ਮਿਲ ਸਕੀ। ਇਸੇ ਹੀ ਸਿਲਸਿਲੇ ਵਿਚ ਕੇ. ਕਵਿਤਾ, ਜੋ ਕਿ ਤੇਲੰਗਾਨਾ ਦੇ ਸਾਬਕਾ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਦੀ ਬੇਟੀ ਹੈ, ਨੂੰ ਵੀ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ।

100 ਕਰੋੜ ਦੇ ਇਸ ਘੁਟਾਲੇ ਵਿਚ ਆਮ ਆਦਮੀ ਪਾਰਟੀ ਦੇ ਵੱਡੇ ਆਗੂ ਵਿਜੇ ਨਾਇਰ ਨੂੰ ਸਭ ਤੋਂ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਸੀ, ਉਸ ਤੋਂ ਬਾਅਦ ਦੱਖਣ ਦੇ ਸ਼ਰਾਬ ਕਾਰੋਬਾਰੀਆਂ ਦੇ ਗਰੁੱਪ ਨਾਲ ਸੰਬੰਧਿਤ ਕਈ ਹੋਰ ਲੋਕਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਦਰਜਨ ਤੋਂ ਵਧੇਰੇ ਫੜੇ ਗਏ ਇਨ੍ਹਾਂ ਬੰਦਿਆਂ ’ਚੋਂ ਕਈ ਵਾਅਦਾ ਮੁਆਫ਼ ਗਵਾਹ ਬਣ ਗਏ ਹਨ। ਇਸ ਨੀਤੀ ਅਧੀਨ ਥੋਕ ਸ਼ਰਾਬ ਦੇ ਕਮਿਸ਼ਨ ਵਿਚ ਵੱਡਾ ਵਾਧਾ ਕਰਕੇ ਇਸ ਗਰੁੱਪ ਨੂੰ ਇਕ ਤਰ੍ਹਾਂ ਨਾਲ ਬਹੁਤ ਸਾਰੇ ਠੇਕੇ ਦਿੱਤੇ ਗਏ ਸਨ। ਇਸ ਸੰਬੰਧੀ ਦੋਸ਼ ਹਨ ਕਿ ਆਮ ਆਦਮੀ ਪਾਰਟੀ ਨੇ ਦੱਖਣ ਦੇ ਸ਼ਰਾਬ ਕਾਰੋਬਾਰੀਆਂ ਤੋਂ ਪੈਸਾ ਲੈ ਕੇ ਇਸ ਨੂੰ ਗੋਆ ਅਤੇ ਪੰਜਾਬ ਦੀਆਂ ਚੋਣਾਂ ਦੇ ਨਾਲ-ਨਾਲ ਹੋਰਾਂ ਥਾਵਾਂ ’ਤੇ ਵੀ ਖ਼ਰਚ ਕੀਤਾ। 10 ਕੁ ਸਾਲ ਪਹਿਲਾਂ ਬਣੀ ਇਸ ਪਾਰਟੀ ਦਾ ਮੁੱਖ ਨਿਸ਼ਾਨਾ ਦੇਸ਼ ਵਿਚੋਂ ਭ੍ਰਿਸ਼ਟਾਚਾਰ ਖ਼ਤਮ ਕਰਕੇ ਲੋਕਾਂ ਨੂੰ ਬਦਲਵੀਂ ਸਾਫ਼-ਸੁਥਰੀ ਸਿਆਸਤ ਦੇਣਾ ਸੀ, ਪਰ ਸਮੇਂ ਦੀ ਸਿਤਮਜ਼ਰੀਫ਼ੀ ਦੇਖੋ ਕਿ ਪਹਿਲਾਂ ਦਿੱਲੀ ਵਿਚ ਤੇ ਫਿਰ ਪੰਜਾਬ ਵਿਚ ਇਸ ਦੀਆਂ ਬਣੀਆਂ ਸਰਕਾਰਾਂ ਭ੍ਰਿਸ਼ਟਾਚਾਰ ਦੇ ਮਸਲੇ ’ਤੇ ਹੀ ਬੇਹੱਦ ਬਦਨਾਮ ਹੋ ਚੁੱਕੀਆਂ ਹਨ।

ਸ਼ੁਰੂ ਵਿਚ ਹੀ ਇਸ ਨਵੀਂ ਬਣੀ ਪਾਰਟੀ ਦੇ ਬਹੁਤ ਸਾਰੇ ਵੱਡੇ ਆਗੂ ਕੇਜਰੀਵਾਲ ਦੀ ਕਾਰਜਸ਼ੈਲੀ ਨੂੰ ਦੇਖ ਕੇ ਪਾਰਟੀ ਛੱਡ ਗਏ ਸਨ। ਹੌਲੀ-ਹੌਲੀ ਇਹ ਕਤਾਰ ਲੰਮੀ ਹੁੰਦੀ ਗਈ। ਪਿਛਲੇ ਲੰਮੇ ਸਮੇਂ ਤੋਂ ਇਸ ‘ਇਮਾਨਦਾਰ’ ਪਾਰਟੀ ਦਾ ਜਿਸ ਤਰ੍ਹਾਂ ਹੀਜ-ਪਿਆਜ਼ ਸਾਹਮਣੇ ਆਇਆ ਹੈ, ਉਹ ਬੇਹੱਦ ਨਿਰਾਸ਼ਾਜਨਕ ਹੈ। ਅੱਜ ਚਾਹੇ ਭਾਜਪਾ ਦੇ ਵਿਰੋਧ ਵਿਚ ਖੜ੍ਹੀਆਂ ਬਹੁਤ ਸਾਰੀਆਂ ਪਾਰਟੀਆਂ ਦੇ ਆਗੂ ਇਸ ਮਸਲੇ ’ਤੇ ਕੇਂਦਰੀ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਦੀ ਆਲੋਚਨਾ ਕਰ ਰਹੇ ਹਨ, ਪਰ ਇਸ ਸੰਬੰਧੀ ਲਗਾਤਾਰ ਸਾਹਮਣੇ ਆ ਰਹੇ ਤੱਥਾਂ ਨੂੰ ਝੁਠਲਾਇਆ ਜਾਣਾ ਮੁਸ਼ਕਿਲ ਹੈ। ਇਸ ਸੰਦਰਭ ਵਿਚ ਅਸੀਂ ਮੋਦੀ ਸਰਕਾਰ ਨੂੰ ਵੀ ਇਸ ਲਈ ਸੱਚੀ-ਸੁੱਚੀ ਨਹੀਂ ਸਮਝਦੇ, ਕਿਉਂਕਿ ਉਸ ਵਲੋਂ ਹਰ ਢੰਗ-ਤਰੀਕੇ ਨਾਲ ਆਪਣੇ ਸਿਆਸੀ ਵਿਰੋਧੀਆਂ ’ਤੇ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਇਨ੍ਹਾਂ ਹੀ ਵਿਰੋਧੀਆਂ ਵਿਚੋਂ ਜਿਹੜੇ ਵੀ ਭਾਜਪਾ ਜਾਂ ਉਸ ਦੀ ਸਰਕਾਰ ਦਾ ਦਮ ਭਰਨ ਲੱਗਦੇ ਹਨ, ਉਹ ਭ੍ਰਿਸ਼ਟਾਚਾਰੀ ਹੋਣ ਤੋਂ ਬਾਹਰ ਨਿਕਲ ਕੇ ਪਾਕ-ਸਾਫ਼ ਹੋ ਜਾਂਦੇ ਹਨ।

ਬਿਨਾਂ ਸ਼ੱਕ ਅਜਿਹੀਆਂ ਨੀਤੀਆਂ ਨੇ ਦੇਸ਼ ਦੇ ਲੋਕਤੰਤਰੀ ਢਾਂਚੇ ਨੂੰ ਬੁਰੀ ਤਰ੍ਹਾਂ ਨਾਲ ਹਿਲਾ ਕੇ ਰੱਖ ਦਿੱਤਾ ਹੈ, ਪਰ ਇਸਦੇ ਬਾਵਜੂਦ ਕੇਜਰੀਵਾਲ ਅਤੇ ਉਸ ਦੇ ਸਾਥੀਆਂ ਦੀਆਂ ਪੁਸ਼ਾਕਾਂ ’ਤੇ ਲੱਗੇ ਭ੍ਰਿਸ਼ਟਾਚਾਰ ਦੇ ਵੱਡੇ ਦਾਗਾਂ ਨੂੰ ਧੋਇਆ ਨਹੀਂ ਜਾ ਸਕਦਾ।

ਚੋਣ ਚੰਦੇ 'ਚ ਪਾਰਦਰਸ਼ਤਾ ਦੀ ਘਾਟ !

ਜਦ ਇਕੱਠੀਆਂ ਚੋਣਾਂ ਹੋਣ 'ਤੇ ਵੀ ਨਤੀਜੇ ਅਲੱਗ-ਅਲੱਗ ਆਉਂਦੇ ਹੀ ਸਨ ਤਾਂ ਇਕ ਵਾਰ ਫਿਰ ਇਕੱਠੀਆਂ ਚੋਣਾਂ ਕਰਵਾਉਣ ਵਿਚ ਨੁਕਸਾਨ ਕੀ ਹੈ? ਅਸਲ ਵਿਚ ਇਸ ਦੇ ਲਾਭ ਜ਼ਿਆਦਾ ਹਨ। ਅਤੀਤ ਵੱਲ ਦੇਖੀਏ ਤਾਂ ਇਹ ਉੱਡਦੀ ਖ਼ਬਰ ਮਿਲ ਰਹੀ ਸੀ ਕਿ ਇਸ ਚੋਣ ਵਿਚ ਵਿਦੇਸ਼ੀ ਧਨ ਦਾ ਇਸਤੇਮਾਲ ਹੋਇਆ ਹੈ। ਉਦੋਂ ਇੰਦਰਾ ਗਾਂਧੀ ਨੂੰ ਅਜਿਹਾ ਲੱਗਾ ਕਿ ਵਿਦੇਸ਼ੀ ਧਨ ਸਿਰਫ਼ ਵਿਰੋਧੀ ਪਾਰਟੀਆਂ ਨੂੰ ਮਿਲਿਆ। ਇੰਦਰਾ ਸਰਕਾਰ ਨੇ ਕੇਂਦਰੀ ਖ਼ੁਫ਼ੀਆ ਵਿਭਾਗ ਨੂੰ ਇਸ ਦੀ ਜਾਂਚ ਦਾ ਜ਼ਿੰਮਾ ਸੌਂਪਿਆ।

ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਲੋਕਤੰਤਰ ਦੀ ਕਾਮਯਾਬੀ ਚੋਣ ਪ੍ਰਕਿਰਿਆ ਵਿਚ ਸੁਤੰਤਰਤਾ, ਪਾਰਦਰਸ਼ਤਾ ਅਤੇ ਨਿਰਪੱਖਤਾ ਨਾਲ ਨਿਰਧਾਰਤ ਹੁੰਦੀ ਹੈ। ਚੋਣਾਂ ਕਿਉਂਕਿ ਇਕ ਖ਼ਰਚੀਲੀ ਪ੍ਰਕਿਰਿਆ ਵੀ ਹਨ ਤਾਂ ਇਸ ਕਾਰਨ ਇਸ ਵਿਚ ਚੋਣ ਚੰਦੇ ਦੀ ਭੂਮਿਕਾ ਅਹਿਮ ਹੋ ਜਾਂਦੀ ਹੈ। ਇਸੇ ਚੰਦੇ ਨਾਲ ਜੁੜੇ ਚੋਣ ਬਾਂਡ ਦਾ ਮੁੱਦਾ ਇਨ੍ਹੀਂ ਦਿਨੀਂ ਸੁਰਖੀਆਂ ਵਿਚ ਛਾਇਆ ਹੋਇਆ ਹੈ। ਭਾਰਤ ਵਿਚ ਦੇਸੀ-ਵਿਦੇਸ਼ੀ ਚੋਣ ਚੰਦੇ ਨੂੰ ਲੈ ਪਰਦਾਦਾਰੀ ਦੀ ਪਰੰਪਰਾ ਦਹਾਕਿਆਂ ਪੁਰਾਣੀ ਹੈ।

ਵਿਦੇਸ਼ੀ ਚੰਦੇ ਬਾਰੇ 1967 ਵਿਚ ਤਤਕਾਲੀ ਕੇਂਦਰੀ ਮੰਤਰੀ ਯਸ਼ਵੰਤ ਰਾਓ ਚਵਾਨ ਨੇ ਲੋਕ ਸਭਾ ਵਿਚ ਇਹ ਜਾਣਕਾਰੀ ਦਿੱਤੀ ਸੀ, "ਇਸ ਦੇਸ਼ ਦੀਆਂ ਸਿਆਸੀ ਪਾਰਟੀਆਂ ਨੂੰ ਮਿਲੇ ਵਿਦੇਸ਼ੀ ਚੰਦੇ ਬਾਰੇ ਭਾਰਤ ਵਿਚ ਕੇਂਦਰੀ ਗੁਪਤਚਰ ਵਿਭਾਗ ਦੀ ਰਿਪੋਰਟ ਨੂੰ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ ਕਿਉਂਕਿ ਇਸ ਦੇ ਪ੍ਰਕਾਸ਼ਨ ਨਾਲ ਅਨੇਕ ਵਿਅਕਤੀਆਂ ਅਤੇ ਪਾਰਟੀਆਂ ਦੇ ਹਿੱਤਾਂ ਦੀ ਹਾਨੀ ਹੋਵੇਗੀ।"

ਇਸ ਤੋਂ ਪਹਿਲਾਂ ਵਿਰੋਧੀ ਪਾਰਟੀਆਂ ਦੇ ਕੁਝ ਨੇਤਾਵਾਂ ਨੇ ਉਸ ਦੇ ਪ੍ਰਕਾਸ਼ਨ ਦੀ ਮੰਗ ਕੀਤੀ ਸੀ। ਇਸ ਤਰ੍ਹਾਂ ਉਸ ਸਮੇਂ ਕੇਂਦਰ ਵਿਚ ਹੁਕਮਰਾਨ ਇੰਦਰਾ ਗਾਂਧੀ ਸਰਕਾਰ ਨੇ ਇਹ ਪ੍ਰੰਪਰਾ ਸਥਾਪਤ ਕਰ ਦਿੱਤੀ ਕਿ ਸਿਆਸੀ ਚੰਦੇ ਦੇ ਮਾਮਲੇ ਵਿਚ ਦੇਸ਼ ਨੂੰ ਹਾਨੀ ਭਾਵੇਂ ਹੋ ਜਾਵੇ ਪਰ ਰਾਜਨੀਤਕ ਪਾਰਟੀਆਂ ਅਤੇ ਨੇਤਾਵਾਂ ਨੂੰ ਕੋਈ ਨੁਕਸਾਨ ਨਹੀਂ ਹੋਣਾ ਚਾਹੀਦਾ। ਉਹ ਪਰੰਪਰਾ ਅੱਜ ਵੀ ਦੇਸ਼ ਵਿਚ ਬਰਕਰਾਰ ਹੈ। ਅਜਿਹੇ ਵਿਚ ਇਸ ਪੁਰਾਣੀ ਮੰਗ 'ਤੇ ਇਕ ਵਾਰ ਫਿਰ ਗ਼ੌਰ ਕਰਨ ਦੀ ਜ਼ਰੂਰਤ ਹੈ ਕਿ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇ ਚੋਣ ਪ੍ਰਚਾਰ ਦੇ ਜ਼ਰੂਰੀ ਖ਼ਰਚੇ ਖ਼ੁਦ ਸਰਕਾਰ ਚੁੱਕੇ। ਸੰਨ 1967 ਦੀਆਂ ਆਮ ਚੋਣਾਂ ਵਿਚ ਸੱਤ ਸੂਬਿਆਂ ਵਿਚ ਕਾਂਗਰਸ ਹਾਰ ਗਈ ਸੀ। ਉਦੋਂ ਤੱਕ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਨਾਲ-ਨਾਲ ਹੀ ਹੁੰਦੀਆਂ ਸਨ। ਚੇਤੇ ਰਹੇ ਕਿ ਸੰਨ 1967 ਵਿਚ ਆਮ ਚੋਣਾਂ ਦੇ ਕੁਝ ਮਹੀਨਿਆਂ ਦੇ ਅੰਦਰ ਦਲ-ਬਦਲੀ ਕਾਰਨ ਦੋ ਹੋਰ ਸੂਬਿਆਂ ਉੱਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਦੀਆਂ ਕਾਂਗਰਸ ਸਰਕਾਰਾਂ ਵੀ ਟੁੱਟ ਗਈਆਂ ਸਨ। ਉਸ ਤੋਂ ਬਾਅਦ ਉੱਥੇ ਵੀ ਗ਼ੈਰ-ਕਾਂਗਰਸੀ ਸਰਕਾਰਾਂ ਗਠਿਤ ਹੋ ਗਈਆਂ ਸਨ। ਚੌਥੀਆਂ ਆਮ ਚੋਣਾਂ ਵਿਚ ਲੋਕ ਸਭਾ ਵਿਚ ਵੀ ਕਾਂਗਰਸ ਨੂੰ ਬਹੁਮਤ ਘੱਟ ਹੋ ਗਿਆ ਸੀ। ਯਾਨੀ, ਅੱਜ ਦਾ ਇਹ ਤਰਕ ਸਹੀ ਨਹੀਂ ਹੈ ਕਿ ਵੰਨ-ਸੁਵੰਨਤਾ ਵਾਲੇ ਇਸ ਦੇਸ਼ ਵਿਚ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਅਲੱਗ-ਅਲੱਗ ਹੀ ਹੋਣੀਆਂ ਚਾਹੀਦੀਆਂ ਹਨ।

ਜਦ ਇਕੱਠੀਆਂ ਚੋਣਾਂ ਹੋਣ 'ਤੇ ਵੀ ਨਤੀਜੇ ਅਲੱਗ-ਅਲੱਗ ਆਉਂਦੇ ਹੀ ਸਨ ਤਾਂ ਇਕ ਵਾਰ ਫਿਰ ਇਕੱਠੀਆਂ ਚੋਣਾਂ ਕਰਵਾਉਣ ਵਿਚ ਨੁਕਸਾਨ ਕੀ ਹੈ? ਅਸਲ ਵਿਚ ਇਸ ਦੇ ਲਾਭ ਜ਼ਿਆਦਾ ਹਨ। ਅਤੀਤ ਵੱਲ ਦੇਖੀਏ ਤਾਂ ਇਹ ਉੱਡਦੀ ਖ਼ਬਰ ਮਿਲ ਰਹੀ ਸੀ ਕਿ ਇਸ ਚੋਣ ਵਿਚ ਵਿਦੇਸ਼ੀ ਧਨ ਦਾ ਇਸਤੇਮਾਲ ਹੋਇਆ ਹੈ। ਉਦੋਂ ਇੰਦਰਾ ਗਾਂਧੀ ਨੂੰ ਅਜਿਹਾ ਲੱਗਾ ਕਿ ਵਿਦੇਸ਼ੀ ਧਨ ਸਿਰਫ਼ ਵਿਰੋਧੀ ਪਾਰਟੀਆਂ ਨੂੰ ਮਿਲਿਆ। ਇੰਦਰਾ ਸਰਕਾਰ ਨੇ ਕੇਂਦਰੀ ਖ਼ੁਫ਼ੀਆ ਵਿਭਾਗ ਨੂੰ ਇਸ ਦੀ ਜਾਂਚ ਦਾ ਜ਼ਿੰਮਾ ਸੌਂਪਿਆ।

ਜਾਂਚ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਗਈ ਪਰ ਰਿਪੋਰਟ ਨੂੰ ਸਰਕਾਰ ਨੇ ਦਬਾ ਦਿੱਤਾ। ਅਜਿਹਾ ਇਸ ਲਈ ਕਿਉਂਕਿ ਉਹ ਰਿਪੋਰਟ ਹੁਕਮਰਾਨ ਪਾਰਟੀ ਲਈ ਵੀ ਅਸਹਿਜ ਕਰਨ ਵਾਲੀ ਸੀ। ਜਾਂਚ ਦੌਰਾਨ ਇਸ ਗੱਲ ਦੇ ਵੀ ਸਬੂਤ ਮਿਲੇ ਸਨ ਕਿ ਕਾਂਗਰਸ ਦੇ ਹੀ ਕੁਝ ਨੇਤਾਵਾਂ ਨੇ ਅਮਰੀਕਾ ਤੋਂ ਤੇ ਕੁਝ ਹੋਰ ਕਾਂਗਰਸੀ ਨੇਤਾਵਾਂ ਨੇ ਸੋਵੀਅਤ ਸੰਘ ਤੋਂ ਪੈਸੇ ਲਏ ਸਨ। ਇਸ ਰਿਪੋਰਟ ਨੂੰ ਬਾਅਦ 'ਚ ਅਮਰੀਕੀ ਅਖ਼ਬਾਰ 'ਦਿ ਨਿਊਯਾਰਕ ਟਾਈਮਜ਼' ਨੇ ਛਾਪ ਦਿੱਤਾ ਸੀ। ਇਸ ਰਿਪੋਰਟ ਮੁਤਾਬਕ ਸਿਰਫ਼ ਇਕ ਰਾਜਨੀਤਕ ਪਾਰਟੀ ਨੂੰ ਛੱਡ ਕੇ ਲਗਪਗ ਸਾਰੀਆਂ ਮੁੱਖ ਪਾਰਟੀਆਂ ਨੇ ਵਿਦੇਸ਼ੀ ਚੰਦਾ ਸਵੀਕਾਰ ਕੀਤਾ ਸੀ। ਖ਼ੁਫ਼ੀਆ ਵਿਭਾਗ ਦੀ ਉਕਤ ਰਿਪੋਰਟ ਅਨੁਸਾਰ ਅਮਰੀਕੀ ਖ਼ੁਫ਼ੀਆ ਏਜੰਸੀ ਅਤੇ ਕਮਿਊਨਿਸਟ ਦੂਤਘਰਾਂ ਨੇ ਰਾਜਨੀਤਕ ਪਾਰਟੀਆਂ ਨੂੰ ਕਾਫ਼ੀ ਪੈਸੇ ਦਿੱਤੇ। ਉਨ੍ਹੀਂ ਦਿਨੀਂ ਸੰਸਾਰ ਦੇ ਦੋ ਖੇਮਿਆਂ ਵਿਚਾਲੇ ਠੰਢੀ ਜੰਗ ਜਾਰੀ ਸੀ। ਕਮਿਊਨਿਸਟ ਅਤੇ ਗ਼ੈਰ-ਕਮਿਊਨਿਸਟ ਦੇਸ਼ਾਂ ਨੇ ਭਾਰਤ ਵਿਚ ਆਪੋ-ਆਪਣੇ ਖ਼ਾਸ ਸਮਰਥਕ ਬਣਾ ਰੱਖੇ ਸਨ।

ਇਹ ਕਿਸੇ ਤੋਂ ਛਿਪਿਆ ਨਹੀਂ ਰਿਹਾ ਕਿ ਉਸ ਦੌਰ ਵਿਚ ਇਕ ਅਜਿਹੇ ਖੇਮੇ ਦੀ ਅਗਵਾਈ ਅਮਰੀਕਾ ਤੇ ਦੂਜੇ ਖੇਮੇ ਦੀ ਅਗਵਾਈ ਸੋਵੀਅਤ ਸੰਘ ਕਰ ਰਿਹਾ ਸੀ। 'ਨਿਊਯਾਰਕ

-ਸੁਰੇਂਦਰ ਕਿਸ਼ੋਰ

ਟਾਈਮਜ਼' ਦੀ ਇਸ ਸਨਸਨੀਖੇਜ਼ ਰਿਪੋਰਟ 'ਤੇ 1967 ਦੇ ਆਰੰਭ ਵਿਚ ਲੋਕ ਸਭਾ ਵਿਚ ਬਹੁਤ ਤਿੱਖੀ ਬਹਿਸ ਹੋਈ। ਇਸ ਦੇ ਨਤੀਜੇ ਵਜੋਂ ਤਮਾਮ ਭਾਰਤੀ ਅਖ਼ਬਾਰਾਂ ਵਿਚ ਵੀ ਇਸ ਖ਼ਬਰ ਨੂੰ ਬਾਅਦ ਵਿਚ ਕਾਫ਼ੀ ਕਵਰੇਜ ਮਿਲੀ। ਜੋ ਖ਼ਬਰ 'ਨਿਊਯਾਰਕ ਟਾਈਮਜ਼' ਨੇ ਬ੍ਰੇਕ ਕੀਤੀ ਸੀ, ਉਹ ਖ਼ਬਰ ਭਾਰਤੀ ਮੀਡੀਆ ਕਿਉਂ ਨਹੀਂ ਬ੍ਰੇਕ ਕਰ ਸਕਿਆ? ਕੀ ਉਦੋਂ ਵੀ 'ਗੋਦੀ ਮੀਡੀਆ' ਸੀ? ਇਸ ਸਮੇਂ ਇਕ ਤਬਕਾ ਗੋਦੀ ਮੀਡੀਆ ਦਾ ਦੋਸ਼ ਭਾਰਤੀ ਮੀਡੀਆ 'ਤੇ ਲਗਾ ਰਿਹਾ ਹੈ। ਉਨ੍ਹਾਂ ਦਿਨਾਂ ਦੌਰਾਨ ਇਹ ਖ਼ਬਰ ਵੀ ਆਈ ਸੀ ਕਿ ਇਸ ਦੇਸ਼ ਦੇ ਹੀ ਇਕ ਵੱਡੇ ਸਨਅਤਕਾਰ ਨੇ ਤਕਰੀਬਨ ਪੰਜ ਦਰਜਨ ਸੰਸਦ ਮੈਂਬਰਾਂ ਨੂੰ ਆਪਣੇ 'ਪੇਅ ਰੋਲ' ਉੱਤੇ ਰੱਖਿਆ ਹੋਇਆ ਸੀ। ਸੰਸਦ ਵਿਚ ਸੁਤੰਤਰ ਪਾਰਟੀ ਦੇ ਇਕ ਮੈਂਬਰ ਨੇ ਗ੍ਰਹਿ ਮੰਤਰੀ ਚਵਾਨ ਤੋਂ ਪੁੱਛਿਆ ਕਿ ਕੀ ਉਹ ਖ਼ੁਫ਼ੀਆ ਵਿਭਾਗ ਦੀ ਰਿਪੋਰਟ ਨੂੰ ਪ੍ਰਕਾਸ਼ਿਤ ਕਰਨ ਦਾ ਬੀੜਾ ਚੁੱਕਣਗੇ ਤਾਂ ਕਿ ਰਾਜਨੀਤਕ ਪਾਰਟੀਆਂ ਨੂੰ ਜਨਤਾ ਵਿਚਾਲੇ ਸਫ਼ਾਈ ਪੇਸ਼ ਕਰਨ ਦਾ ਮੌਕਾ ਮਿਲ ਸਕੇ?

ਰਿਪੋਰਟ ਦੇ ਪ੍ਰਕਾਸ਼ਨ ਤੋਂ ਇਨਕਾਰ ਕਰਦੇ ਹੋਏ ਚਵਾਨ ਨੇ ਇਹ ਜ਼ਰੂਰ ਕਿਹਾ ਸੀ ਕਿ ਕੇਂਦਰ ਸਰਕਾਰ ਚੋਣ ਕਮਿਸ਼ਨ ਦੀ ਮਦਦ ਨਾਲ ਸੰਤਾਨਮ ਕਮੇਟੀ ਦੇ ਉਸ ਸੁਝਾਅ 'ਤੇ ਵਿਚਾਰ ਕਰ ਰਹੀ ਹੈ ਜਿਸ ਵਿਚ ਵੱਖ-ਵੱਖ ਰਾਜਨੀਤਕ ਪਾਰਟੀਆਂ ਨੂੰ ਹਰ ਸੰਭਵ ਸਰੋਤਾਂ ਤੋਂ ਪ੍ਰਾਪਤ ਹੋਣ ਵਾਲੀ ਧਨਰਾਸ਼ੀ ਦੀ ਜਾਂਚ ਦੀ ਗੱਲ ਕਹੀ ਗਈ ਹੈ। ਇਸ ਦੇਸ਼ ਦੀ ਬਦਕਿਸਮਤੀ ਹੀ ਰਹੀ ਹੈ ਕਿ ਜਨਤਾ ਅੱਜ ਵੀ ਸੰਤਾਨਮ ਕਮੇਟੀ ਦੀ ਰਿਪੋਰਟ ਨੂੰ ਲਾਗੂ ਕਰਨ ਦੀ ਆਸ ਲਗਾਈ ਬੈਠੀ ਹੈ। ਸਮੇਂ ਦੇ ਨਾਲ ਰਾਜਨੀਤੀ ਵਿਚ ਕਾਲੇਧਨ ਦੇ ਇਸਤੇਮਾਲ ਦੀਆਂ ਖ਼ਬਰਾਂ ਬੇਹੱਦ ਆਮ ਹੁੰਦੀਆਂ ਗਈਆਂ। ਕਈ ਮਾਮਲਿਆਂ ਵਿਚ ਤਾਂ ਸਥਿਤੀ ਇਹ ਹੋ ਗਈ ਹੈ ਕਿ ਚੋਣਾਂ ਵਿਚ ਬਾਹੂਬਲ ਨਾਲੋਂ ਵੱਧ ਪ੍ਰਭਾਵੀ ਭੂਮਿਕਾ ਧਨ-ਬਲ ਦੀ ਹੁੰਦੀ ਜਾ ਰਹੀ ਹੈ। ਕੁਝ ਸਮਾਂ ਪਹਿਲਾਂ ਇਕ ਵਿਧਾਨ ਸਭਾ ਚੋਣ ਵਿਚ ਇਕ ਉਮੀਦਵਾਰ ਨੂੰ ਦੋ ਹਜ਼ਾਰ ਰੁਪਏ ਦੇ ਨੋਟ ਵੋਟਰਾਂ ਨੂੰ ਵੰਡਦੇ ਹੋਏ ਟੀਵੀ ਚੈਨਲਾਂ 'ਤੇ ਦਿਖਾਇਆ ਗਿਆ ਸੀ। ਹੁਣ ਤਾਂ ਇਸ ਦੇਸ਼ ਦੀਆਂ ਛੋਟੀਆਂ ਤੋਂ ਛੋਟੀਆਂ ਪਾਰਟੀਆਂ ਦੇ ਨੇਤਾ ਵੀ ਚਾਰਟਰਡ ਪਲੇਨਾਂ ਵਿਚ ਘੁੰਮ ਰਹੇ ਹਨ। ਚੋਣਾਂ ਵਿਚ ਕਾਲੇਧਨ ਦੇ ਵਧਦੇ ਅਸਰ ਕਾਰਨ ਰਾਜਨੀਤੀ ਦੀ ਪਾਕੀਜ਼ਗੀ ਪ੍ਰਭਾਵਿਤ ਹੁੰਦੀ ਜਾ ਰਹੀ ਹੈ। ਨਤੀਜੇ ਵਜੋਂ ਰਾਜਨੀਤਕ ਕਾਰਜਪਾਲਿਕਾ ਵੀ ਦੂਸ਼ਿਤ ਹੋ ਰਹੀ ਹੈ। ਪ੍ਰਸ਼ਾਸਕੀ ਕਾਰਜਪਾਲਿਕਾ ਬਾਰੇ ਤਾਂ ਕਿਹਾ ਹੀ ਕੀ ਜਾਵੇ। ਮਾਹਰ ਦੱਸਦੇ ਹਨ ਕਿ ਇਕ ਪੱਧਰ 'ਤੇ ਭ੍ਰਿਸ਼ਟਾਚਾਰ ਵਿਕਾਸ ਦੀ ਗਤੀ ਨੂੰ ਉਮੀਦ ਕੀਤੀ ਗਈ ਗਤੀ ਨਾਲ ਵਧਣ ਨਹੀਂ ਦੇ ਰਿਹਾ ਹੈ। ਗੁਣਾਤਮਕ ਅਤੇ ਟਿਕਾਊ ਢਾਂਚਾ ਨਿਰਮਾਣ ਦੀ ਕੋਈ ਗਾਰੰਟੀ ਨਹੀਂ ਹੈ। ਚੋਣ ਚੰਦਾ ਭ੍ਰਿਸ਼ਟਾਚਾਰ ਦਾ ਇਕ ਵੱਡਾ ਸਰੋਤ ਬਣਿਆ ਹੋਇਆ ਹੈ। ਇਸੇ ਨੂੰ ਦੇਖਦੇ ਹੋਏ ਚੋਣ ਚੰਦੇ ਵਿਚ ਪਾਰਦਰਸ਼ਤਾ ਲਿਆਉਣ ਲਈ ਚੋਣ ਬਾਂਡ ਦੀ ਵਿਵਸਥਾ ਕੀਤੀ ਗਈ ਸੀ ਪਰ ਸਿਆਸੀ ਇੱਛਾ ਸ਼ਕਤੀ ਦੀ ਘਾਟ ਕਾਰਨ ਇਹ ਉਮੀਦ ਮੁਤਾਬਕ ਨਤੀਜੇ ਨਾ ਦੇ ਕੇ ਖ਼ੁਦ ਵਿਵਾਦਾਂ ਦੇ ਘੇਰੇ ਵਿਚ ਘਿਰ ਗਈ ਹੈ। ਚੋਣ ਚੰਦੇ ਦੀ ਖੇਡ ਇੰਨੀ ਬਦਨਾਮ ਹੋ ਚੁੱਕੀ ਹੈ ਕਿ ਸੁਪਰੀਮ ਕੋਰਟ ਨੇ ਇਸ ਵਿਵਸਥਾ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਇਸ ਨੂੰ ਰੱਦ ਕਰ ਦਿੱਤਾ ਹੈ।

ਸਰਬਉੱਚ ਅਦਾਲਤ ਨੇ ਚੋਣ ਬਾਂਡ ਦੇ ਸੰਚਾਲਕ ਭਾਰਤੀ ਸਟੇਟ ਬੈਂਕ (ਐੱਸਬੀਆਈ) ਨੂੰ ਇਸ ਦੇ ਪੂਰੇ ਵੇਰਵੇ ਦੇਣ ਅਤੇ ਚੋਣ ਕਮਿਸ਼ਨ ਨੂੰ ਉਹ ਵੇਰਵੇ ਆਪਣੀ ਵੈੱਬਸਾਈਟ 'ਤੇ ਜਨਤਕ ਕਰਨ ਦਾ ਹੁਕਮ ਦਿੱਤਾ ਹੈ। ਇਸ ਸਭ ਦੌਰਾਨ ਇਹ ਖ਼ੁਲਾਸਾ ਹੋਇਆ ਹੈ ਕਿ ਭਾਜਪਾ ਸਮੇਤ ਲਗਪਗ ਸਭ ਪਾਰਟੀਆਂ ਨੂੰ ਚੋਣ ਬਾਂਡਾਂ ਜ਼ਰੀਏ ਚੋਣ ਚੰਦਾ ਮਿਲਿਆ ਹੈ। ਛੋਟੀਆਂ ਪਾਰਟੀਆਂ ਨੇ ਤਾਂ ਚੰਦਾ ਮਿਲਣ ਦੇ ਸਰੋਤ ਨਸ਼ਰ ਕਰ ਦਿੱਤੇ ਹਨ ਪਰ ਭਾਜਪਾ, ਕਾਂਗਰਸ ਤੇ ਕੁਝ ਹੋਰ ਵੱਡੀਆਂ ਪਾਰਟੀਆਂ ਇਸ ਮਾਮਲੇ ਵਿਚ ਘੋਸਲ ਵੱਟੀ ਬੈਠੀਆਂ ਹਨ। ਇਨ੍ਹਾਂ ਸਿਆਸੀ ਪਾਰਟੀਆਂ ਦਾ ਇਹ ਵਤੀਰਾ ਬੇਹੱਦ ਚਿੰਤਾਜਨਕ ਹੈ। ਚੋਣ ਚੰਦੇ ਵਿਚ ਪਾਰਦਰਸ਼ਤਾ ਵਾਲੀ ਕੋਈ ਸੁਚੱਜੀ ਤੇ ਭਰੋਸੇਯੋਗ ਵਿਵਸਥਾ ਜ਼ਰੂਰ ਬਣਨੀ ਚਾਹੀਦੀ ਹੈ।

ਇਕ ਪਵਿੱਤਰ ਭਾਵਨਾ ਹੈ ਹਮਦਰਦੀ

-ਡਾ. ਸੱਤਿਆਪ੍ਰਕਾਸ਼ ਮਿਸ਼ਰ

ਇਸ ਲਈ ਦਇਆ ਨੂੰ ਹਮਦਰਦੀ ਦੀ ਗੰਗੋਤਰੀ ਕਿਹਾ ਜਾਂਦਾ ਹੈ। ਸਵਾਰਥ ਤੇ ਲਾਲਚ ਆਦਿ ਮਨੁੱਖੀ ਵਿਕਾਰ ਇਸ ਦੇ ਰਾਹ 'ਚ ਅੜਿੱਕਾ ਹਨ, ਜੋ ਹਮਦਰਦੀ ਨੂੰ ਪੈਦਾ ਨਹੀਂ ਹੋਣ ਦਿੰਦੇ। ਹਮਦਰਦੀ ਸਾਡੇ ਮਨ ਦੇ ਅੰਦਰੋਂ ਪੈਦਾ ਹੁੰਦੀ ਹੈ। ਮਨ ਨੂੰ ਪ੍ਰਭਾਵਿਤ ਕਰਨ ਵਾਲੇ ਵਿਸ਼ਿਆਂ ਨਾਲ ਇਸ ਦਾ ਜਨਮ ਆਪਣੇ ਆਪ ਹੁੰਦਾ ਹੈ। ਇਸ ਲਈ ਮਨੋਵਿਗਿਆਨਿਕ ਸਿੱਖਿਆ ਹੋਣੀ ਚਾਹੀਦੀ ਹੈ। ਹਮਦਰਦੀ ਇਕ ਪਵਿੱਤਰ ਭਾਵਨਾ ਹੈ, ਜੋ ਵਿਅਕਤੀ ਦੇ ਦੁੱਖ ਨੂੰ ਅਨੁਭਵ ਕਰ ਕੇ ਮਨ ਦੇ ਅੰਦਰ ਪੈਦਾ ਹੁੰਦੀ ਹੈ ਤੇ ਸੰਵੇਦਨਾ ਨੂੰ ਜਨਮ ਦਿੰਦੀ ਹੈ। ਸੱਚੀ ਹਮਦਰਦੀ ਲਈ ਦਿਲ 'ਚ ਦਇਆ ਤੇ ਮਮਤਾ ਆਦਿ ਭਾਵਨਾਵਾਂ ਦਾ ਹੋਣਾ ਜ਼ਰੂਰੀ ਹੈ। ਇਨ੍ਹਾਂ ਤੋਂ ਬਿਨਾਂ ਹਮਦਰਦੀ ਦਾ ਜਨਮ ਨਹੀਂ ਹੁੰਦਾ। ਇਸ ਲਈ ਦਇਆ ਨੂੰ ਹਮਦਰਦੀ ਦੀ ਗੰਗੋਤਰੀ ਕਿਹਾ ਜਾਂਦਾ ਹੈ। ਸਵਾਰਥ ਤੇ ਲਾਲਚ ਆਦਿ ਮਨੁੱਖੀ ਵਿਕਾਰ ਇਸ ਦੇ ਰਾਹ 'ਚ ਅੜਿੱਕਾ ਹਨ, ਜੋ ਹਮਦਰਦੀ ਨੂੰ ਪੈਦਾ ਨਹੀਂ ਹੋਣ ਦਿੰਦੇ। ਹਮਦਰਦੀ ਸਾਡੇ ਮਨ ਦੇ ਅੰਦਰੋਂ ਪੈਦਾ ਹੁੰਦੀ ਹੈ। ਮਨ ਨੂੰ ਪ੍ਰਭਾਵਿਤ ਕਰਨ ਵਾਲੇ ਵਿਸ਼ਿਆਂ ਨਾਲ ਇਸ ਦਾ ਜਨਮ ਆਪਣੇ ਆਪ ਹੁੰਦਾ ਹੈ। ਇਸ ਲਈ ਮਨੋਵਿਗਿਆਨਿਕ ਸਿੱਖਿਆ ਹੋਣੀ ਚਾਹੀਦੀ ਹੈ।

ਹਮਦਰਦੀ ਇਸ ਨਾਲ ਹੀ ਪੈਦਾ ਹੁੰਦੀ ਹੈ। ਬੌਧਿਕ ਚੇਤਨਾ ਇਸ ਦੇ ਖੇਤਰ ਨੂੰ ਵਿਸਥਾਰ ਦਿੰਦੀ ਹੈ। ਮਾਨਵਤਾ ਦੀ ਭਾਵਨਾ ਇਸ ਨਾਲ ਅੱਗੇ ਵਧਦੀ ਹੈ। ਇਸ ਲਈ ਹਮਦਰਦੀ ਮਾਨਵਤਾ ਦੀ ਰੱਖਿਅਕ ਹੈ। ਮਾਨਵਤਾ ਦੇ ਸਾਰੇ ਅੰਗ ਹਮਦਰਦੀ ਨਾਲ ਹੀ ਵਿਕਸਿਤ ਹੁੰਦੇ ਹਨ। ਦੂਜਿਆਂ ਦਾ ਭਲਾ ਕਰਨ ਦੀ ਭਾਵਨਾ ਹਮਦਰਦੀ ਦਾ ਹੀ ਨਤੀਜਾ ਹੈ। ਇਹ ਸਭ ਤੋਂ ਵੱਡਾ ਧਰਮ ਵੀ ਹੈ ਤੇ ਮਾਨਵਤਾ ਦਾ ਆਧਾਰ ਵੀ। ਹਮਦਰਦੀ ਮਨ ਦੀ ਮੌਨ ਪ੍ਰਕਿਰਿਆ ਹੈ, ਜੋ ਬਿਨਾਂ ਕੁਝ ਕਹੇ ਵਿਹਾਰ ਨੂੰ ਪ੍ਰਭਾਵਿਤ ਕਰਦੀ ਹੈ। ਸਿਆਸਤ, ਧਰਮ, ਅਰਥ, ਵਿਗਿਆਨ, ਵਾਤਾਵਰਨ ਆਦਿ ਕੋਈ ਅਜਿਹਾ ਖੇਤਰ ਨਹੀਂ, ਜਿਸ 'ਤੇ ਇਸ ਦਾ ਸਕਾਰਾਤਮਕ ਅਸਰ ਨਾ ਪਵੇ। ਸਮਾਜਿਕ ਤੇ ਆਰਥਿਕ ਸਮਾਨਤਾ ਲਈ ਇਸ ਤੋਂ ਵੱਡਾ ਕੋਈ ਹੱਲ ਨਹੀਂ ਹੈ। ਇਹ ਸਾਰੇ ਵਰਗਾਂ 'ਚ

ਪਿਆਰ ਦਾ ਅੰਦਰੂਨੀ ਸਬੰਧ ਸਥਾਪਿਤ ਕਰ ਕੇ ਸਮਾਜਿਕ ਏਕਤਾ 'ਚ ਵਾਧਾ ਕਰਦੀ ਹੈ ਦੂਜੇ ਅਰਥਾਂ 'ਚ ਹਮਦਰਦੀ ਦੀ ਭਾਵਨਾ ਨਾਲ ਹੀ ਇਕ ਚੰਗੇ ਸਮਾਜ ਦੀ ਸਥਾਪਨਾ ਕੀਤੀ ਜਾ ਸਕਦੀ ਹੈ। ਹਮਦਰਦੀ 'ਤੇ ਆਧਾਰਿਤ ਰਾਮ ਰਾਜ ਇਸ ਦੀ ਮਿਸਾਲ ਹੈ। ਇਸ ਲਈ ਸਾਰਿਆਂ ਦਾ ਭਲਾ ਕਰਨ ਲਈ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇਸ਼ 'ਚ ਰਾਮ ਰਾਜ ਲਿਆਉਣਾ ਚਾਹੁੰਦੇ ਸਨ। ਉਨ੍ਹਾਂ ਦੇ ਆਪਣੇ ਮਨ 'ਚ ਹਮਦਰਦੀ ਦੀ ਭਾਵਨਾ ਬਹੁਤ ਵੱਧ ਸੀ। ਉਨ੍ਹਾਂ ਦੀ ਇੱਛਾ ਸੀ ਕਿ ਸਾਰੀ ਜਨਤਾ 'ਚ ਹਮਦਰਦੀ ਦੀ ਭਾਵਨਾ ਪੈਦਾ ਹੋਵੇ।

ਅੰਦੋਲਨ ਦੇ ਰਾਹ ਪਏ ਕਿਸਾਨ ਮੰਡੀ ਤੋਂ ਅਵਾਜ਼ਾਰ

ਦਵਿੰਦਰ ਸ਼ਰਮਾ

ਇਸ ਵਕਤ ਭਾਰਤ ਅਤੇ ਯੂਰੋਪ ਦੇ ਕਈ ਹਿੱਸਿਆਂ ਵਿੱਚ ਕਿਸਾਨਾਂ ਦੇ ਅੰਦੋਲਨ ਚੱਲ ਰਹੇ ਹਨ। ਜਨਵਰੀ 2023 ਤੋਂ ਬਾਅਦ ਹੁਣ ਤੱਕ ਲਗਭਗ 65 ਮੁਲਕਾਂ ਦੇ ਕਿਸਾਨਾਂ ਨੇ ਰੋਸ ਮੁਜ਼ਾਹਰੇ ਕੀਤੇ ਹਨ। ਅੰਦੋਲਨਾਂ ਦੀ ਇਸ ਬੇਮਿਸਾਲ ਲਹਿਰ ਪਿੱਛੇ ਕਾਰਨ ਵੱਖੋ-ਵੱਖਰੇ ਹਨ ਪਰ ਇਨ੍ਹਾਂ ਨੂੰ ਜੋੜਨ ਵਾਲੀ ਸਾਂਝੀ ਤੰਦ ਇਹ ਹੈ ਕਿ ਬੇਲਗਾਮ ਮੰਡੀ ਅਰਥਚਾਰਾ ਖੇਤੀਬਾੜੀ ਨੂੰ ਹੰਢਣਸਾਰ ਬਣਾਉਣ ਵਿੱਚ ਨਾਕਾਮ ਸਾਬਤ ਹੋਇਆ ਹੈ।

ਅੰਦੋਲਨਕਾਰੀ ਕਿਸਾਨ ਆਪਣੀ ਨਾਰਾਜ਼ਗੀ ਜ਼ਾਹਿਰ ਕਰਨ ਲਈ ਜਿਹੜੇ ਸ਼ਬਦ ਵਰਤ ਰਹੇ ਹਨ, ਉਹ ਦੇਸ਼/ਖਿੱਤੇ ਦੇ ਹਿਸਾਬ ਨਾਲ ਵੱਖ-ਵੱਖ ਹੋ ਸਕਦੇ ਹਨ ਪਰ ਇਨ੍ਹਾਂ ਵਿਚਲਾ ਸੁਨੇਹਾ ਇੱਕ ਹੀ ਹੈ: ਪੂਰੀ ਦੁਨੀਆ ਵਿੱਚ ਮੰਡੀਆਂ ਕਿਤੇ ਵੀ ਖੇਤੀ ਤੋਂ ਹੁੰਦੀ ਆਮਦਨ 'ਚ ਵਾਧਾ ਨਹੀਂ ਕਰ ਸਕੀਆਂ। ਭਾਰਤ ਵਿੱਚ ਕਿਸਾਨ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) 'ਤੇ ਖ਼ਰੀਦ ਦਾ ਕਾਨੂੰਨੀ ਹੱਕ ਚਾਹੁੰਦੇ ਹਨ; ਯੂਰੋਪ ਦੇ ਕਿਸਾਨ ਆਪਣੀ ਜਿਣਸ ਦੀ ਸਹੀ ਕੀਮਤ ਮੰਗ ਰਹੇ ਹਨ। ਜਰਮਨੀ, ਫਰਾਂਸ ਤੇ ਬੈਲਜੀਅਮ ਸਣੇ ਯੂਰੋਪ ਦੇ ਕਈ ਮੁਲਕਾਂ 'ਚ ਕਿਸਾਨਾਂ ਦੇ ਰੋਸ ਪ੍ਰਦਰਸ਼ਨਾਂ ਦੌਰਾਨ ਉਤਪਾਦਨ ਮੁੱਲ ਵਧਣ (ਲਾਗਤ ਖ਼ਰਚੇ), ਸਸਤੀ ਦਰਾਮਦ ਤੇ ਅੰਤਿਮ ਵਿਕਰੀ ਕੀਮਤਾਂ ਡਿੱਗਣ ਦੇ ਮੁੱਦੇ ਵੀ ਉਭਾਰੇ ਗਏ ਹਨ। ਇਸ ਤੋਂ ਇਲਾਵਾ ਕੀਨੀਆ ਵਿੱਚ ਆਲੂ ਦੀਆਂ ਕੀਮਤਾਂ ਡਿੱਗਣ ਤੇ ਨੇਪਾਲ ਵਿੱਚ ਸਬਜ਼ੀਆਂ ਦਾ ਬੇਹੱਦ ਘੱਟ ਮੁੱਲ ਮਿਲਣ ਦਾ ਮਾਮਲਾ ਵੀ ਉੱਭਰਿਆ ਹੈ।

ਸਪੇਨ ਵਿੱਚ ਕਿਸਾਨਾਂ ਨੇ 4 ਲੱਖ ਲਿਟਰ ਦੁੱਧ ਸੜਕਾਂ 'ਤੇ ਰੋੜ੍ਹ ਦਿੱਤਾ; ਮਲੇਸ਼ੀਆ ਦੇ ਕਾਸ਼ਤਕਾਰਾਂ ਨੇ ਚੌਲਾਂ ਦੀ ਘੱਟ ਕੀਮਤ ਮਿਲਣ 'ਤੇ ਰੋਸ ਜਤਾਇਆ ਹੈ। ਫਰਾਂਸ ਵਿੱਚ ਛੋਟੇ ਕਿਸਾਨਾਂ ਦੀ ਮੁੱਖ ਜਥੇਬੰਦੀ 'ਕਨਫੈਡਰੇਸ਼ਨ ਪੈਜ਼ੇਨ' ਨੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨਾਲ ਹਾਲ ਹੀ ਵਿੱਚ ਹੋਈ ਬੈਠਕ 'ਚ ਭਰੋਸਾ ਮੰਗਿਆ ਹੈ ਕਿ ਗਾਰੰਟੀਸ਼ੁਦਾ ਕੀਮਤ ਤੋਂ ਘੱਟ ਕਿਸੇ ਵੀ ਖੇਤੀ ਉਤਪਾਦ ਦੀ ਖ਼ਰੀਦ ਦੀ ਇਜਾਜ਼ਤ ਨਾ ਦਿੱਤੀ ਜਾਵੇ ਜਿਸ ਵਿੱਚ ਲਾਗਤ ਖ਼ਰਚ ਦੇ ਨਾਲ-ਨਾਲ ਲਾਹੇਵੰਦ ਕੀਮਤ ਨੂੰ ਵੀ ਸ਼ਾਮਲ ਕੀਤਾ ਜਾਵੇ, ਇਸ ਦੇ ਨਾਲ ਹੀ ਸਮਾਜਿਕ ਸੁਰੱਖਿਆ ਦਾ ਵੀ ਪ੍ਰਬੰਧ ਕੀਤਾ ਜਾਵੇ।

ਕਿਸਾਨਾਂ ਨੇ ਵਪਾਰਕ ਉਦਾਰੀਕਰਨ ਨੂੰ ਵੀ ਨਿਸ਼ਾਨੇ 'ਤੇ ਲਿਆ ਹੈ। ਜਰਮਨੀ, ਫਰਾਂਸ, ਰੋਮਾਨੀਆ, ਇਟਲੀ ਤੇ ਪੋਲੈਂਡ ਦੇ ਕਿਸਾਨਾਂ ਨੇ ਯੂਕਰੇਨ ਤੋਂ ਹੋ ਰਹੀ ਸਸਤੀ ਦਰਾਮਦ ਵਿਰੁੱਧ ਝੰਡਾ ਚੁੱਕਿਆ ਹੈ ਤੇ ਨਾਲ ਹੀ ਉਹ ਮੁਕਤ ਵਪਾਰ ਸਮਝੌਤਿਆਂ ਦੀ ਮੁੜ ਸਮੀਖਿਆ ਵੀ ਮੰਗ ਰਹੇ ਹਨ। ਉਨ੍ਹਾਂ ਰਾਜਮਾਰਗ ਠੱਪ ਕਰ ਦਿੱਤੇ ਹਨ, ਦਰਾਮਦ ਕੀਤੇ ਖੇਤੀ ਉਤਪਾਦ ਲਿਆ ਰਹੇ ਟਰੱਕਾਂ ਨੂੰ ਰੋਕ ਦਿੱਤਾ ਹੈ ਤੇ ਕਈ ਥਾਵਾਂ 'ਤੇ ਬਾਹਰੋਂ ਆਏ ਖ਼ੁਰਾਕੀ ਪਦਾਰਥਾਂ ਨੂੰ ਨਸ਼ਟ ਵੀ ਕਰ ਦਿੱਤਾ ਹੈ। ਫਰਾਂਸ ਵਿੱਚ ਹਜ਼ਾਰਾਂ ਕਿਸਾਨਾਂ ਤੇ ਮਛੇਰਿਆਂ ਨੇ ਬਾਹਰੋਂ ਸਸਤੀ ਮੱਛੀ ਮੰਗਵਾਉਣ ਵਿਰੁੱਧ ਬੰਦਰਗਾਹਾਂ 'ਤੇ ਰੋਸ ਪ੍ਰਗਟਾਇਆ ਹੈ, ਉਨ੍ਹਾਂ ਮੁਤਾਬਿਕ ਇਸ ਨਾਲ ਖੇਤੀਬਾੜੀ 'ਚ ਗੁਜ਼ਾਰਾ ਔਖਾ ਹੋ ਰਿਹਾ ਹੈ। ਭਾਰਤ ਵਿੱਚ ਅੰਦੋਲਨਕਾਰੀ ਕਿਸਾਨਾਂ ਨੇ ਆਪਣੀ ਮੰਗ ਦੁਹਰਾਉਂਦਿਆਂ ਕਿਹਾ ਹੈ ਕਿ ਭਾਰਤ ਨੂੰ ਸੰਸਾਰ ਵਪਾਰ ਸੰਗਠਨ ਤੋਂ ਨਾਤਾ ਤੋੜ ਲੈਣਾ ਚਾਹੀਦਾ ਹੈ। 'ਡਾਊਨ ਟੂ ਅਰਥ' ਰਸਾਲੇ ਦੀ ਇਕੱਤਰ ਜਾਣਕਾਰੀ ਮੁਤਾਬਿਕ ਯੂਰੋਪ ਦੇ 24 ਮੁਲਕਾਂ ਵਿੱਚ ਰੋਸ ਪ੍ਰਦਰਸ਼ਨ ਹੋਏ ਹਨ, ਅਫਰੀਕਾ ਦੇ 12, ਏਸ਼ੀਆ ਦੇ 11, ਇਵੇਂ ਹੀ ਦੱਖਣੀ, ਉੱਤਰੀ ਤੇ ਕੇਂਦਰੀ ਅਮਰੀਕਾ ਦੇ ਅੱਠ-ਅੱਠ ਅਤੇ ਮਹਾਸਾਗਰੀ ਮੁਲਕਾਂ 'ਚੋਂ ਦੋ ਨੇ ਪਿਛਲੇ ਸਾਲ ਕਿਸਾਨਾਂ ਦੇ ਰੋਸ ਮੁਜ਼ਾਹਰੇ ਦੇਖੇ ਹਨ।

ਯੂਰੋਪ ਦੇ ਆਜ਼ਾਦਾਨਾ ਮੀਡੀਆ ਨੈੱਟਵਰਕ 'ਯੂਰੈਕਟਿਵ' ਦੇ ਅਧਿਐਨ ਮੁਤਾਬਿਕ ਯੂਰੋਪੀ ਦੇਸ਼ਾਂ ਵਿੱਚ ਹਾਲ ਹੀ ਵਿੱਚ (ਜਨਵਰੀ-ਫਰਵਰੀ 2024) ਵਿੱਚ ਹੋਏ ਰੋਸ ਪ੍ਰਦਰਸ਼ਨਾਂ ਦੌਰਾਨ ਕਿਸਾਨਾਂ ਲਈ ਵਾਜਬ ਤੇ ਲਾਹੇਵੰਦ ਭਾਅ ਦੀ ਮੰਗ ਉੱਭਰ ਕੇ ਸਾਹਮਣੇ ਆਈ ਹੈ। ਇਹ ਜਿ ?ਆਦਾਤਰ ਫਰਾਂਸ, ਜਰਮਨੀ, ਸਪੇਨ ਤੇ ਇਟਲੀ ਵਿੱਚੋਂ ਉੱਠ ਰਹੀ ਹੈ। ਬੈਲਜੀਅਮ ਦੇ ਕਿਸਾਨ ਫੂਡ ਚੇਨਾਂ (ਭੋਜਨ ਲੜੀਆਂ) ਵਿੱਚ ਵੀ ਸੁਰੱਖਿਆ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦਾ ਗੁੱਸਾ ਸਖ਼ਤ ਵਾਤਾਵਰਨ ਨੇਮਾਂ ਵੱਲ ਵੀ ਸੇਧਿਤ ਹੈ ਜੋ ਯੂਰੋਪੀ ਕਮਿਸ਼ਨ ਜ਼ੀਰੋ ਕਾਰਬਨ ਨਿਕਾਸੀ ਦਾ ਟੀਚਾ ਹਾਸਿਲ ਕਰਨ ਲਈ ਥੋਪਣ ਦੀ ਕੋਸ਼ਿਸ਼ ਕਰ ਰਿਹਾ ਹੈ। ਖੇਤੀਬਾੜੀ ਖੇਤਰ 'ਤੇ ਵਪਾਰ ਦੇ ਅਸਰ ਤੋਂ ਯੂਰੋਪੀਅਨ ਕਿਸਾਨ ਫਿ ?ਕਰਮੰਦ ਹਨ। ਜਰਮਨੀ ਦੇ ਕਿਸਾਨ ਮੁੱਖ ਤੌਰ 'ਤੇ ਈਂਧਨ ਉੱਤੇ ਮਿਲਦੀ ਟੈਕਸ ਛੋਟ ਖ਼ਤਮ ਹੋਣ ਵਿਰੁੱਧ ਰੋਸ ਜ਼ਾਹਿਰ ਕਰ ਰਹੇ ਹਨ। ਖੇਤੀ ਵਾਹਨਾਂ 'ਤੇ ਮਿਲਦੀ ਇਸ ਛੋਟ ਨੂੰ ਜਰਮਨੀ ਦੀ ਸਰਕਾਰ ਹੌਲੀ-ਹੌਲੀ ਖ਼ਤਮ ਕਰ ਰਹੀ ਹੈ। ਇਸ ਤੋਂ ਇਲਾਵਾ ਉੱਥੇ ਕਿਸਾਨ ਵਾਤਾਵਰਨ ਨਾਲ ਸਬੰਧਿਤ ਨਵੇਂ ਨੇਮਾਂ-ਖ਼ਾਸਕਰ ਨਾਈਟ੍ਰੇਟ ਸਬੰਧੀ ਹਦਾਇਤਾਂ ਦਾ ਵਿਰੋਧ ਕਰ ਰਹੇ ਹਨ, ਘੱਟ ਭਾਅ ਮਿਲਣ ਕਾਰਨ ਹੋ ਰਹੇ ਨੁਕਸਾਨ ਦੀ ਪੂਰਤੀ ਲਈ ਬੋਨਸ ਆਦਿ ਮੰਗ ਰਹੇ ਹਨ। ਸਾਰ-ਤੱਤ ਇਹ ਹੈ ਕਿ ਕਈ ਮਹਾਦੀਪਾਂ 'ਚ ਹੋ ਰਹੇ ਜਿ ?ਆਦਾਤਰ ਰੋਸ ਪ੍ਰਦਰਸ਼ਨ ਮੁੱਢਲੇ ਤੌਰ 'ਤੇ ਜਿਣਸਾਂ ਦੀ ਘੱਟ ਕੀਮਤ, ਵਧੇ ਲਾਗਤ ਖ਼ਰਚ, ਸਸਤੀ ਦਰਾਮਦ ਅਤੇ ਵੱਖ-ਵੱਖ ਤਰ੍ਹਾਂ ਦੀ ਸਹਾਇਤਾ ਬੰਦ ਹੋਣ 'ਤੇ ਕੇਂਦਰਿਤ ਹਨ; ਕੁਝ ਮੁਕਾਮੀ ਮੁੱਦੇ ਵੀ ਹਨ। ਖੇਤੀਬਾੜੀ ਨੂੰ ਬਾਜ਼ਾਰਾਂ ਹਵਾਲੇ ਕਰਨ ਨਾਲ ਖੇਤੀ ਖੇਤਰ ਦਾ ਕੋਈ ਫ਼ਾਇਦਾ ਨਹੀਂ ਹੋਇਆ। ਭਾਰਤੀ ਖੇਤੀਬਾੜੀ 'ਤੇ ਉਹ ਵਿੱਤੀ ਸੋਚ ਹਾਵੀ ਰਹੀ ਹੈ ਜਿਸ ਨੇ ਸੋਚੇ-ਸਮਝੇ ਢੰਗ ਨਾਲ ਇਹ ਯਕੀਨੀ ਬਣਾਇਆ ਕਿ ਮਹਿੰਗਾਈ 'ਤੇ ਕਾਬੂ ਪਾਉਣ ਲਈ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਘੱਟ ਰੱਖੀਆਂ ਜਾਣ। ਇਹ ਵੇਲਾ ਵਿਹਾਅ ਚੁੱਕੀ ਪਹੁੰਚ ਹੈ। ਹੁਣ ਸਮਾਂ ਆ ਗਿਆ ਹੈ ਕਿ ਭਾਰਤੀ ਰਿਜ਼ਰਵ ਬੈਂਕ ਵਿਆਪਕ ਅਰਥਚਾਰੇ (ਮੈਕਰੋ ਇਕੋਨੋਮਿਕਸ) ਬਾਰੇ ਆਪਣੀਆਂ ਨੀਤੀਆਂ ਨੂੰ ਸਮੇਂ ਦੇ ਹਾਣ ਦੀਆਂ ਬਣਾਉਣ ਲਈ ਇਨ੍ਹਾਂ 'ਤੇ ਮੁੜ ਗੌਰ ਕਰੇ। ਘਰੇਲੂ ਖ਼ਰਚ ਬਾਰੇ 2022-23 ਦਾ ਸਰਵੇਖਣ ਦੱਸਦਾ ਹੈ ਕਿ ਖ਼ੁਰਾਕੀ ਵਸਤਾਂ 'ਤੇ ਖ਼ਰਚ ਘਟ ਗਿਆ ਹੈ; ਇਸ ਦੇ ਨਾਲ ਹੀ ਹਰ ਪਰਿਵਾਰ 'ਤੇ ਰਿਹਾਇਸ਼, ਸਿਹਤ ਅਤੇ ਸਿੱਖਿਆ ਦੇ ਲਗਾਤਾਰ ਵਧ ਰਹੇ ਖ਼ਰਚੇ ਦਾ ਬੋਝ ਵੀ ਪਿਆ ਹੈ ਜਿਸ ਨੂੰ ਖ਼ਪਤ ਵਾਲੇ ਖਾਤੇ 'ਚ ਢੁੱਕਵੇਂ ਤਰੀਕੇ ਨਾਲ ਨਹੀਂ ਦਰਸਾਇਆ ਗਿਆ।

ਜਿਉਂ ਹੀ ਤੁਸੀਂ ਖੇਤੀ ਜਿਣਸਾਂ ਦੀਆਂ ਕੀਮਤਾਂ ਨੂੰ ਵਿਆਪਕ ਅਰਥਚਾਰੇ ਦੇ ਸ਼ਿਕੰਜੇ ਤੋਂ ਮੁਕਤ ਕਰਨ ਦੇ ਅਤਿ ਲੋੜੀਂਦੇ ਪੱਖ ਉਪਰ ਜ਼ੋਰ ਦਿੰਦੇ ਹੋ ਤਾਂ ਇਸ ਦਾ ਜ਼ਬਰਦਸਤ ਵਿਰੋਧ ਦੇਖਣ ਨੂੰ ਮਿਲਦਾ ਹੈ। ਇਹ ਚਿਤਾਵਨੀਆਂ ਆਉਂਦੀਆਂ ਹਨ ਕਿ ਇਸ ਨਾਲ ਮਹਿੰਗਾਈ ਦਰ ਵਧ ਜਾਵੇਗੀ ਅਤੇ ਮੰਡੀ ਵਿੱਚ ਤਰਥੱਲੀ ਮੱਚ ਜਾਵੇਗੀ। ਜਦੋਂ ਵੀ ਕਦੇ ਕਿਸਾਨ ਨਿਸ਼ਚਿਤ ਕੀਮਤ ਦੀ ਲੋੜ ਉਪਰ ਜ਼ੋਰ ਦਿੰਦੇ ਹਨ ਤਾਂ ਇਹ ਨੁਕਤਾਚੀਨੀ ਹੋਣ ਲੱਗ ਪੈਂਦੀ ਹੈ। ਦੂਜੇ ਪਾਸੇ, ਕੋਈ ਕਾਰਪੋਰੇਟ ਕੰਪਨੀ ਮਹਾਮਾਰੀ ਦੇ ਸਾਲਾਂ ਦੌਰਾਨ 57 ਫ਼ੀਸਦੀ ਕੀਮਤਾਂ ਵਧਾ ਕੇ ਅਤੇ 2023 ਦੇ ਕਾਫ਼ੀ ਅਰਸੇ ਦੌਰਾਨ ਵੀ 53 ਫ਼ੀਸਦੀ ਕੀਮਤਾਂ ਵਧਾ ਕੇ ਮਹਿੰਗਾਈ ਵਧਾਉਂਦੀ ਹੈ ਤਾਂ ਇਹੀ ਆਰਥਿਕ ਸੋਚ ਸੁਸਰੀ ਵਾਂਗ ਸੌਂ ਜਾਂਦੀ ਹੈ। ਨੰਗੇ ਚਿੱਟੇ ਲਾਲਚ ਕਾਰਨ ਮੰਡੀ ਵਿੱਚ ਹੋਣ ਵਾਲੀ ਉਥਲ-ਪੁਥਲ ਉਪਰ ਉਦੋਂ ਤੱਕ ਕੋਈ ਚੀਕ-ਚਿਹਾੜਾ ਨਹੀਂ ਪੈਂਦਾ ਜਦੋਂ ਤੱਕ ਮੈਸਾਚੁਐਸਟਸ ਯੂਨੀਵਰਸਿਟੀ ਦੀ ਅਰਥ ਸ਼ਾਸਤਰੀ ਇਸਾਬੇਲਾ ਐੱਮ ਵੈਬਰ ਸਾਨੂੰ ਇਹ ਨਹੀਂ ਦੱਸਦੀ ਕਿ ਇਸ ਦਾ ਕਾਰਨ 'ਵਿਕਰੇਤਾ ਦਾ ਮੁਨਾਫ਼ਾ' ਹੈ ਜਿਸ ਨੂੰ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵੀ ਆਪਣੇ ਹਾਲੀਆ ਕੌਮ ਦੇ ਨਾਂ ਭਾਸ਼ਣ ਵਿੱਚ ਪ੍ਰਵਾਨ ਕਰਦਿਆਂ ਇਸ ਸਬੰਧੀ ਦਰੁਸਤੀ ਕਾਰਵਾਈ ਕਰਨ ਦਾ ਵਾਅਦਾ ਕੀਤਾ ਹੈ।

ਇਸ ਲਈ ਖੁੱਲ੍ਹੀ ਮੰਡੀ ਕੋਈ ਹੱਲ ਨਹੀਂ ਹੈ। ਦਰਅਸਲ, ਇਹ ਖੇਤੀ ਸੰਕਟ ਜਾਰੀ ਰਹਿਣ ਦਾ ਕਾਰਨ ਹੈ। ਜੇ ਮੰਡੀਆਂ ਕੋਲ ਹੀ ਲਿਆਕਤ ਹੁੰਦੀ ਅਤੇ ਇਹ ਕੁਸ਼ਲਤਾ ਨੂੰ ਉਤਸ਼ਾਹਿਤ ਕਰਦੀਆਂ ਹੁੰਦੀਆਂ ਤਾਂ ਖੇਤੀਬਾੜੀ ਦੇ ਘਾਟੇ ਦਾ ਧੰਦਾ ਬਣਨ ਦਾ ਕੋਈ ਕਾਰਨ ਨਹੀਂ ਸੀ ਹੋਣਾ। ਦੁਨੀਆ ਭਰ ਵਿੱਚ ਉੱਠ ਰਹੇ ਕਿਸਾਨ ਅੰਦੋਲਨ ਇਸ ਗੱਲ ਦਾ ਪ੍ਰਮਾਣ ਹਨ ਕਿ ਅਰਥਚਾਰਾ ਕਿੰਨਾ ਨੁਕਸਦਾਰ ਬਣਿਆ ਹੋਇਆ ਹੈ। ਹੁਣ ਆਰਥਿਕ ਢਾਂਚੇ ਦੀ ਕਾਇਆ ਕਲਪ ਕਰਨ ਦਾ ਸਮਾਂ ਹੈ ਜਿਸ ਨੇ ਖੇਤੀਬਾੜੀ ਨੂੰ ਗਿਣ ਮਿੱਥ ਕੇ ਸਾਹਸਤਹੀਣ ਬਣਾਇਆ ਹੋਇਆ ਹੈ। ਕਾਨੂੰਨੀ ਤੌਰ 'ਤੇ ਘੱਟੋ-ਘੱਟ ਸਮਰਥਨ ਮੁੱਲ ਪ੍ਰਣਾਲੀ ਨਾ ਸਿਰਫ਼ ਭਾਰਤੀ ਕਿਸਾਨਾਂ ਲਈ ਸਗੋਂ ਦੁਨੀਆ ਭਰ ਦੇ ਕਾਸ਼ਤਕਾਰਾਂ ਲਈ ਮਾਰਗ ਦਰਸ਼ਕ ਹੋਵੇਗੀ। ਮੰਡੀਆਂ ਇਸ ਦੇ ਹਿਸਾਬ ਨਾਲ ਆਪਣੇ ਆਪ ਨੂੰ ਢਾਲ ਲੈਣਗੀਆਂ।

ਦੇਸ਼ 'ਚ ਫੈਲ ਰਿਹਾ ਨਕਲੀ ਕੈਂਸਰ ਦੀ ਦਵਾਈ ਦੇ ਧੰਦੇਬਾਜ਼ਾਂ ਦਾ ਖਤਰਨਾਕ ਜਾਲ

ਅੱਜ ਕੱਲ੍ਹ ਦੇਸ਼ ਵਿਚ ਕੈਂਸਰ ਅਤੇ ਹੋਰਨਾਂ ਰੋਗਾਂ ਦੀ ਜਾਂਚ ਲਈ ਭਾਰਤ 'ਚ ਹੀ 'ਜੀਨੋਮ ਸੈਂਸਿੰਗ' ਦੀ ਨਵੀਂ ਤਕਨੀਕ ਵਿਕਸਿਤ ਹੋਈ ਹੈ ਜਿਸ ਵਿਚ ਇਕ ਬਲੱਡ ਟੈਸਟ ਤੋਂ ਹੀ ਕਿਸੇ ਵਿਅਕਤੀ ਨੂੰ ਕੈਂਸਰ ਹੋਣ ਦੀ ਸੰਭਾਵਨਾ ਦੀ ਸ਼ੁਰੂਆਤੀ ਸਟੇਜ ਦਾ ਵੀ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ। ਇਕ ਪਾਸੇ ਤਾਂ ਵਿਗਿਆਨ ਲੋਕਾਂ ਨੂੰ ਰੋਗਾਂ ਤੋਂ ਬਚਾਉਣ ਦੀ ਦਿਸ਼ਾ 'ਚ ਕੰਮ ਕਰ ਰਿਹਾ ਹੈ ਤਾਂ ਦੂਜੇ ਪਾਸੇ ਸਮਾਜ ਵਿਰੋਧੀ ਤੱਤਾਂ ਵੱਲੋਂ ਕੈਂਸਰ ਵਰਗੀ ਗੰਭੀਰ ਬੀਮਾਰੀ ਦੀਆਂ ਬੇਹੱਦ ਮਹਿੰਗੀਆਂ ਨਕਲੀ ਦਵਾਈਆਂ ਵੇਚ ਕੇ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਜਾਰੀ ਹੈ। ਹਾਲ ਹੀ 'ਚ ਰਾਜਧਾਨੀ ਦਿੱਲੀ 'ਚ ਕੈਂਸਰ ਦੇ ਇਲਾਜ ਦੌਰਾਨ ਹੋਣ ਵਾਲੀ ਕੀਮੋਥੈਰੇਪੀ ਦੀ ਨਕਲੀ ਦਵਾਈ ਬਣਾਉਣ ਅਤੇ ਵੇਚਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰ ਕੇ ਅਪਰਾਧ ਸ਼ਾਖਾ ਨੇ ਇਨ੍ਹਾਂ ਕੋਲੋਂ ਨਕਲੀ ਦਵਾਈਆਂ ਬਰਾਮਦ ਕਰ ਕੇ ਕੁੱਲ 12 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ 'ਚ ਗਿਰੋਹ ਦੇ ਸਰਗਣਾ ਨੀਰਜ ਚੌਹਾਨ ਦੇ ਇਲਾਵਾ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਬਨਾਰਸ ਹਿੰਦੂ ਯੂਨੀਵਰਸਿਟੀ) ਦੇ ਸਾਬਕਾ ਵਿਦਿਆਰਥੀ ਆਦਿੱਤਿਆ ਕ੍ਰਿਸ਼ਨਾ ਅਤੇ ਹੋਰ ਮੁਲਜ਼ਮ ਸ਼ਾਮਲ ਹਨ ਜੋ ਦਿੱਲੀ ਅਤੇ ਗੁੜਗਾਓਂ ਸਥਿਤ ਉਨ੍ਹਾਂ ਹਸਪਤਾਲਾਂ, ਜਿਥੇ ਉਹ ਕੰਮ ਕਰਦੇ ਸਨ, ਤੋਂ ਕੀਮੋਥੈਰੇਪੀ ਦੀਆਂ ਦਵਾਈਆਂ ਚੋਰੀ ਕਰ ਕੇ ਇਕ ਨਿਸ਼ਚਿਤ ਕਮੀਸ਼ਨ ਦੇ ਬਦਲੇ 'ਚ ਨੀਰਜ ਚੌਹਾਨ ਨੂੰ ਵੇਚਦੇ ਸਨ।

ਇਹ ਗਿਰੋਹ ਅਸਲੀ ਦਵਾਈਆਂ 'ਚ ਨਕਲੀ ਦਵਾਈਆਂ ਮਿਲਾ ਕੇ ਆਪਣੇ ਗਾਹਕਾਂ ਨੂੰ ਵੇਚਦਾ ਸੀ। ਦੱਸਿਆ ਜਾਂਦਾ ਹੈ ਕਿ ਇਸ ਗਿਰੋਹ ਨੇ ਸਿਰਫ ਪਿਛਲੇ 2 ਸਾਲਾਂ ਦੌਰਾਨ ਹੀ 25 ਕਰੋੜ ਰੁਪਏ ਮੁੱਲ ਦੀਆਂ ਨਕਲੀ ਕੀਮੋਥੈਰੇਪੀ ਦੀਆਂ ਦਵਾਈਆਂ ਵੇਚੀਆਂ ਹਨ। ਇਸ ਕੇਸ ਦੇ ਸਬੰਧ ਵਿਚ ਪੁਲਸ ਨੇ ਮੁਲਜ਼ਮਾਂ ਦੇ 92.81 ਲੱਖ ਰੁਪਏ ਦੇ ਬੈਂਕ ਖਾਤੇ ਸੀਲ ਕਰ ਦਿੱਤੇ ਹਨ। ਇਨ੍ਹਾਂ ਦੇ ਕਬਜ਼ੇ 'ਚੋਂ 19,000 ਡਾਲਰ ਦੇ ਇਲਾਵਾ ਨੋਟ ਗਿਣਨ ਦੀ ਮਸ਼ੀਨ ਵੀ ਬਰਾਮਦ ਕੀਤੀ ਗਈ ਹੈ। ਗ੍ਰਿਫਤਾਰ ਮੁਲਜ਼ਮਾਂ ਵਿਚੋਂ ਇਕ ਰੋਹਿਤ ਸਿੰਘ ਨੂੰ ਦਵਾਰਕਾ ਤੋਂ ਗ੍ਰਿਫਤਾਰ ਕੀਤਾ ਗਿਆ ਜੋ 65,000 ਤੋਂ 35,000 ਦੇ ਦਰਮਿਆਨ ਕੀਮੋਥੈਰੇਪੀ ਦੀਆਂ ਦਵਾਈਆਂ 'ਕੇਤਰੁਦਾ' ਅਤੇ 'ਓਪਡੀਤਾ' ਨੀਰਜ ਚੌਹਾਨ ਨੂੰ ਵੇਚਦਾ ਹੁੰਦਾ ਸੀ।

ਗੁੜਗਾਓਂ ਦੇ ਸਾਊਥ ਸਿਟੀ ਸਥਿਤ ਇਕ ਫਲੈਟ ਤੋਂ ਨੀਰਜ ਚੌਹਾਨ ਦੇ ਕਬਜ਼ੇ 'ਚੋਂ ਵੱਡੀ ਗਿਣਤੀ 'ਚ 7 ਪ੍ਰਸਿੱਧ ਵਿਦੇਸ਼ੀ ਕੰਪਨੀਆਂ ਦੀਆਂ ਕੈਂਸਰ ਦੀਆਂ ਦਵਾਈਆਂ ਦੇ ਨਕਲੀ ਇੰਜੈਕਸ਼ਨ ਅਤੇ ਵਾਈਲਜ਼ ਮਿਲੇ। ਇਕ

ਹਸਪਤਾਲ 'ਚ ਓਂਕੋਲਾਜੀ ਵਿਭਾਗ ਦੇ ਮੈਰੋ ਟਰਾਂਸਪਲਾਂਟ ਯੂਨਿਟ 'ਚ ਕੰਮ ਕਰਨ ਵਾਲੇ ਜਿਤੇਂਦਰ ਨੂੰ ਪੁਲਸ ਨੇ ਉਦੋਂ ਗ੍ਰਿਫਤਾਰ ਕੀਤਾ ਜਦੋਂ ਉਹ ਕੀਮੋਥੈਰੇਪੀ ਦੀਆਂ 3 ਦਵਾਈਆਂ ਨੀਰਜ ਚੌਹਾਨ ਨੂੰ ਸਪਲਾਈ ਕਰਨ ਗਿਆ ਸੀ। ਗੁਰੂਗ੍ਰਾਮ ਦੇ ਇਕ ਹਸਪਤਾਲ 'ਚ ਕੀਮੋਥੈਰੇਪੀ ਦੇ 'ਡੇਅ ਕੇਅਰ ਯੂਨਿਟ' 'ਚ ਕੰਮ ਕਰਨ ਵਾਲੇ ਮਾਜਿਦ ਖਾਨ ਨੂੰ ਆਪਣੀ ਕੰਮ ਵਾਲੀ ਥਾਂ ਤੋਂ ਚੋਰੀ ਕੀਤੀ ਜਾਣ ਵਾਲੀ ਇੰਜੈਕਸ਼ਨ ਦੀ ਹਰੇਕ ਖਾਲੀ ਸ਼ੀਸ਼ੀ ਦੇ ਬਦਲੇ 'ਚ 4,000 ਤੋਂ 5,000 ਰੁਪਏ ਦਿੱਤੇ ਜਾਂਦੇ ਸਨ। ਚੌਥਾ ਮੁਲਜ਼ਮ ਸਾਜਿਦ ਗੁਰੂਗ੍ਰਾਮ ਦੇ ਇਕ ਹਸਪਤਾਲ ਦੇ ਓਂਕੋਲਾਜੀ ਵਿਭਾਗ 'ਚ ਕੰਮ ਕਰਦਾ ਸੀ। ਉਸ ਨੂੰ ਮਾਜਿਦ ਨੂੰ ਦਵਾਈਆਂ ਸਪਲਾਈ ਕਰਦੇ ਹੋਏ ਫੜਿਆ ਗਿਆ। ਦੱਸਿਆ ਜਾਂਦਾ ਹੈ ਕਿ ਇਹ ਲੋਕ ਪ੍ਰਸਿੱਧ ਦਵਾਈ ਨਿਰਮਾਤਾ ਕੰਪਨੀਆਂ ਦੀ ਦਵਾਈ ਦੀ ਸ਼ੀਸ਼ੀ 'ਚ 100 ਰੁਪਏ ਦੀ ਐਂਟੀਫੰਗਲ ਦਵਾਈ 'ਫਲੂਕਾਨਜ਼ੋਲ' ਭਰ ਕੇ ਇਸ ਨੂੰ 1 ਤੋਂ 3 ਲੱਖ ਰੁਪਏ 'ਚ ਵੇਚ ਦਿੰਦੇ ਸਨ। ਇਨ੍ਹਾਂ ਮੁਲਜ਼ਮਾਂ ਨੇ ਬਾਕਾਇਦਾ ਇਕ ਸਪਲਾਈ ਚੇਨ ਬਣਾ ਰੱਖੀ ਸੀ ਅਤੇ 16 ਸੂਬਿਆਂ 'ਚ 754 ਲੋਕਾਂ ਨਾਲ 200 ਕਰੋੜ ਰੁਪਏ ਦੀ ਠੱਗੀ ਮਾਰ ਚੁੱਕੇ ਸਨ। ਗੁੜਗਾਓਂ ਤੇ ਦਿੱਲੀ ਦੇ ਪ੍ਰਸਿੱਧ ਹਸਪਤਾਲਾਂ 'ਚ ਕੰਮ ਕਰ ਚੁੱਕਾ ਗਿਰੋਹ ਦਾ ਇਕ ਮੈਂਬਰ ਲੋਕਾਂ ਨੂੰ ਘੱਟ ਕੀਮਤ 'ਚ ਦਵਾਈ ਦਿਵਾਉਣ ਦੀ ਗਾਰੰਟੀ ਦਿੰਦਾ ਅਤੇ ਆਪਣੇ ਸਾਥੀ ਦੇ ਰਾਹੀਂ ਦੱਸੇ ਗਏ ਗਾਹਕਾਂ ਨੂੰ ਵੇਚਦਾ ਸੀ। ਅਸਲ 'ਚ ਕੈਂਸਰ ਦੀਆਂ ਨਕਲੀ ਦਵਾਈਆਂ ਵੇਚਣ ਵਾਲੇ ਇਹ ਮੁਲਜ਼ਮ ਸਮਾਜ ਦਾ ਅਜਿਹਾ ਨਾਸੂਰ ਹਨ ਜੋ ਰਾਜਧਾਨੀ 'ਚ ਲੋਕਾਂ ਨਾਲ ਧੋਖਾ ਕਰ ਕੇ ਕੈਂਸਰ ਦੇ ਸਸਤੇ ਇਲਾਜ ਅਤੇ ਦਵਾਈਆਂ ਦੇ ਨਾਂ 'ਤੇ ਉਨ੍ਹਾਂ ਨੂੰ ਮੌਤ ਵੇਚ ਰਹੇ ਸਨ।

ਜਿਥੇ ਪ੍ਰਾਣ-ਰੱਖਿਅਕ ਦਵਾਈਆਂ ਦੀ ਗੁਣਵੱਤਾ ਦੇ ਮਾਮਲੇ 'ਚ ਸਰਕਾਰ ਦੀ ਸੁਚੇਤਤਾ 'ਚ ਕਮੀ ਉਜਾਗਰ ਹੋ ਰਹੀ ਹੈ ਉਥੇ ਹੀ ਮਹਿੰਗੀ ਦਵਾਈ ਖਰੀਦਣ ਦੇ ਦੌਰਾਨ ਭਾਰੀ ਡਿਸਕਾਊਂਟ ਵਰਗੀਆਂ ਆਕਰਸ਼ਕ ਆਫਰਾਂ ਦੀ ਭਾਲ ਵੀ ਲੋਕਾਂ ਨੂੰ ਨਕਲੀ ਦਵਾਈ ਵਿਕ੍ਰੇਤਾਵਾਂ ਦੇ ਜਾਲ 'ਚ ਫਸਾ ਰਹੀ ਹੈ।

ਇਕ ਤਾਂ ਇਸ ਗਿਰੋਹ ਦਾ ਆਚਰਣ ਦੇਸ਼ ਅਤੇ ਆਮ ਜਨਤਾ ਲਈ ਬੁਰਾ ਹੈ, ਜਿਵੇਂ ਕਿ ਭਾਰਤ 'ਚ ਬਣੇ ਘਟੀਆ ਕਫ ਸਿਰਪ ਨੂੰ ਲੈ ਕੇ ਸ਼ੁਰੂ ਵਿਵਾਦ ਅਜੇ ਤੱਕ ਖਤਮ ਨਹੀਂ ਹੋਇਆ ਹੈ ਅਤੇ ਲੋਕਾਂ ਲਈ ਹਾਨੀਕਾਰਨ ਹੈ। ਹੁਣ ਕੈਂਸਰ ਦੀਆਂ ਨਕਲੀ ਦਵਾਈਆਂ ਦਾ ਸਕੈਂਡਲ ਸਾਹਮਣੇ ਆ ਗਿਆ।

ਇਸ ਲਈ ਇਸ ਸਬੰਧ 'ਚ ਜਿਥੇ ਪ੍ਰਸ਼ਾਸਨ ਨੂੰ ਜਾਗਰੂਕ ਹੋਣ ਦੀ ਲੋੜ ਹੈ, ਉਥੇ ਹੀ ਕੈਂਸਰ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਮਹਿੰਗੀ ਦਵਾਈ ਖਰੀਦਦੇ ਸਮੇਂ ਪੂਰੀ ਸਾਵਧਾਨੀ ਵਰਤਣ ਅਤੇ ਪ੍ਰਮਾਣਿਕ ਦਵਾਈ ਵਿਕ੍ਰੇਤਾਵਾਂ ਤੋਂ ਦਵਾਈ ਖਰੀਦਣ ਦੀ ਲੋੜ ਹੈ।

‘ਦੇਸ਼ ’ਚ ਜਾਰੀ ਨਸ਼ਿਆਂ ਦਾ ਹੜ੍ਹ’ ਇਸ ’ਚ ਡੁੱਬ ਰਹੇ ਲੋਕ ਅਤੇ ਉਜੜ ਰਹੇ ਪਰਿਵਾਰ

ਜਿੱਥੇ ਭਾਰਤ ਦੇ ਤੱਟੀ ਇਲਾਕਿਆਂ ਗੁਜਰਾਤ ਆਦਿ ’ਚ ਸਮੁੰਦਰੀ ਮਾਰਗ ਰਾਹੀਂ ਸਰਹੱਦ ਪਾਰ ਤੋਂ ਨਸ਼ਿਆਂ ਦੀ ਸਮੱਗਲਿੰਗ ਹੋ ਰਹੀ ਹੈ, ਉੱਥੇ ਹੀ ਪੰਜਾਬ ਦੇ ਸਰਹੱਦੀ ਇਲਾਕਿਆਂ ’ਚ ਪਾਕਿਸਤਾਨ ਤੋਂ ਥਲ ਮਾਰਗ ਅਤੇ ਹੁਣ ਝੋਨਾਂ ਰਾਹੀਂ ਵੀ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਜ਼ੋਰਾਂ ’ਤੇ ਹੈ। ਸਿਰਫ ਇਸੇ ਮਹੀਨੇ ਦੀਆਂ ਹੇਠਲੀਆਂ ਚੰਦ ਮਿਸਾਲਾਂ ਤੋਂ ਸਪੱਸ਼ਟ ਹੈ ਕਿ ਇਹ ਸਮੱਸਿਆ ਕਿੰਨਾ ਭਿਆਨਕ ਰੂਪ ਧਾਰਨ ਕਰ ਚੁੱਕੀ ਹੈ।

• 1 ਮਾਰਚ ਨੂੰ ਰਾਜਸਥਾਨ ’ਚ ਜੋਧਪੁਰ ਦੇ ਵਿਵੇਕ ਵਿਹਾਰ ਥਾਣੇ ਦੀ ਪੁਲਸ ਨੇ ਇਕ ਵਿਅਕਤੀ ਨੂੰ ਗ੍ਰਿਫਤਾਰ ਕਰ ਕੇ ਡਾਕ ਪਾਰਸਲ ਦੇ ਟਰੱਕ ’ਚ ਲਿਜਾਏ ਜਾ ਰਹੇ 5 ਕਰੋੜ ਰੁਪਏ ਤੋਂ ਵੱਧ ਮੁੱਲ ਦੇ 23 ਕੁਇੰਟਲ ਨਾਜਾਇਜ਼ ਚੂਰਾ ਪੋਸਤ ਸਮੇਤ 8 ਕਿਲੋ ਅਫੀਮ ਬਰਾਮਦ ਕੀਤੀ।

ਇਸ ਤੋਂ ਪਹਿਲਾਂ ਫਰਵਰੀ ’ਚ ਰਾਜਸਥਾਨ ’ਚ ਹੀ ‘ਬਾਸਨੀ’ ਥਾਣੇ ਦੀ ਪੁਲਸ ਨੇ ਇਕ ਸੀਮੈਂਟ ਮਿਕਸਰ ਅੰਦਰ ਸੀਮੈਂਟ ਦੀ ਥਾਂ 111 ਕੱਟਿਆਂ ’ਚ ਭਰਿਆ ਹੋਇਆ ਲਗਭਗ 3.35 ਕਰੋੜ ਰੁਪਏ ਮੁੱਲ ਦਾ 22 ਕੁਇੰਟਲ ਚੂਰਾ ਪੋਸਤ ਬਰਾਮਦ ਕੀਤਾ ਸੀ।

• 2 ਮਾਰਚ ਨੂੰ ਪੰਜਾਬ ਦੀ ਫਿਰੋਜ਼ਪੁਰ ਪੁਲਸ ਦੇ ਸੀ. ਆਈ. ਏ. ਸਟਾਫ ਨੇ 2 ਨਸ਼ਾ ਸਮੱਗਲਰਾਂ ਕੋਲੋਂ ਡੇਢ ਕਿਲੋ ਹੈਰੋਇਨ ਫੜੀ।

• 8 ਮਾਰਚ ਨੂੰ ਪੰਜਾਬ ’ਚ ਰਾਜਪੁਰਾ ਸਦਰ ਦੀ ਪੁਲਸ ਨੇ 3 ਔਰਤਾਂ ਸਮੇਤ 4 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ ’ਚੋਂ 9 ਕਿਲੋ ਚਰਸ ਬਰਾਮਦ ਕੀਤੀ।

• 16 ਮਾਰਚ ਨੂੰ ਹਰਿਆਣਾ ’ਚ ਅੰਬਾਲਾ ਪੁਲਸ ਦੇ ਸੀ. ਆਈ. ਏ.-2 ਸਟਾਫ ਨੇ ਨੈਸ਼ਨਲ ਹਾਈਵੇ ’ਤੇ 2 ਨਸ਼ਾ ਸਮੱਗਲਰਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ ’ਚੋਂ 4 ਕਿਲੋ ਅਫੀਮ ਬਰਾਮਦ ਕੀਤੀ।

• 17 ਮਾਰਚ ਨੂੰ ਪੰਜਾਬ ਦੇ ਪਿੰਡ ਝਬਾਲ ਨੇੜੇ ਬੀ. ਐੱਸ. ਐੱਫ. ਨੇ ਖ਼ੂਨ ਰਾਹੀਂ ਇਕ ਪੈਕੇਟ ’ਚ ਸੁੱਟੀ ਗਈ 550 ਗ੍ਰਾਮ ਹੈਰੋਇਨ ਬਰਾਮਦ ਕੀਤੀ।

• 18 ਮਾਰਚ ਨੂੰ ਓਡਿਸ਼ਾ ’ਚ ਬਾਂਧ ਜ਼ਿਲੇ ਦੇ ਪਿੰਬਗੀਖੋਲ’ ਪਿੰਡ ਦੇ ਜੰਗਲ ’ਚ 1.50 ਕਰੋੜ ਰੁਪਏ ਮੁੱਲ ਦਾ 1560 ਕਿਲੋ ਗਾਂਜਾ ਜ਼ਬਤ ਕੀਤਾ ਗਿਆ। ਸੂਬੇ ’ਚ ਹੁਣ ਤੱਕ 3800 ਕਿਲੋ ਗਾਂਜਾ ਜ਼ਬਤ ਕੀਤਾ ਜਾ ਚੁੱਕਾ ਹੈ।

• 19 ਮਾਰਚ ਨੂੰ ਮਹਾਰਾਸ਼ਟਰ ’ਚ ਰੈਵੇਨਿਊ ਇੰਟੈਲੀਜੈਂਸ ਡਾਇਰੈਕਟੋਰੇਟ ਦੀ ਮੁੰਬਈ ਖੇਤਰੀ ਇਕਾਈ ਦੇ ਅਧਿਕਾਰੀਆਂ ਨੇ ਇਕ ਨਾਈਜੀਰੀਅਨ ਨਾਗਰਿਕ ਅਤੇ ਉਸ ਦੀਆਂ ਸਹਿਯੋਗੀ ਔਰਤ ਯਾਤਰੀਆਂ ਵੱਲੋਂ 100 ਕਰੋੜ ਰੁਪਏ ਮੁੱਲ ਦੀ 9.8 ਕਿਲ ਕੋਕੀਨ ਜ਼ਬਤ ਕਰ ਕੇ ਕੌਮਾਂਤਰੀ ਡਰੱਗਜ਼ ਸਿੰਡੀਕੇਟ ਦਾ ਪਰਦਾਫਾਸ਼ ਕੀਤਾ।

• 19 ਮਾਰਚ ਨੂੰ ਉੱਤਰਾਖੰਡ ਦੀ ਊਧਮ ਸਿੰਘ ਨਗਰ ਪੁਲਸ ਅਤੇ ਸਪੈਸ਼ਲ ਟਾਸਕ ਫੋਰਸ (ਐੱਸ. ਟੀ. ਐੱਫ.) ਨੇ ਚੈਕਿੰਗ ਦੌਰਾਨ 1 ਕਰੋੜ ਰੁਪਏ ਤੋਂ ਵੱਧ ਮੁੱਲ ਦੇ 300 ਕਿਲੋ ਡੋਡੇ ਅਤੇ 5 ਕਿਲੋ 322 ਗ੍ਰਾਮ ਅਫੀਮ ਦੇ 20 ਕੱਟਿਆਂ ਸਮੇਤ 2 ਲੋਕਾਂ ਨੂੰ ਗ੍ਰਿਫਤਾਰ ਕੀਤਾ।

• 20 ਮਾਰਚ ਨੂੰ ਉੱਤਰ ਪ੍ਰਦੇਸ਼ ’ਚ ਗਾਜ਼ੀਆਬਾਦ ਦੀ ਪੁਲਸ ਨੇ 3 ਅੰਤਰਰਾਜੀ ਅਫੀਮ ਸਮੱਗਲਰਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ ਚੋਂ 3.7 ਕਿਲੋ ਅਫੀਮ ਬਰਾਮਦ ਕੀਤੀ।

• 20 ਮਾਰਚ ਨੂੰ ਹੀ ਮੱਧ ਪ੍ਰਦੇਸ਼ ’ਚ ’ਬਾਗੇਸ਼ਵਰ’ ਦੀ ਪੁਲਸ ਨੇ ‘ਬਦੀਆ ਕੌਟ’ ਥਾਣੇ ਦੇ ਇਕ ਪਿੰਡ ਦੀ ਗਊਸ਼ਾਲਾ ’ਚ ਛਾਪਾ ਮਾਰ ਕੇ ਉੱਥੇ ਲੁਕੋ ਕੇ ਰੱਖੀ ਗਈ ਲੱਖਾਂ ਰੁਪਏ ਮੁੱਲ ਦੀ 26 ਪੇਟੀਆਂ ਨਾਜਾਇਜ਼ ਸ਼ਰਾਬ ਅਤੇ ਬੀਅਰ ਬਰਾਮਦ ਕੀਤੀ।

• 21 ਮਾਰਚ ਨੂੰ ਹਰਿਆਣਾ ਪੁਲਸ ਨੇ ਨੂਹ ’ਚ ਸਿਕਰਾਵਾ ਰੋਡ ਨੇੜੇ ਪਿੰਡ ‘ਗੁਲਾਟਾ’ ਦੇ ਨੇੜੇ ਇਕ ਕੈਂਟਰ ਨੂੰ ਰੋਕ ਕੇ ਤਲਾਸ਼ੀ ਲੈਣ ’ਤੇ ਉਸ ’ਚੋਂ 89 ਲੱਖ ਰੁਪਏ ਮੁੱਲ ਦਾ 596 ਕਿਲੋ ਗਾਂਜਾ ਬਰਾਮਦ ਕੀਤਾ।

• 21 ਮਾਰਚ ਨੂੰ ਹੀ ਪੰਜਾਬ ਦੀ ਤਰਨ ਤਾਰਨ ਪੁਲਸ ਨੇ ਨਸ਼ਾ ਸਮੱਗਲਰ ਗਿਰੋਹ ਦੇ ਇਕ ਮੈਂਬਰ ਨੂੰ ਗ੍ਰਿਫਤਾਰ ਕਰ ਕੇ 500 ਗ੍ਰਾਮ ਹੈਰੋਇਨ ਬਰਾਮਦ ਕੀਤੀ।

• 21 ਮਾਰਚ ਨੂੰ ਹੀ ਸੀ. ਬੀ. ਆਈ. ਨੇ ਇੰਟਰਪੋਲ ਤੋਂ ਮਿਲੀ ਸੂਚਨਾ ਦੇ ਆਧਾਰ ਤੋਂ ਆਂਧਰਾ ਪ੍ਰਦੇਸ਼ ਦੀ ਵਿਸ਼ਾਖਾਪਟਨਮ ਬੰਦਰਗਾਹ ਤੋਂ ਇਕ ਜਹਾਜ਼ ’ਚੋਂ ਕੁੱਲ 25000 ਕਿਲੋ ਨਸ਼ੀਲੇ ਪਦਾਰਥਾਂ ਦੀ ਖੇਪ ਬਰਾਮਦ ਕੀਤੀ ਹੈ। ਦੱਸਿਆ ਜਾਂਦਾ ਹੈ ਕਿ ਸੁੱਕੇ ਖਮੀਰ ਦੀਆਂ ਬੋਰੀਆਂ ’ਚ ਕੋਕੀਨ ਮਿਲਾਈ ਗਈ ਸੀ।

ਭਾਵੇਂ ਸਰਕਾਰ ਵਲੋਂ ਅਤੇ ਪ੍ਰਾਈਵੇਟ ਤੌਰ ’ਤੇ ਵੀ ਦੇਸ਼ ’ਚ ਨਸ਼ੇ ਦੀ ਲਤ ਛੁਡਵਾਉਣ ਲਈ ਨਸ਼ਾ ਮੁਕਤੀ ਕੇਂਦਰ ਖੋਲ੍ਹੇ ਜਾ ਰਹੇ ਹਨ ਪਰ ਜਦ ਇੰਨੀ ਵੱਡੀ ਮਾਤਰਾ ’ਚ ਦੇਸ਼ ’ਚ ਨਸ਼ਾ ਲਿਆਂਦਾ ਜਾ ਰਿਹਾ ਹੋਵੇ ਤਾਂ ਲੋਕਾਂ ਨੂੰ ਨਸ਼ਿਆਂ ਤੋਂ ਮੁਕਤ ਕਰਵਾਉਣ ’ਚ ਭਲਾ ਕਿੰਨੀ ਸਹਾਇਤਾ ਮਿਲ ਸਕਦੀ ਹੈ।

ਇਸ ਲਈ, ਇਸ ਸਮੱਸਿਆ ਨੂੰ ਖਤਮ ਕਰਨ ਲਈ ਦੇਸ਼ ’ਚ ਨਸ਼ਿਆਂ ਦੇ ਦਾਖਲੇ ਦੇ ਰਾਹ ਬੰਦ ਕਰਨ ਲਈ ਚੌਕਸੀ ਵਧਾਉਣ ਦੇ ਨਾਲ-ਨਾਲ ਫੜੇ ਜਾਣ ਵਾਲੇ ਸਮੱਗਲਰਾਂ ਵਿਰੁੱਧ ਹੱਤਿਆ ਵਰਗੀਆਂ ਸਖਤ ਧਾਰਾਵਾਂ ਤਹਿਤ ਫਾਸਟ ਟਰੈਕ ਅਦਾਲਤਾਂ ’ਚ ਮੁਕੱਦਮਾ ਚਲਾ ਕੇ ਸਖਤ ਤੋਂ ਸਖਤ ਸਜ਼ਾ ਦੇਣ ਦੀ ਲੋੜ ਹੈ। ਨਸ਼ਿਆਂ ਦੀ ਵਰਤੋਂ ਨਾਲ ਨਾ ਸਿਰਫ ਦੇਸ਼ ਦੇ ਨੌਜਵਾਨਾਂ ਦੀ ਸਿਹਤ ਹੀ ਖਤਮ ਹੋ ਰਹੀ ਹੈ, ਸਗੋਂ ਵੱਡੀ ਗਿਣਤੀ ’ਚ ਪਰਿਵਾਰ ਵੀ ਉਜੜ ਰਹੇ ਹਨ।

ਸਾਰੀਆਂ ਪਾਰਟੀਆਂ ਦੇ ਆਗੂਆਂ ਵੱਲੋਂ ‘ਦਲ-ਬਦਲੀ’ ਹੋਈ ਤੇਜ਼

ਪਿਛਲੇ ਕੁਝ ਸਾਲਾਂ ਤੋਂ ਦੇਸ਼ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਵਿਚ ਦਲ-ਬਦਲੀ ਦਾ ਰੁਝਾਨ ਚੱਲ ਰਿਹਾ ਹੈ ਪਰ ਚੋਣਾਂ ਦੌਰਾਨ ਇਸ ’ਚ ਹੋਰ ਵੀ ਤੇਜ਼ੀ ਆ ਗਈ ਹੈ। ਹੁਣ ਜਦ ਕਿ ਲੋਕ ਸਭਾ ਚੋਣਾਂ ਹੋਣ ਵਾਲੀਆਂ ਹਨ, ਦਲ-ਬਦਲੀ ਹੋਰ ਜ਼ੋਰਾਂ ’ਤੇ ਹੈ।

• 15 ਮਾਰਚ ਨੂੰ ‘ਬੀਜੂ ਜਨਤਾ ਦਲ’ (ਬੀਜਦ) ਤੋਂ ਅਸਤੀਫਾ ਦੇ ਕੇ ਪ੍ਰਸਿੱਧ ਉੜੀਆ ਅਦਾਕਾਰ ਅਰਿੰਦਮ ਰਾਏ ਭਾਜਪਾ ’ਚ ਚਲੇ ਗਏ। ਇਸ ਦਾ ਕਾਰਨ ਦੱਸਦੇ ਹੋਏ ਉਨ੍ਹਾਂ ਨੇ ਕਿਹਾ, “ਮੈਨੂੰ ਸੂਬੇ ਦੀ ਸੱਤਾਧਾਰੀ ਪਾਰਟੀ ਨੇ ਦਰਕਿਨਾਰ ਕਰ ਦਿੱਤਾ ਹੈ।”

• 15 ਮਾਰਚ ਨੂੰ ਹੀ ਬੈਰਕਪੁਰ (ਪੱਛਮੀ ਬੰਗਾਲ) ਤੋਂ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਅਰਜੁਨ ਸਿੰਘ ਨੇ ਪਾਰਟੀ ਕੋਲੋਂ ਇਸ ਵਾਰ ਟਿਕਟ ਨਾ ਮਿਲਣ ’ਤੇ ਇਹ ਕਹਿੰਦਿਆਂ ਭਾਜਪਾ ਦਾ ਪੱਲਾ ਫੜ ਲਿਆ ਕਿ “ਸੂਬੇ ’ਚ ਤ੍ਰਿਣਮੂਲ ਕਾਂਗਰਸ ਪੁਲਸ ਅਤੇ ਗੁੰਡਿਆਂ ਦੇ ਜ਼ੋਰ ’ਤੇ ਸੱਤਾ ’ਚ ਹੈ। ਇਹ ਗੁੰਡਿਆਂ ਦੀ ਮਦਦ ਨਾਲ ਸੱਤਾ ’ਚ ਰਹਿਣਾ ਚਾਹੁੰਦੀ ਹੈ।”

• 15 ਮਾਰਚ ਨੂੰ ਹੀ ਆਪਣੀ ਟਿਕਟ ਕੱਟੀ ਜਾਣ ਤੋਂ ਨਾਰਾਜ਼ ਆਸਾਮ ਦੇ ਬਾਰਪੇਟਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਅਬਦੁੱਲ ਖਾਲਿਕ ਨੇ ਪਾਰਟੀ ਨੂੰ ਅਲਵਿਦਾ ਕਹਿ ਦਿੱਤਾ। ਉਨ੍ਹਾਂ ਨੇ ਦੋਸ਼ ਲਾਇਆ, “ਪ੍ਰਦੇਸ਼ ਕਾਂਗਰਸ ਪ੍ਰਧਾਨ ਭੂਪੇਨ ਕੁਮਾਰ ਬੋਰਾ ਅਤੇ ਪ੍ਰਦੇਸ਼ ਇੰਚਾਰਜ ਜਨਰਲ ਸਕੱਤਰ ਜਤਿੰਦਰ ਸਿੰਘ ਦੇ ਰਵੱਈਏ ਨੇ ਸੂਬੇ ’ਚ ਪਾਰਟੀ ਦੀਆਂ ਸੰਭਾਵਨਾਵਾਂ ਖ਼ਤਮ ਕਰ ਦਿੱਤੀਆਂ ਹਨ। ਇੱਥੇ ਜਨਤਾ ਦੇ ਮੁੱਦੇ ਪਿੱਛੇ ਰਹਿ ਗਏ ਹਨ।”

• 16 ਮਾਰਚ ਨੂੰ ਮੱਧ ਪ੍ਰਦੇਸ਼ ਤੋਂ ਭਾਜਪਾ ਦੇ ਰਾਜ ਸਭਾ ਮੈਂਬਰ ਅਜੈ ਪ੍ਰਤਾਪ ਸਿੰਘ ਨੇ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਪ੍ਰਕਿਰਿਆ ’ਤੇ ਨਾਰਾਜ਼ਗੀ ਜ਼ਾਹਿਰ ਕਰਦੇ ਹੋਏ ਇਹ ਕਹਿ ਕੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਕਿ ‘‘ਭਾਜਪਾ ’ਚ ਭ੍ਰਿਸ਼ਟ ਲੋਕਾਂ ਨੂੰ ਪੁਸ਼ਤਪਨਾਹੀ ਮਿਲ ਰਹੀ ਹੈ ਅਤੇ ਇਹ ਸਿਆਸੀ ਵਪਾਰੀਆਂ ਦਾ ਅੱਡਾ ਬਣ ਗਈ ਹੈ।”

• 16 ਮਾਰਚ ਨੂੰ ਹੀ ਤੇਲੰਗਾਨਾ ਪ੍ਰਦੇਸ਼ ‘ਬਹੁਜਨ ਸਮਾਜ ਪਾਰਟੀ’ (ਬਸਪਾ) ਦੇ ਸੂਬਾ ਪ੍ਰਧਾਨ ਆਰ. ਐੱਸ. ਪ੍ਰਵੀਨ ਕੁਮਾਰ ਨੇ ਪ੍ਰਧਾਨਗੀ ਅਹੁਦੇ ਅਤੇ ਪਾਰਟੀ ਦੀ ਮੈਂਬਰਸ਼ਿਪ ਦੋਵਾਂ ਤੋਂ ਅਸਤੀਫਾ ਦੇ ਕੇ ਭਾਰਤ ਰਾਸ਼ਟਰ ਸਮਿਤੀ (ਬੀ.ਆਰ.ਐੱਸ.) ਨਾਲ ਨਾਤਾ ਜੋੜਦੇ ਹੋਏ ਕਿਹਾ, “ਬੀ.ਆਰ.ਐੱਸ. ਨਾਲ ਗਠਜੋੜ ਖਤਮ ਕਰਨ ਲਈ ਮਾਇਆਵਤੀ ਨੇ ਮੇਰੇ ਉੱਪਰ ਦਬਾਅ ਪਾਇਆ ਸੀ ਜੋ ਮੈਨੂੰ ਪਸੰਦ ਨਹੀਂ ਆਇਆ ਅਤੇ ਮੈਂ ਬੀ.ਆਰ.ਐੱਸ. ’ਚ ਸ਼ਾਮਲ ਹੋਣ ਲਈ ਬਸਪਾ ਹੀ ਛੱਡ ਦਿੱਤੀ।”

• 17 ਮਾਰਚ ਨੂੰ ਚੇਵੇਲਾ (ਆਂਧਰਾ ਪ੍ਰਦੇਸ਼) ਤੋਂ ‘ਭਾਰਤ ਰਾਸ਼ਟਰ ਸਮਿਤੀ’ (ਬੀ.ਆਰ.ਐੱਸ.) ਦੇ ਸੰਸਦ ਮੈਂਬਰ ਜੀ. ਰਣਜੀਤ ਰੈੱਡੀ ਨੇ ਪਾਰਟੀ ਤੋਂ ਅਸਤੀਫਾ ਦੇ ਕੇ ਕਾਂਗਰਸ ’ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਅਤੇ ਕਿਹਾ, “ਸੂਬੇ ’ਚ ਮੌਜੂਦਾ ਸਿਆਸੀ ਹਾਲਾਤ ਕਾਰਨ ਮੈਨੂੰ ਬਦਲਵਾਂ ਰਾਹ ਅਪਣਾਉਣ ਦਾ ਫੈਸਲਾ ਲੈਣਾ ਪਿਆ।” ਉਹ ਬੀਤੇ ਸਾਲ ‘ਤੇਲਗੂ ਦੇਸ਼ਮ ਪਾਰਟੀ’ ਤੋਂ ਅਸਤੀਫਾ ਦੇ ਕੇ ਬੀ.ਆਰ.ਐੱਸ. ’ਚ ਸ਼ਾਮਲ ਹੋਏ ਸਨ।

• 17 ਮਾਰਚ ਨੂੰ ਹੀ ਕਰਨਾਟਕ ਦੇ ਸਾਬਕਾ ਉੱਪ ਮੁੱਖ ਮੰਤਰੀ ਕੇ. ਐੱਸ. ਈਸ਼ਵਰੱਪਾ ਨੇ ਭਾਜਪਾ ਲੀਡਰਸ਼ਿਪ ਵਲੋਂ ਉਨ੍ਹਾਂ ਦੇ ਬੇਟੇ ਕੇ. ਈ. ਕੰਤੇਸ਼ ਨੂੰ ਲੋਕ ਸਭਾ ਚੋਣਾਂ ਲਈ ਟਿਕਟ ਨਾ ਦੇਣ ਤੋਂ ਨਾਰਾਜ਼ ਹੋ ਕੇ ਸ਼ਿਮੋਗਾ ਤੋਂ ਆਗਾਮੀ ਲੋਕ ਸਭਾ ਚੋਣਾਂ ਆਜ਼ਾਦ ਲੜਨ ਦਾ ਐਲਾਨ ਕਰਦੇ ਹੋਏ ਦੋਸ਼ ਲਾਇਆ ਕਿ ਸੂਬਾ ਭਾਜਪਾ ਪ੍ਰਧਾਨ ਯੇਦੀਯੁਰੱਪਾ ਉਨ੍ਹਾਂ ਦੇ ਬੇਟੇ ਕੇ. ਈ. ਕੰਤੇਸ਼ ਨੂੰ ਪਾਰਟੀ ਟਿਕਟ ਮਿਲਣ ’ਚ ਰੋੜਾ ਅਟਕਾ ਰਹੇ ਹਨ।

• 18 ਮਾਰਚ ਨੂੰ ਹੀ ਕਰਨਾਟਕ ਦੇ ਬੈਂਗਲੁਰੂ ਉੱਤਰੀ ਤੋਂ ਦੁਬਾਰਾ ਚੋਣ ਲੜਨ ਲਈ ਟਿਕਟ ਨਾ ਦਿੱਤੇ ਜਾਣ ’ਤੇ ਨਾਰਾਜ਼ ਭਾਜਪਾ ਸੰਸਦ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਡੀ. ਵੀ. ਸਦਾਨੰਦ ਗੌੜਾ ਨੇ ਕਿਹਾ, “ਅਜਿਹਾ ਕਹਿਣ ਲਈ ਹੁਣ ਕੁਝ ਨਹੀਂ ਬਚਿਆ ਹੈ ਕਿ ਭਾਜਪਾ ਕਰਨਾਟਕ ਦੀਆਂ ਹੋਰ ਪਾਰਟੀਆਂ ਤੋਂ ਵੱਖਰੀ ਹੈ।”

• 18 ਮਾਰਚ ਨੂੰ ਹੀ ਮੱਧ ਪ੍ਰਦੇਸ਼ ਕਾਂਗਰਸ ਦੇ ਸਾਬਕਾ ਬੁਲਾਰੇ ਸਈਦ ਜ਼ਫਰ ਭਾਜਪਾ ’ਚ ਸ਼ਾਮਲ ਹੋ ਗਏ। ਉਨ੍ਹਾਂ ਨੇ ਕਿਹਾ, “ਮੈਂ ਜਿੰਨੇ ਸਾਲ ਵੀ ਕਾਂਗਰਸ ’ਚ ਰਿਹਾ ਕਾਂਗਰਸ ਨੇ ਕਦੀ ਵੀ ਮੈਨੂੰ ਯੋਗਤਾ ਅਨੁਸਾਰ ਅਹੁਦਾ ਨਹੀਂ ਦਿੱਤਾ।”

• ਅਤੇ ਹੁਣ 19 ਮਾਰਚ ਨੂੰ ਝਾਰਖੰਡ ਮੁਕਤੀ ਮੋਰਚਾ ਦੀ ਵਿਧਾਇਕ ਅਤੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਭਾਬੀ ਅਤੇ ਸਵ. ਦੁਰਗਾ ਸੋਰੇਨ ਦੀ ਪਤਨੀ ਸੀਤਾ ਸੋਰੇਨ ਪਾਰਟੀ ਤੋਂ ਅਸਤੀਫਾ ਦੇ ਕੇ ਭਾਜਪਾ ’ਚ ਸ਼ਾਮਲ ਹੋ ਗਈ। ਸੀਤਾ ਸੋਰੇਨ ਨੇ ਦੋਸ਼ ਲਾਇਆ ਕਿ ਉਨ੍ਹਾਂ ਦੇ ਪਤੀ ਦੀ ਮੌਤ ਪਿੱਛੋਂ ਪਾਰਟੀ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਢੁੱਕਵਾਂ ਸਹਿਯੋਗ ਨਹੀਂ ਦਿੱਤਾ ਅਤੇ ਉਹ ਪਾਰਟੀ ’ਚ ਅਣਦੇਖੀ ਮਹਿਸੂਸ ਕਰ ਰਹੀ ਸੀ।

• 19 ਮਾਰਚ ਨੂੰ ਹੀ ਕੇਂਦਰੀ ਸਿੱਖਿਆ ਮੰਤਰੀ ਅਤੇ ਭਾਜਪਾ ਦੇ ਗੱਠਜੋੜ ਸਹਿਯੋਗੀ ਪਸ਼ੂਪਤੀ ਕੁਮਾਰ ਪਾਰਸ ਨੇ ਬਿਹਾਰ ’ਚ ਲੋਕ ਸਭਾ ਚੋਣਾਂ ਲਈ ਸੀਟਾਂ ਦੀ ਵੰਡ ਨੂੰ ਲੈ ਕੇ ਗੱਲਬਾਤ ’ਚ ਸ਼ਾਮਲ ਨਾ ਕਰ ਕੇ ਉਨ੍ਹਾਂ ਦੀ ‘ਰਾਸ਼ਟਰੀ ਲੋਕ ਜਨਸ਼ਕਤੀ ਪਾਰਟੀ’ ਨਾਲ ਅਨਿਆਂ ਕਰਨ ਦਾ ਦੋਸ਼ ਲਾਉਂਦੇ ਹੋਏ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

• 19 ਮਾਰਚ ਨੂੰ ਹੀ ਜਦ-ਯੂ (ਨਿਤੀਸ਼ ਕੁਮਾਰ ਦੀ ਪਾਰਟੀ) ਦੇ ਕੌਮੀ ਜਨਰਲ ਸਕੱਤਰ ਅਲੀ ਅਸ਼ਰਫ ਫਾਤਮੀ ਨੇ ਵੀ ਸੀਟਾਂ ਦੀ ਵੰਡ ਦੇ ਐਲਾਨ ’ਚ ਨਾਰਾਜ਼ਗੀ ਕਾਰਨ ਪਾਰਟੀ ਦੇ ਸਾਰੇ ਅਹੁਦਿਆਂ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਜਦ-ਯੂ ਵਲੋਂ ਰਾਜਦ (ਲਾਲੂ ਯਾਦਵ ਦੀ ਪਾਰਟੀ) ਨਾਲੋਂ ਗੱਠਜੋੜ ਤੋੜਨ ’ਤੇ ਵੀ ਨਾਰਾਜ਼ਗੀ ਜ਼ਾਹਿਰ ਕੀਤੀ ਹੈ।

ਉਕਤ ਆਗੂਆਂ ਦੇ ਬਿਆਨਾਂ ਤੋਂ ਸਪੱਸ਼ਟ ਹੈ ਕਿ ਮੂਲ ਪਾਰਟੀ ਦੀ ਲੀਡਰਸ਼ਿਪ ਵਲੋਂ ਆਪਣੇ ਮੈਂਬਰਾਂ ਦੀ ਅਣਦੇਖੀ, ਉਨ੍ਹਾਂ ਦੀ ਗੱਲ ਨਾ ਸੁਣਨ ਆਦਿ ਕਾਰਨ ਸਿਆਸੀ ਪਾਰਟੀਆਂ ’ਚ ਲੋਕਤੰਤਰ ਨੂੰ ਖੋਰਾ ਲੱਗਣ ਨਾਲ ਦਲ-ਬਦਲੀ ਨੂੰ ਹੁਲਾਰਾ ਮਿਲ ਰਿਹਾ ਹੈ।



ਸਿਆਸੀ ਇੱਛਾਸ਼ਕਤੀ ਹੋਵੇ ਤਾਂ ਦੁਸ਼ਮਣ ਦੀਆਂ ਹੱਦਾਂ ਤੋਂ ਪਾਰ ਹਵਾਈ ਤਾਕਤ ਵਿਖਾਈ ਜਾ ਸਕਦੀ ਹੈ : ਹਵਾਈ ਫ਼ੌਜ ਮੁਖੀ

ਕਿਹਾ, ਭਵਿੱਖ ਦੀਆਂ ਲੜਾਈਆਂ ਵੱਖਰੇ ਤਰੀਕੇ ਨਾਲ ਲੜੀਆਂ ਜਾਣਗੀਆਂ

ਨਵੀਂ ਦਿੱਲੀ: ਹਵਾਈ ਫ਼ੌਜ ਮੁਖੀ ਵੀ.ਆਰ. ਚੌਧਰੀ ਨੇ ਬੁਧਵਾਰ ਨੂੰ ਕਿਹਾ ਕਿ 'ਬਾਲਾਕੋਟ ਵਰਗੀਆਂ ਮੁਹਿੰਮਾਂ' ਨੇ ਇਹ ਸਪੱਸ਼ਟ ਕਰ ਦਿਤਾ ਹੈ ਕਿ ਜੇਕਰ ਸਿਆਸੀ ਇੱਛਾਸ਼ਕਤੀ ਹੋਵੇ ਤਾਂ ਦੁਸ਼ਮਣ ਦੀ ਸਰਹੱਦ ਤੋਂ ਅੱਗੇ ਜਾ ਕੇ ਹਵਾਈ ਸ਼ਕਤੀ ਵਿਖਾਈ ਜਾ ਸਕਦੀ ਹੈ। 'ਭਵਿੱਖ ਦੇ ਸੰਘਰਸ਼ਾਂ ਵਿਚ ਹਵਾਈ ਸ਼ਕਤੀ' ਵਿਸ਼ੇ 'ਤੇ ਇਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਹਵਾਈ ਫ਼ੌਜ ਮੁਖੀ ਨੇ ਕਿਹਾ ਕਿ ਪੁਲਾੜ ਦਾ ਫੌਜੀਕਰਨ ਅਤੇ ਹਥਿਆਰਬੰਦੀ ਇਕ ਲਾਜ਼ਮੀ ਹਕੀਕਤ ਬਣ ਗਈ ਹੈ ਕਿਉਂਕਿ ਦੇਸ਼ ਪੁਲਾੜ ਅਧਾਰਤ ਸਰੋਤਾਂ 'ਤੇ ਨਿਰਭਰ ਹੁੰਦੇ ਜਾ ਰਹੇ ਹਨ।

ਉਨ੍ਹਾਂ ਕਿਹਾ, "ਮਨੁੱਖੀ ਇਤਿਹਾਸ 'ਚ, ਅਕਾਸ਼ ਨੂੰ ਅਕਸਰ ਹੈਰਾਨੀ ਅਤੇ ਖੋਜ ਦੇ ਖੇਤਰ ਵਜੋਂ ਕਲਪਨਾ ਕੀਤੀ ਗਈ ਹੈ, ਜਿੱਥੇ ਸੁਪਨੇ ਉਡਾਣ ਭਰਦੇ ਹਨ ਅਤੇ ਸੀਮਾਵਾਂ ਵਿਸ਼ਾਲ ਨੀਲੇ ਵਿਸਥਾਰ 'ਚ ਮਿਲ ਜਾਂਦੀਆਂ ਹਨ।" ਹਵਾਈ ਫ਼ੌਜ ਮੁਖੀ ਨੇ ਕਿਹਾ ਕਿ ਇਸ ਸ਼ਾਂਤੀ ਦੇ ਹੇਠਾਂ ਇਕ ਮੁਕਾਬਲੇਬਾਜ਼ੀ ਭਰਿਆ ਇਲਾਕਾ ਹੈ, ਜਿੱਥੇ ਹਵਾਈ ਉੱਤਮਤਾ ਲਈ ਮੁਕਾਬਲਾ ਕਈ ਦੇਸ਼ਾਂ ਦੀ ਕਿਸਮਤ ਨੂੰ ਆਕਾਰ ਦਿੰਦਾ ਹੈ ਅਤੇ ਕਈ ਯੁੱਧਾਂ ਦੇ ਨਤੀਜਿਆਂ ਦਾ ਫੈਸਲਾ ਕਰਦਾ ਹੈ।

ਉਨ੍ਹਾਂ ਕਿਹਾ, "ਜਦੋਂ ਅਸੀਂ ਇਨ੍ਹਾਂ ਅਣਜਾਣ ਆਕਾਸ਼ਾਂ ਵਿਚੋਂ ਲੰਘਦੇ ਹਾਂ ਤਾਂ ਕੌਮੀ ਤਾਕਤ ਦਾ ਇਕ ਪ੍ਰਮੁੱਖ ਹਿੱਸਾ ਹੋਣ ਦੇ ਨਾਤੇ ਹਵਾਈ ਸ਼ਕਤੀ ਬਿਨਾਂ ਸ਼ੱਕ ਇਕ ਮਹੱਤਵਪੂਰਣ ਭੂਮਿਕਾ ਨਿਭਾਏਗੀ ਅਤੇ ਕੌਮੀ ਤਾਕਤ ਦੇ ਪ੍ਰਤੀਕ, ਸ਼ਾਂਤੀ ਅਤੇ ਸਹਿਯੋਗ ਲਈ ਇਕ ਸਾਧਨ ਵਜੋਂ ਵੀ ਕੰਮ ਕਰੇਗੀ।" ਉਨ੍ਹਾਂ ਕਿਹਾ, "ਸਾਨੂੰ ਸਾਰਿਆਂ ਨੂੰ ਇਹ ਮਨਜ਼ੂਰ ਕਰਨਾ ਪਵੇਗਾ ਕਿ ਭਵਿੱਖ ਦੀਆਂ ਲੜਾਈਆਂ ਵੱਖਰੇ ਤਰੀਕੇ ਨਾਲ ਲੜੀਆਂ ਜਾਣਗੀਆਂ।"

ਉਨ੍ਹਾਂ ਕਿਹਾ ਕਿ ਭਵਿੱਖ ਦੇ ਟਕਰਾਅ ਗਤੀਸ਼ੀਲ ਅਤੇ ਗੈਰ-ਗਤੀਸ਼ੀਲ ਤਾਕਤਾਂ ਦੀ ਇਕੋ ਸਮੇਂ ਵਰਤੋਂ, ਜੰਗ ਦੇ ਮੈਦਾਨ 'ਚ ਉੱਚ ਪੱਧਰੀ ਪਾਰਦਰਸ਼ਤਾ, ਬਹੁ-ਪੱਖੀ ਕਾਰਵਾਈਆਂ, ਉੱਚ ਪੱਧਰੀ ਸਟੀਕਤਾ, ਉੱਚ ਘਾਤਕਤਾ ਆਦਿ ਦੇ ਸੁਮੇਲ 'ਤੇ ਅਧਾਰਤ ਹੋਣਗੇ। ਉਨ੍ਹਾਂ ਕਿਹਾ ਕਿ ਬਾਲਾਕੋਟ ਵਰਗੀਆਂ ਕਾਰਵਾਈਆਂ ਸਪੱਸ਼ਟ ਤੌਰ 'ਤੇ ਦਰਸਾਉਂਦੀਆਂ ਹਨ ਕਿ ਸਿਆਸੀ ਇੱਛਾਸ਼ਕਤੀ ਨੂੰ ਵੇਖਦੇ ਹੋਏ ਦੁਸ਼ਮਣ ਦੇ ਖੇਤਰ ਤੋਂ ਬਾਹਰ, ਬਿਨਾਂ ਜੰਗ ਅਤੇ ਸ਼ਾਂਤੀ ਦੇ, ਪ੍ਰਮਾਣੂ ਖਤਰੇ ਦੀ ਸਥਿਤੀ 'ਚ, ਪੂਰੇ ਸੰਘਰਸ਼ 'ਚ ਵਧੇ ਬਿਨਾਂ ਹਵਾਈ ਤਾਕਤ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਪੁਲਾੜ ਫੌਜੀ ਮੁਹਿੰਮਾਂ ਲਈ ਇਕ ਮਹੱਤਵਪੂਰਨ ਖੇਤਰ ਵਜੋਂ ਉਭਰਿਆ ਹੈ ਜਿੱਥੇ ਨਿਰਵਿਘਨ ਸੰਚਾਰ, ਨੇਵੀਗੇਸ਼ਨ ਅਤੇ ਨਿਗਰਾਨੀ ਸਮਰੱਥਾ ਆਧੁਨਿਕ ਹਥਿਆਰਬੰਦ ਬਲਾਂ ਦੀ ਬਚਣ ਦੀ ਸਮਰੱਥਾ ਨੂੰ ਵਧਾਏਗੀ।

ਭਾਰਤੀ ਹਵਾਈ ਫੌਜ ਨੇ 14 ਫ਼ਰਵਰੀ 2019 ਨੂੰ ਪੁਲਵਾਮਾ ਅਤਿਵਾਦੀ ਹਮਲੇ ਦੇ ਜਵਾਬ 'ਚ ਪਾਕਿਸਤਾਨ ਦੇ ਬਾਲਾਕੋਟ ਇਲਾਕੇ 'ਚ ਜੈਸ਼-ਏ-ਮੁਹੰਮਦ ਦੇ ਅਤਿਵਾਦੀ ਸਿਖਲਾਈ ਕੈਂਪ 'ਤੇ ਹਮਲਾ ਕੀਤਾ ਸੀ। ਪਾਕਿਸਤਾਨੀ ਹਵਾਈ ਫੌਜ ਨੇ ਅਗਲੇ ਹੀ ਦਿਨ ਜਵਾਬੀ ਕਾਰਵਾਈ ਕੀਤੀ ਅਤੇ ਜੰਮੂ-ਕਸ਼ਮੀਰ 'ਚ ਕਈ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਪਰ ਅਸਫਲ ਰਹੇ।

ਬਾਲਟੀਮੋਰ ਪੁਲ ਹਾਦਸਾ : ਕਈ ਜਾਨਾਂ ਬਚਾਉਣ ਲਈ ਅਮਰੀਕੀ ਰਾਸ਼ਟਰਪਤੀ ਨੇ ਭਾਰਤੀ ਚਾਲਕ ਦਲ ਦੀ ਕੀਤੀ ਤਾਰੀਫ਼

ਕਿਹਾ, ਸਮੇਂ ਸਿਰ ਸੂਚਿਤ ਕਰ ਕੇ ਵੱਡਾ ਜਾਨੀ ਨੁਕਸਾਨ ਬਚਾ ਲਿਆ, ਬਾਲਟੀਮੋਰ ਦੇ ਮੇਅਰ ਨੇ ਵੀ ਭਾਰਤੀ ਚਾਲਕ ਦਲ ਨੂੰ ਹੀਰੋ ਦੱਸਿਆ



ਨਿਊਯਾਰਕ: ਅਮਰੀਕਾ 'ਚ ਭਾਰਤੀ ਸਫ਼ਾਰਤਖ਼ਾਨੇ ਨੇ ਮੈਰੀਲੈਂਡ ਸੂਬੇ ਦੇ ਬਾਲਟੀਮੋਰ 'ਚ ਇਕ ਮਾਲਬਰਦਾਰ ਜਹਾਜ਼ ਦੇ ਇਕ ਵੱਡੇ ਪੁਲ ਨਾਲ ਟਕਰਾਉਣ ਅਤੇ ਇਸ ਕਾਰਨ ਪੁਲ ਦੇ ਨਦੀ 'ਚ ਡਿੱਗਣ ਦੀ ਘਟਨਾ ਨੂੰ 'ਮੰਦਭਾਗਾ ਹਾਦਸਾ' ਦਸਿਆ ਹੈ। ਸਮੁੰਦਰੀ ਜਹਾਜ਼ ਦਾ ਪ੍ਰਬੰਧਨ 22 ਮੈਂਬਰਾਂ ਦੇ ਭਾਰਤੀ ਚਾਲਕ ਦਲ ਵਲੋਂ ਕੀਤਾ ਜਾ ਰਿਹਾ ਸੀ।

ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਵ੍ਹਾਈਟ ਹਾਊਸ 'ਚ ਕਿਹਾ ਕਿ ਜਹਾਜ਼ 'ਤੇ ਸਵਾਰ ਮੁਲਾਜ਼ਮਾਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਮੈਰੀਲੈਂਡ ਦੇ ਆਵਾਜਾਈ ਵਿਭਾਗ ਨੂੰ ਸੂਚਿਤ ਕਰ ਦਿਤਾ ਕਿ ਉਨ੍ਹਾਂ ਨੇ ਅਪਣੇ ਜਹਾਜ਼ 'ਤੇ ਕੰਟਰੋਲ ਗੁਆ ਦਿੱਤਾ ਹੈ। ਨਤੀਜੇ ਵਜੋਂ, ਸਥਾਨਕ ਅਧਿਕਾਰੀਆਂ ਨੇ ਪੁਲ ਦੇ ਡਿੱਗਣ ਤੋਂ ਪਹਿਲਾਂ ਹੀ ਇਸ ਨੂੰ ਆਵਾਜਾਈ ਲਈ ਬੰਦ ਕਰ ਦਿਤਾ, ਜਿਸ ਨੇ ਬਿਨਾਂ ਸ਼ੱਕ ਜਾਨਾਂ ਬਚਾਈਆਂ। ਬਾਈਡਨ ਨੇ ਕਿਹਾ ਕਿ ਉਹ ਐਮਰਜੈਂਸੀ ਹਾਲਾਤ ਦੇ ਮੱਦੇਨਜ਼ਰ ਜ਼ਰੂਰੀ ਮਦਦ ਭੇਜ ਰਹੇ ਹਨ। ਉਨ੍ਹਾਂ ਕਿਹਾ, "ਅਸੀਂ ਮਿਲ ਕੇ ਉਸ ਬੰਦਰਗਾਹ ਦਾ ਮੁੜ ਨਿਰਮਾਣ ਕਰਾਂਗੇ। ਇਹ ਇਕ ਭਿਆਨਕ ਹਾਦਸਾ ਸੀ। ਇਸ ਸਮੇਂ ਸਾਡੇ ਕੋਲ ਇਹ ਮੰਨਣ ਦਾ ਕੋਈ ਸੰਕੇਤ ਨਹੀਂ ਹੈ ਕਿ ਇਹ ਜਾਣਬੁਝ ਕੇ ਕੀਤੀ ਗਈ ਕਾਰਵਾਈ ਸੀ।"

ਮੈਰੀਲੈਂਡ ਦੇ ਗਵਰਨਰ ਵੇਸ ਮੂਰ ਨੇ ਵੀ ਪੱਤਰਕਾਰਾਂ ਨੂੰ ਦਸਿਆ ਕਿ ਜਹਾਜ਼ ਦੇ ਪੁਲ ਨਾਲ ਟਕਰਾਉਣ ਤੋਂ ਪਹਿਲਾਂ ਇਸ ਦੇ ਚਾਲਕ ਦਲ ਨੇ ਅਧਿਕਾਰੀਆਂ ਨੂੰ ਬਿਜਲੀ ਦੀਆਂ ਸਮੱਸਿਆਵਾਂ ਬਾਰੇ ਸੁਚੇਤ ਕੀਤਾ, ਜਿਸ ਨਾਲ ਪੁਲ 'ਤੇ ਆਵਾਜਾਈ ਸੀਮਤ ਹੋ ਗਈ। ਮੂਰ ਨੇ ਕਿਹਾ, "ਇਹ ਲੋਕ ਹੀਰੋ ਹਨ। ਉਸ ਨੇ ਬੀਤੀ ਰਾਤ ਕਈ ਜਾਨਾਂ ਬਚਾਈਆਂ।" ਇਸ ਘਟਨਾ ਕਾਰਨ ਪੂਰਬ-ਉੱਤਰ ਅਮਰੀਕਾ 'ਚ ਸਭ ਤੋਂ ਮਹੱਤਵਪੂਰਨ ਬੰਦਰਗਾਹਾਂ 'ਚੋਂ ਇਕ 'ਤੇ ਕੰਮਕਾਜ ਠੱਪ ਹੋ ਗਿਆ। ਘਟਨਾ 'ਚ ਛੇ ਲੋਕਾਂ ਦੇ ਮਾਰੇ ਜਾਣ ਦਾ ਸ਼ੱਕ ਹੈ।

ਇਹ ਜਹਾਜ਼ ਸੋਮਵਾਰ ਦੇਰ ਰਾਤ 2.6 ਕਿਲੋਮੀਟਰ ਲੰਮੇ 'ਫਰਾਂਸਿਸ ਸਕਾਟ ਬ੍ਰਿਜ' ਦੇ ਇਕ ਥੰਮ੍ਹ ਨਾਲ ਟਕਰਾ ਗਿਆ। ਉਦੋਂ ਬਹੁਤ ਸਾਰੀਆਂ ਕਾਰਾਂ ਪੁਲ ਤੋਂ ਲੰਘ ਰਹੀਆਂ ਸਨ। ਕੰਟੇਨਰ ਦੇ ਟਕਰਾਉਣ ਤੋਂ ਬਾਅਦ, ਪੁਲ ਟੁੱਟ ਗਿਆ ਅਤੇ ਨਦੀ 'ਚ ਡਿੱਗ ਗਿਆ। ਇਸ ਦੌਰਾਨ ਜਹਾਜ਼ ਨੂੰ ਅੱਗ ਲੱਗ ਗਈ ਅਤੇ ਇਸ ਵਿਚੋਂ ਕਾਲਾ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ। ਕਿਸੇ ਨੇ ਇਸ ਘਟਨਾ ਦਾ ਵੀਡੀਉ ਬਣਾ ਕੇ ਸੋਸ਼ਲ ਮੀਡੀਆ 'ਤੇ ਪੋਸਟ ਕਰ ਦਿਤਾ। ਅਧਿਕਾਰੀਆਂ ਨੇ ਦਸਿਆ ਕਿ ਸਿੰਗਾਪੁਰ ਦੇ ਝੰਡੇ ਵਾਲੇ ਜਹਾਜ਼ ਡਲੀ 'ਚ ਬਿਜਲੀ ਦੀ ਸਮੱਸਿਆ ਸੀ ਅਤੇ ਪੁਲ ਨਾਲ ਟਕਰਾਉਣ ਤੋਂ ਕੁੱਝ ਪਲ ਪਹਿਲਾਂ ਇਕ ਸੰਕਟ ਸੰਦੇਸ਼ ਭੇਜਿਆ ਗਿਆ ਸੀ। ਅਮਰੀਕਾ 'ਚ ਭਾਰਤੀ ਦੂਤਘਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਕ ਪੋਸਟ 'ਚ ਕਿਹਾ ਕਿ ਬਾਲਟੀਮੋਰ 'ਚ ਫਰਾਂਸਿਸ ਸਕਾਟ ਬ੍ਰਿਜ 'ਤੇ ਹੋਏ ਮੰਦਭਾਗੇ ਹਾਦਸੇ 'ਚ ਪ੍ਰਭਾਵਤ ਸਾਰੇ ਲੋਕਾਂ ਨਾਲ ਸਾਡੀ ਦਿਲੀ ਹਮਦਰਦੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਦੂਤਘਰ ਨੇ ਭਾਰਤੀ ਨਾਗਰਿਕਾਂ ਲਈ ਇਕ ਸਮਰਪਿਤ ਹੌਟਲਾਈਨ ਬਣਾਈ ਹੈ ਜੋ ਇਸ ਘਟਨਾ ਕਾਰਨ ਪ੍ਰਭਾਵਤ ਹੋਏ ਹਨ ਜਾਂ ਉਨ੍ਹਾਂ ਨੂੰ ਸਹਾਇਤਾ ਦੀ ਜ਼ਰੂਰਤ ਹੈ। ਦੂਤਘਰ ਜਹਾਜ਼ ਦੇ ਚਾਲਕ ਦਲ ਦੇ ਵੇਰਵਿਆਂ ਦਾ ਪਤਾ ਲਗਾ ਰਿਹਾ ਹੈ।

ਸਮੁੰਦਰੀ ਜਹਾਜ਼ ਦਾ ਪ੍ਰਬੰਧਨ ਕਰਨ ਵਾਲੇ ਸਿਨਰਜੀ ਮਰੀਨ ਗਰੁੱਪ ਨੇ ਇਕ ਬਿਆਨ ਵਿਚ ਕਿਹਾ ਕਿ 'ਡਾਲੀ' ਜਹਾਜ਼ 'ਤੇ ਚਾਲਕ ਦਲ ਦੇ 22 ਮੈਂਬਰ ਸਵਾਰ ਸਨ, ਜਿਨ੍ਹਾਂ ਵਿਚੋਂ ਸਾਰੇ ਭਾਰਤੀ ਸਨ। ਬਿਆਨ ਵਿਚ ਕਿਹਾ ਗਿਆ ਹੈ ਕਿ ਦੋ ਪਾਇਲਟਾਂ ਸਮੇਤ ਚਾਲਕ ਦਲ ਦੇ ਸਾਰੇ ਮੈਂਬਰ ਸੁਰੱਖਿਅਤ ਹਨ ਅਤੇ ਕੋਈ ਜ਼ਖਮੀ ਨਹੀਂ ਹੋਇਆ। ਸਮੂਹ ਨੇ ਇਕ ਬਿਆਨ ਵਿਚ ਕਿਹਾ ਕਿ ਜਹਾਜ਼ ਸੋਮਵਾਰ ਨੂੰ ਸਥਾਨਕ ਸਮੇਂ ਅਨੁਸਾਰ ਰਾਤ ਕਰੀਬ ਡੇਢ ਵਜੇ ਬਾਲਟੀਮੋਰ ਵਿਚ ਫਰਾਂਸਿਸ ਸਕਾਟ ਬ੍ਰਿਜ ਦੇ ਇਕ ਥੰਮ ?ਹ ਨਾਲ ਟਕਰਾ ਗਿਆ। ਉਸਾਰੀ ਕਾਮੇ ਇਕ ਖੱਡੇ ਨੂੰ ਭਰਨ ਲਈ ਪੁਲ 'ਤੇ ਕੰਮ ਕਰ ਰਹੇ ਸਨ ਜਦੋਂ ਇਹ ਪੁਲ ਨਾਲ ਟਕਰਾ ਗਿਆ। ਬਚਾਅ ਕਰਮਚਾਰੀਆਂ ਨੇ ਨਦੀ 'ਚੋਂ ਦੋ ਵਿਅਕਤੀਆਂ ਨੂੰ ਬਾਹਰ ਕਢਿਆ ਹੈ ਅਤੇ ਛੇ ਕਰਮਚਾਰੀ ਅਜੇ ਵੀ ਲਾਪਤਾ ਹਨ। ਲਾਪਤਾ ਕਾਮਿਆਂ ਵਿਚ ਗੁਆਟੇਮਾਲਾ, ਹੋਂਡੂਰਾਸ ਅਤੇ ਮੈਕਸੀਕੋ ਦੇ ਨਾਗਰਿਕ ਸ਼ਾਮਲ ਹਨ। ਪੂਰੇ ਦਿਨ ਦੇ ਤਲਾਸ਼ੀ ਅਤੇ ਬਚਾਅ ਕਾਰਜਾਂ ਤੋਂ ਬਾਅਦ, ਯੂਐਸ ਕੋਸਟ ਗਾਰਡ ਦੇ ਰੀਅਰ ਐਡਮਿਰਲ ਸ਼ੈਨਨ ਗਿਲਰੇਥ ਨੇ ਕਿਹਾ ਕਿ ਫੋਰਸ ਮੁਹਿੰਮ ਨੂੰ ਮੁਅੱਤਲ ਕਰ ਰਹੀ ਹੈ ਕਿਉਂਕਿ ਬਾਕੀ ਮੁਲਾਜ਼ਮਾਂ ਦੇ ਜ਼ਿੰਦਾ ਮਿਲਣ ਦੀ ਸੰਭਾਵਨਾ ਨਹੀਂ ਹੈ। ਤੱਟ ਰੱਖਿਅਕ ਬਲ ਨੇ ਮੰਗਲਵਾਰ ਨੂੰ ਸਥਾਨਕ ਸਮੇਂ ਅਨੁਸਾਰ ਸ਼ਾਮ 7:30 ਵਜੇ ਅਪਣਾ ਤਲਾਸ਼ੀ ਅਤੇ ਬਚਾਅ ਕਾਰਜ ਮੁਲਤਵੀ ਕਰ ਦਿਤਾ।

ਇਹ ਜਹਾਜ਼ ਗ੍ਰੇਸ ਓਸ਼ਨ ਪ੍ਰਾਈਵੇਟ ਲਿਮਟਿਡ ਦੀ ਮਲਕੀਅਤ ਹੈ। ਇਹ ਜਹਾਜ਼ ਬਾਲਟੀਮੋਰ ਤੋਂ ਕੋਲੰਬੋ ਜਾ ਰਿਹਾ ਸੀ। ਬਾਲਟੀਮੋਰ ਦੀ ਬੰਦਰਗਾਹ ਦੇਸ਼ ਦੇ ਸੱਭ ਤੋਂ ਵੱਡੇ ਸ਼ਿਪਿੰਗ ਕੇਂਦਰਾਂ 'ਚੋਂ ਇਕ ਹੈ. ਇਹ ਪੁਲ 1977 'ਚ ਖੋਲ੍ਹਿਆ ਗਿਆ ਸੀ ਅਤੇ ਪਾਟਾਸਕੋ ਨਦੀ 'ਤੇ ਬਣਾਇਆ ਗਿਆ ਹੈ ਜੋ ਇਕ ਮਹੱਤਵਪੂਰਨ ਜਲ ਮਾਰਗ ਹੈ। ਮੈਰੀਲੈਂਡ ਜ਼ਿਲ੍ਹੇ ਦੇ ਅਮਰੀਕੀ ਅਟਾਰਨੀ ਏਰੇਕ ਬੈਰਨ ਨੇ ਕਿਹਾ ਕਿ ਪੁਲ ਦੇ ਡਿੱਗਣ ਨਾਲ ਅਤਿਵਾਦ ਦੇ ਸਬੰਧ ਦਾ ਕੋਈ ਸਬੂਤ ਨਹੀਂ ਹੈ।

ਇਮਰਾਨ ਖਾਨ ਦੀ ਪਾਰਟੀ ਨੂੰ ਕਾਨੂੰਨ ਮੁਤਾਬਕ ਰੈਲੀ ਕਰਨ ਦੀ ਇਜਾਜ਼ਤ ਦਿੱਤੀ ਜਾਵੇ: ਹਾਈ ਕੋਰਟ

ਇਸਲਾਮਾਬਾਦ : ਪਾਕਿਸਤਾਨ ਦੀ ਹਾਈ ਕੋਰਟ ਨੇ ਜੇਲ੍ਹ ਵਿਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ. ਟੀ. ਆਈ.) ਦੀ ਇਸਲਾਮਾਬਾਦ ਵਿਚ ਰੈਲੀ ਕਰਨ ਦੀ ਬੇਨਤੀ ਸਬੰਧੀ ਪਟੀਸ਼ਨ ਨੂੰ ਸਵੀਕਾਰ ਕਰ ਲਿਆ ਅਤੇ ਅਧਿਕਾਰੀਆਂ ਨੂੰ ਹੁਕਮ ਦਿੱਤਾ ਕਿ ਪਾਰਟੀ ਨੂੰ ਕਾਨੂੰਨ ਤਹਿਤ ਆਪਣੀ ਰੈਲੀ ਦਾ ਆਯੋਜਨ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਇਸਲਾਮਾਬਾਦ ਹਾਈ ਕੋਰਟ (983) ਨੇ ਪੀ.ਟੀ.ਆਈ. ਦੀ ਪਟੀਸ਼ਨ 'ਤੇ ਸੁਣਵਾਈ ਕੀਤੀ ਅਤੇ ਇਹ ਹੁਕਮ ਦਿੱਤਾ। ਪਾਰਟੀ ਪਹਿਲਾਂ 23 ਜਾਂ 30 ਮਾਰਚ ਨੂੰ ਰੈਲੀ ਕਰਨਾ ਚਾਹੁੰਦੀ ਸੀ ਪਰ ਬਾਅਦ ਵਿਚ 6 ਅਪ੍ਰੈਲ ਤੈਅ ਕੀਤੀ ਗਈ।

ਰਾਜਧਾਨੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੁਰੱਖਿਆ ਕਾਰਨਾਂ ਕਰਕੇ ਰੈਲੀ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰਨ ਤੋਂ ਬਾਅਦ ਪਾਰਟੀ ਨੇ ਅਦਾਲਤ ਤੱਕ ਪਹੁੰਚ ਕੀਤੀ ਸੀ। ਇਸਲਾਮਾਬਾਦ ਹਾਈ ਕੋਰਟ ਦੇ ਚੀਫ਼ ਜਸਟਿਸ ਆਮਿਰ ਫਾਰੂਕ ਨੇ ਦਲੀਲਾਂ ਸੁਣਨ ਤੋਂ ਬਾਅਦ ਪੀ.ਟੀ.ਆਈ. ਨੂੰ ਰਾਹਤ ਦਿੱਤੀ। ਪੀ.ਟੀ.ਆਈ. ਦੇ ਵਕੀਲ ਸ਼ੇਰ ਅਫਜ਼ਲ ਮਾਰਵਤ ਨੇ ਕਿਹਾ ਕਿ ਪਾਰਟੀ 6 ਅਪ੍ਰੈਲ ਨੂੰ ਇਕ ਰੈਲੀ ਕਰਨਾ ਚਾਹੁੰਦੀ ਸੀ, ਜਿਸ 'ਤੇ ਜਸਟਿਸ ਫਾਰੂਕ ਨੇ ਕਿਹਾ ਕਿ ਪਾਰਟੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਰੈਲੀ ਦੌਰਾਨ ÷ਕੋਈ ਦੰਗਾ÷ ਨਾ ਹੋਵੇ। ਮਾਰਵਤ ਨੇ ਅਦਾਲਤ ਨੂੰ ਭਰੋਸਾ ਦਿੱਤਾ, "ਅਸੀਂ ਤਿਆਰ ਹਾਂ ਅਤੇ ਸਾਰੀਆਂ ਸ਼ਰਤਾਂ ਮੰਨਾਂਗੇ।" ਪਾਕਿਸਤਾਨ 'ਚ 8 ਫਰਵਰੀ ਨੂੰ ਹੋਣ ਵਾਲੀਆਂ ਆਮ ਚੋਣਾਂ ਤੋਂ ਬਾਅਦ 'ਪੀ.ਟੀ.ਆਈ.' ਦੀ ਇਹ ਪਹਿਲੀ ਵੱਡੀ ਸਿਆਸੀ ਸਭਾ ਹੋਵੇਗੀ। ਪੀ.ਟੀ.ਆਈ. ਨੇ ਦੋਸ਼ ਲਾਇਆ ਸੀ ਕਿ ਚੋਣਾਂ ਵਿੱਚ ਧਾਂਦਲੀ ਹੋਈ ਹੈ।

ਲੱਦਾਖ: ਫੌਜੀ ਜਵਾਨ ਦੀ ਭੇਤ-ਭਰੀ ਹਾਲਤ 'ਚ ਮੌਤ

ਨੂਰਪੁਰ ਬੇਦੀ : ਪਿੰਡ ਹੀਰਪੁਰ ਵਾਸੀ ਪੰਜਾਬ ਰੈਂਜੀਮੈਂਟ ਦੇ ਸਿਪਾਹੀ ਸੁਖਵਿੰਦਰ ਸਿੰਘ ਦੀ ਲੱਦਾਖ ਵਿੱਚ ਭੇਤਭਰੀ ਹਾਲਤ ਵਿੱਚ ਮੌਤ ਹੋ ਗਈ। ਅੱਜ ਫੌਜੀ ਜਵਾਨਾਂ ਦੀ ਟੁਕੜੀ ਮ੍ਰਿਤਕ ਸੁਖਵਿੰਦਰ ਸਿੰਘ ਦੀ ਦੇਹ ਲੈ ਕੇ ਜਦੋਂ ਬਲਾਕ ਦੇ ਪਿੰਡ ਸਿੰਘਪੁਰ ਕੋਲ ਪੁੱਜੀ ਤਾਂ ਕੁਝ ਮੋਹਤਬਰਾਂ ਨੂੰ ਲੈ ਕੇ ਪਰਿਵਾਰਕ ਮੈਂਬਰ ਉਥੇ ਪਹੁੰਚ ਗਏ। ਉਨ੍ਹਾਂ ਆਪਣੇ ਪੁੱਤਰ ਦੀ ਮੌਤ ਦਾ ਕਾਰਨ ਜਾਣਨਾ ਚਾਹਿਆ। ਫੌਜੀ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਦੇ ਪੁੱਤਰ ਨੇ ਖੁਦਕੁਸ਼ੀ ਕੀਤੀ ਹੈ। ਪਰਿਵਾਰਕ ਮੈਂਬਰਾਂ ਨੇ ਖੁਦਕੁਸ਼ੀ ਵੇਲੇ ਦੀਆਂ ਫੋਟੋਆਂ ਤੇ ਵੀਡੀਓ ਦਿਖਾਉਣ ਲਈ ਕਿਹਾ ਤਾਂ ਅਧਿਕਾਰੀ ਕੋਈ ਵੀ ਸਬੂਤ ਨਾ ਦੇ ਸਕੇ। ਰੋਹ ਵਿੱਚ ਆਏ ਲੋਕਾਂ ਨੇ ਆਵਾਜਾਈ ਜਾਮ ਕਰ ਦਿੱਤੀ। ਪਰਿਵਾਰਕ ਮੈਂਬਰਾਂ ਦੀ ਮੰਗ ਸੀ ਕਿ ਉਨ੍ਹਾਂ ਦੇ ਪੁੱਤਰ ਦੀ ਮੌਤ ਦੇ ਅਸਲੀ ਕਾਰਨ ਦੱਸੇ ਜਾਣ। ਇਹ ਵੀ ਪਤਾ ਲੱਗਿਆ ਹੈ ਕਿ ਮ੍ਰਿਤਕ ਦੇ ਪਿਤਾ ਨਾ ਨਾਮ ਵੀ ਮੰਗਲ ਸਿੰਘ ਦੀ ਥਾਂ ਰਾਮਪਾਲ ਲਿਖਿਆ ਸੀ।

ਇਲਾਕੇ ਦੀਆਂ ਸਮਾਜ ਸੇਵੀ ਜਥੇਬੰਦੀਆਂ ਫੌਜੀ ਜਵਾਨ ਦੇ ਪਰਿਵਾਰਕ ਮੈਂਬਰਾਂ ਦੀ ਹਮਾਇਤ 'ਤੇ ਆ ਗਈਆਂ। ਲੋਕਾਂ ਦੇ ਰੋਹ ਨੂੰ ਦੇਖਦਿਆਂ ਫੌਜੀ ਜਵਾਨਾਂ ਨੇ ਦੇਹ ਨੂੰ ਚੰਡੀਮੰਦਰ ਲਿਜਾਣਾ ਹੀ ਬਿਹਤਰ ਸਮਝਿਆ। ਜ਼ਿਕਰਯੋਗ ਹੈ ਕਿ 24 ਮਾਰਚ ਨੂੰ ਸੁਖਵਿੰਦਰ ਸਿੰਘ ਨਾਲ ਉਸ ਦੇ ਪਿਤਾ ਮੰਗਲ ਸਿੰਘ ਤੇ ਮਾਤਾ ਰਾਜਿੰਦਰ ਕੌਰ ਦੀ ਗੱਲ ਹੋਈ ਸੀ ਤੇ ਅੱਧੇ ਘੰਟੇ ਬਾਅਦ ਉਨ੍ਹਾਂ ਦੇ ਪੁੱਤਰ ਦੀ ਮੌਤ ਦੀ ਖ਼ਬਰ ਆ ਗਈ ਜੋ ਸ਼ੰਕੇ ਪੈਦਾ ਕਰਦੀ ਹੈ। ਸਮਾਜ ਸੇਵੀ ਗੌਰਵ ਰਾਣਾ, ਮਾਸਟਰ ਗੁਰਨਾਇਬ ਸਿੰਘ ਜੇਤੇਵਾਲ ਨੇ ਕਿਹਾ ਕਿ ਜੇ ਜ਼ਿਲ੍ਹਾ ਪ੍ਰਸ਼ਾਸਨ ਨੇ ਕੋਈ ਹੱਲ ਨਾ ਕੀਤਾ ਤਾਂ 27 ਮਾਰਚ ਨੂੰ 10 ਵਜੇ ਤੋਂ ਬਾਅਦ ਮ੍ਰਿਤਕ ਸੁਖਵਿੰਦਰ ਸਿੰਘ ਦੇ ਪਰਿਵਾਰ ਨੂੰ ਲੈ ਕੇ ਕੋਈ ਵੱਡਾ ਐਕਸ਼ਨ ਲਿਆ ਜਾਵੇਗਾ।

‘ਆਪ’ ਵੱਲੋਂ ਸੁਸ਼ੀਲ ਕੁਮਾਰ ਰਿੰਕੂ ਤੇ ਸ਼ੀਤਲ ਅੰਗੁਰਾਲ ਗੱਦਾਰ ਕਰਾਰ

ਜਲੰਧਰ ਦੇ ਲੋਕ ਗੱਦਾਰ ਦਾ ਸਾਥ ਨਹੀਂ ਦੇਣਗੇ: ਮਾਨ

ਚੰਡੀਗੜ੍ਹ : ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਜਲੰਧਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਐਲਾਨੇ ਸੁਸ਼ੀਲ ਕੁਮਾਰ ਰਿੰਕੂ ਤੇ ਵਿਧਾਇਕ ਸ਼ੀਤਲ ਅੰਗੁਰਾਲ ਨੂੰ ਭਾਜਪਾ ਵਿੱਚ ਸ਼ਾਮਲ ਹੋਣ ’ਤੇ ਗੱਦਾਰ ਕਰਾਰ ਦਿੱਤਾ ਹੈ। ‘ਆਪ’ ਨੇ ਕਿਹਾ ਕਿ ਦੋਵਾਂ ਆਗੂਆਂ ਨੂੰ ਲੋਕਾਂ ਨੇ ਇਸ ਲਈ ਚੁਣਿਆ ਸੀ ਕਿਉਂਕਿ ਉਹ ‘ਆਪ’ ਦੀਆਂ ਟਿਕਟਾਂ ’ਤੇ ਚੋਣ ਮੈਦਾਨ ਵਿੱਚ ਉਤਰੇ ਸਨ, ਪਰ ਹੁਣ ਉਹ ਜਲੰਧਰ ਦੇ ਲੋਕਾਂ ਅਤੇ ਉਨ੍ਹਾਂ ਦੇ ਭਰੋਸੇ ਨਾਲ ਧੋਖਾ ਕਰ ਰਹੇ ਹਨ। ‘ਆਪ’ ਪੰਜਾਬ ਦੇ ਪ੍ਰਧਾਨ ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਕਸ ’ਤੇ ਕਿਹਾ ਕਿ ‘ਆਪਣੇ ਵੱਲੋਂ ਤਾਂ ਦਰਿਆ ਵੱਡੇ ਘਰ ਜਾਂਦਾ ਹੈ ਪਰ ਵਿੱਚ ਸਮੁੰਦਰ ਜਾ ਕੇ ਓਹ ਮਰ ਜਾਂਦਾ ਹੈ, ਗਰਦਨ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ, ਬੇਸ਼ਰਮਾਂ ਦਾ ਤਾਂ ਨੀਵੀਂ ਪਾ ਕੇ ਵੀ ਸਰ ਜਾਂਦਾ ਹੈ’। ਉਨ੍ਹਾਂ ਕਿਹਾ ਕਿ ਉਹ ਪੰਜਾਬ ਦੀ ਗਰਦਨ ਮਾਣ ਨਾਲ ਹਮੇਸ਼ਾ ਉੱਚੀ ਰੱਖਣਗੇ। ਉਨ੍ਹਾਂ ਨੇ ‘ਆਪ’ ਛੱਡ ਕੇ ਵੱਡੀ ਸਿਆਸੀ ਪਾਰਟੀ ’ਚ ਸ਼ਾਮਲ ਹੋਣ ਵਾਲੇ ਆਗੂਆਂ ’ਤੇ ਤਨਜ਼ ਕੱਸਦਿਆਂ ਕਿਹਾ ਕਿ ਅਸੀਂ ਪੰਜਾਬ ਦੀ ਆਨ ਤੇ ਸ਼ਾਨ ਦੀ ਰਾਖੀ ਲਈ ਹਮੇਸ਼ਾ ਵਚਨਬੱਧ ਹਨ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਕਦੇ ਵੀ ਕਿਸੇ ਗੱਦਾਰ ਦਾ ਸਾਥ ਨਹੀਂ ਦਿੱਤਾ ਅਤੇ ਪੰਜਾਬ ਦੇ ਲੋਕ ਅਗਾਮੀ ਲੋਕ ਸਭਾ ਚੋਣਾਂ ਵਿੱਚ ਵੀ ‘ਆਪ’ ਨੂੰ ਵੋਟ ਪਾ ਕੇ ਕਾਮਯਾਬ ਕਰਨਗੇ।

ਜੇਲ੍ਹ ਤੋਂ ਨਹੀਂ ਚੱਲੇਗੀ ਦਿੱਲੀ ਸਰਕਾਰ : ਉਪ ਰਾਜਪਾਲ

ਨਵੀਂ ਦਿੱਲੀ : ਦਿੱਲੀ ਦੇ ਉਪ ਰਾਜਪਾਲ ਵੀ. ਕੇ. ਸਕਸੈਨਾ ਨੇ ਸਪਸ਼ਟ ਕਰ ਦਿੱਤਾ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਜੇਲ੍ਹ ’ਚੋਂ ਸਰਕਾਰ ਨਹੀਂ ਚਲਾ ਸਕਦੇ। ਬੀਤੇ ਦਿਨੀਂ ਈ.ਡੀ. ਵਲੋਂ ਗ੍ਰਿਫ਼ਤਾਰ ਕੀਤੇ ਮੁੱਖ ਮੰਤਰੀ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਨੇ ਅਸਤੀਫ਼ੇ ਤੋਂ ਇਨਕਾਰ ਕਰਦੇ ਹੋਏ ਕਿਹਾ ਸੀ ਕਿ ਉਹ ਜੇਲ੍ਹ ਤੋਂ ਹੀ ਸਰਕਾਰ ਚਲਾਉਣਗੇ । ਪਰ ਹੁਣ ਉਪ ਰਾਜਪਾਲ ਦੇ ਜਵਾਬ ਤੋਂ ਬਾਅਦ ਦਿੱਲੀ ਸਰਕਾਰ ਤੇ ਰਾਜ ਭਵਨ ਵਿਚਕਾਰ ਇਕ ਵਾਰ ਫਿਰ ਤਕਰਾਰਬਾਜ਼ੀ ਵੇਖਣ ਨੂੰ ਮਿਲ ਸਕਦੀ ਹੈ । ਮੌਜੂਦਾ ਹਾਲਾਤ ਦੇ ਮੱਦੇਨਜ਼ਰ ਇਹ ਵੇਖਣਾ ਵੀ ਦਿਲਚਸਪ ਹੋਵੇਗਾ ਕਿ ਹੁਣ ਸਰਕਾਰ ਦਾ ਕੰਮਕਾਜ ਕਿਸ ਤਰ੍ਹਾਂ ਅੱਗੇ ਵਧੇਗਾ। ਅੱਜ ਇੱਕ ਸਮਾਗਮ ਦੌਰਾਨ ਜਦੋਂ ਉਪ ਰਾਜਪਾਲ ਕੋਲੋਂ ਇਹ ਪੁੱਛਿਆ ਗਿਆ ਕਿ ਕੀ ਹੁਣ ਦਿੱਲੀ ਸਰਕਾਰ ਜੇਲ੍ਹ ’ਚੋਂ ਚੱਲੇਗੀ? ਇਸ ਦੇ ਜਵਾਬ ਵਿਚ ਉਪ ਰਾਜਪਾਲ ਨੇ ਕਿਹਾ ਕਿ ਉਹ ਦਿੱਲੀ ਦੇ ਲੋਕਾਂ ਨੂੰ ਭਰੋਸਾ ਦਿਵਾਉਂਦੇ ਹਨ ਕਿ ਸਰਕਾਰ ਜੇਲ੍ਹ ਤੋਂ ਨਹੀਂ ਚੱਲੇਗੀ। ਦੱਸਣਯੋਗ ਹੈ ਕਿ 21 ਮਾਰਚ ਨੂੰ ਗ੍ਰਿਫ਼ਤਾਰ ਕੀਤੇ ਗਏ ਕੇਜਰੀਵਾਲ ਨੇ ਕਿਹਾ ਸੀ ਕਿ ਉਹ ਅਸਤੀਫ਼ਾ ਨਹੀਂ ਦੇਣਗੇ ਅਤੇ ਜੇਲ੍ਹ ’ਚੋਂ ਹੀ ਸਰਕਾਰ ਚਲਾਉਣਗੇ। ਇਸ ਦਿਸ਼ਾ ਵਿਚ ਕਦਮ ਵਧਾਉਂਦੇ ਹੋਏ ਉਨ੍ਹਾਂ ਨੇ ਈ.ਡੀ. ਹਿਰਾਸਤ ਦੌਰਾਨ ਜਲ ਅਤੇ ਸਿਹਤ ਵਿਭਾਗ ਦੇ ਲਈ 2 ਨਿਰਦੇਸ਼ ਵੀ ਜਾਰੀ ਕੀਤੇ ਸਨ। ਹਾਲਾਂਕਿ ਭਾਜਪਾ ਨੇ ਇਸ ਸੰਬੰਧੀ ਐਲ.ਜੀ. ਕੋਲ ਸ਼ਿਕਾਇਤ ਕਰਦਿਆਂ ਨਿਰਦੇਸ਼ਾਂ ਨੂੰ ਫ਼ਰਜ਼ੀ ਕਰਾਰ ਦਿੱਤਾ। ਈ.ਡੀ. ਸੂਤਰਾਂ ਮੁਤਾਬਿਕ ਕੇਜਰੀਵਾਲ ਨੂੰ ਹਿਰਾਸਤ ਵਿਚ ਕਿਸੀ ਵੀ ਫਾਈਲ ’ਤੇ ਦਸਤਖ਼ਤ ਕਰਨ ਦੀ ਇਜਾਜ਼ਤ ਨਹੀਂ ਹੈ। ਕਾਨੂੰਨੀ ਮਾਹਿਰਾਂ ਮੁਤਾਬਿਕ ਜੇਕਰ ਉਪ ਰਾਜਪਾਲ ਚਾਹੁੰਣ ਤਾਂ ਉਹ ਕਿਸੇ ਵੀ ਇਮਾਰਤ ਨੂੰ ਜੇਲ੍ਹ ਐਲਾਨ ਸਕਦੇ ਹਨ ਅਤੇ ਉਥੇ ਕੇਜਰੀਵਾਲ ਨੂੰ ਰੱਖਿਆ ਜਾ ਸਕਦਾ ਹੈ ਅਤੇ ਕੇਜਰੀਵਾਲ ਉਥੋਂ ਦਾ ਸਰਕਾਰੀ ਕੰਮਕਾਜ ਵੀ ਵੇਖ ਸਕਦੇ ਹਨ। ਪਰ ਅਜਿਹਾ ਤਦ ਹੀ ਸੰਭਵ ਹੈ ਜੇਕਰ ਉਪ ਰਾਜਪਾਲ ਇਸ ਬਾਰੇ ਮਨਜ਼ੂਰੀ ਦੇਣ, ਜਦਕਿ ਉਪ ਰਾਜਪਾਲ ਨੇ ਸਪਸ਼ਟ ਕਰ ਦਿੱਤਾ ਹੈ ਕਿ ਜੇਲ੍ਹ ’ਚੋਂ ਸਰਕਾਰ ਨਹੀਂ ਚੱਲੇਗੀ।

ਥਿੰਫੂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕੀਤਾ ਨਿੱਘਾ ਸਵਾਗਤ

ਬੀਹੂ ਨਾਮ, ਨੱਚ ਅਤੇ ਢੋਲ ਦੀ ਸੱਤ ਰੋਜ਼ਾ ਵਰਕਸ਼ਾਪ ’ਚ ਬੱਚਿਆਂ ਨੇ ਲਿਆ ਭਾਗ

ਗੁਹਾਟੀ: ਸੱਭਿਆਚਾਰਕ ਮੰਤਰਾਲੇ ਦੇ ਸੰਗੀਤ ਨਾਟਕ ਅਕੈਡਮੀ ਨਵੀਂ ਦਿੱਲੀ ਦੇ ਸਹਿਯੋਗ ਨਾਲ ਉੱਤਰ ਪੂਰਬੀ ਜ਼ੋਨ ਕਲਚਰਲ ਸੈਂਟਰ, ਦੀਮਾਪੁਰ ਦੁਆਰਾ ਆਯੋਜਿਤ ਸਿਲਪਗ੍ਰਾਮ ਕੰਪਲੈਕਸ ਵਿਖੇ ਬੀਹੂ ਨਾਮ, ਨੱਚ ਅਤੇ ਢੋਲ ’ਤੇ ਸੱਤ ਰੋਜ਼ਾ ਵਰਕਸ਼ਾਪ ਦੇ ਸਮਾਪਤੀ ਸਮਾਰੋਹ ਵਿੱਚ ਭਾਗ ਲੈਣ ਵਾਲੇ ਬੱਚੇ।

ਬਠਿੰਡਾ ’ਚ ਭਾਜਪਾ ਦੀ ਮੀਟਿੰਗ ਦਾ ਕਿਸਾਨਾਂ ਵੱਲੋਂ ਤਿੱਖਾ ਵਿਰੋਧ

ਬਠਿੰਡਾ : ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਤ ਕਿਸਾਨ ਧਿਰਾਂ ਨੇ ਅੱਜ ਇਥੇ ਭਾਜਪਾ ਵਰਕਰਾਂ ਦੀ ਮੀਟਿੰਗ ਵਾਲੀ ਥਾਂ ਦੇ ਨੇੜੇ ਕਾਲੀਆਂ ਝੰਡੀਆਂ ਨਾਲ ਰੋਸ ਪ੍ਰਦਰਸ਼ਨ ਕੀਤਾ। ਮੀਟਿੰਗ ਵਾਲੀ ਥਾਂ ’ਤੇ ਜੁੜੇ ਸੈਂਕੜੇ ਕਿਸਾਨਾਂ ਨੇ ਭਾਜਪਾ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਕਿਹਾ ‘ਤੁਸੀਂ ਸਾਨੂੰ ਦਿੱਲੀ ਨਹੀਂ ਜਾਣ ਦਿੰਦੇ, ਅਸੀਂ ਤੁਹਾਨੂੰ ਪੰਜਾਬ ’ਚ ਨਹੀਂ ਵੜਨ ਦਿਆਂਗੇ।’

ਪਾਰਲੀਮਾਨੀ ਚੋਣਾਂ ਦੇ ਸਬੰਧ ’ਚ ਭਾਜਪਾ ਵੱਲੋਂ ਇਥੇ ਵਰਕਰਾਂ ਦੀ ਮੀਟਿੰਗ ਰੱਖੀ ਸੀ। ਮੀਟਿੰਗ ’ਚ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਸਮੇਤ ਹੋਰ ਕਈ ਆਗੂਆਂ ਨੇ ਸ਼ਿਰਕਤ ਕਰਨੀ ਸੀ ਪਰ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਕਿਸਾਨ ਵਿਰੋਧ ਲਈ ਟਰੈਕਟਰਾਂ-ਟਰਾਲੀਆਂ ਰਾਹੀਂ ਉਥੇ ਪਹੁੰਚ ਗਏ। ਕਿਸਾਨਾਂ ਵੱਲੋਂ ਅਚਾਨਕ ਅਪਣਾਏ ਗਏ ਇਸ ਰੁਖ਼ ਨਾਲ ਇੱਕ ਵਾਰ ਤਾਂ ਪੁਲੀਸ ਨੂੰ ਹੱਥਾਂ-ਪੈਰਾਂ ਦੀ ਪੈ ਗਈ ਸੀ ਪਰ ਥੋੜੀ ਦੇਰ ’ਚ ਹੋਰ ਪੁਲੀਸ ਨਫ਼ਰੀ ਮੌਕੇ ’ਤੇ ਪਹੁੰਚ ਗਈ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ, ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਆਗੂ ਅਮਰਜੀਤ ਸਿੰਘ ਹਨੀ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਜਗਤਾਰ ਸਿੰਘ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸਵਰਨ ਸਿੰਘ ਪੂਹਲੀ ਨੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ 14 ਮਾਰਚ ਨੂੰ ਦਿੱਲੀ ’ਚ ਹੋਈ ਮਹਾਪੰਚਾਇਤ ਦੌਰਾਨ ਪੂਰੇ ਮੁਲਕ ’ਚ ਭਾਜਪਾ ਦੇ ਵਿਰੋਧ ਦਾ ਫ਼ੈਸਲਾ ਹੋਇਆ ਸੀ। ਉਨ੍ਹਾਂ ਕਿਹਾ ਕਿ ਬਠਿੰਡਾ ’ਚ ਵਿਰੋਧ ਨਾਲ ਇਸ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ ਅਤੇ ਆਉਂਦੇ ਦਿਨਾਂ ’ਚ ਹਰ ਪਾਸੇ ਵਿਰੋਧ ਦਿਖਾਈ ਦੇਵੇਗਾ। ਆਗੂਆਂ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪਿਛਲੇ ਦਸ ਸਾਲਾਂ ਦੌਰਾਨ ਕੇਂਦਰ ਸਰਕਾਰ ਵੱਲੋਂ ਪੂਰੇ ਮੁਲਕ ਅੰਦਰ ਤਾਨਾਸ਼ਾਹੀ ਵਾਲਾ ਮਾਹੌਲ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰੀ ਹਕੂਮਤ ਵੱਲੋਂ ਕਿਰਤੀ ਜਮਾਤ ਖ਼ਿਲਾਫ਼ ਨੀਤੀਆਂ ਲਾਗੂ ਕਰਨ, ਹੱਕ ਮੰਗਦੇ ਲੋਕਾਂ ’ਤੇ ਜਬਰ ਢਾਹੁਣ ਅਤੇ ਲੋਕਾਂ ਦੇ ਜਮਹੂਰੀ ਹੱਕ ’ਤੇ ਡਾਕੇ ਮਾਰਨਾ ਭਾਜਪਾ ਸਰਕਾਰ ਦਾ ਤਰਜੀਹੀ ਏਜੰਡਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੀਆਂ ਹੱਦਾਂ ’ਤੇ ਸਵਾ ਸਾਲ ਚੱਲੇ ਅੰਦੋਲਨ ਦੌਰਾਨ ਮੰਨੀਆਂ ਹੋਈਆਂ ਕਿਸਾਨੀ ਮੰਗਾਂ ਨੂੰ ਕੇਂਦਰ ਸਰਕਾਰ ਨੇ ਲਾਗੂ ਨਾ ਕਰਕੇ ਵੱਡੀ ਵਾਅਦਾਖ਼ਿਲਾਫ਼ੀ ਕੀਤੀ ਹੈ।

ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਸ਼ਰਧਾ ਨਾਲ ਮਨਾਇਆ ਗਿਆ ਹੋਲੇ ਮਹੱਲਾ ਦਾ ਤਿਉਹਾਰ

ਸਿਲੀਕੋਨ ਵੈਲੀ ਕੈਲੀਫੋਰਨੀਆ : ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਪਵਿੱਤਰ ਹੋਲੇ ਮਹੱਲੇ ਦਾ ਤਿਉਹਾਰ ਸ਼ਰਧਾ ਅਤੇ ਸੇਵਾ ਨਾਲ ਮਨਾਇਆ ਗਿਆ। ਜਿਸ ਵਿਚ ਸੰਗਤਾਂ ਨੇ ਜਿਥੇ ਤਿੰਨ ਦਿਨ ਸੇਵਾ ਕੀਤੀ, ਉਥੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵਲੋਂ ਬੱਚਿਆਂ ਨੂੰ ਗੱਤਕੇ ਦੀ ਟ੍ਰੇਨਿੰਗ ਦਿੱਤੀ ਗਈ। ਇਥੇ ਜ਼ਿਕਰਯੋਗ ਹੈ ਕਿ ਹੋਲਾ ਮਹੱਲਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਲਮਾਂ ਤੋਂ ਮਨੁੱਖਤਾ ਦੀ ਰਾਖੀ ਲਈ ਗੱਤਕਾ ਸ਼ੁਰੂ ਕੀਤਾ ਗਿਆ ਸੀ। ਜਿਸ ਵਿਚ ਘੋੜ ਸਵਾਰੀ, ਨੇਜ਼ੇ, ਤੀਰ ਅੰਦਾਜ਼ੀ ਜੰਗ ਦੇ ਮੈਦਾਨ ਵਿਚ ਜੂਝਣ ਸਮੇਂ ਵਰਤੇ ਜਾਣ ਲਈ ਖਾਲਸੇ ਨੂੰ ਤਿਆਰ ਬਰ ਤਿਆਰ ਕੀਤਾ ਸੀ। ਅੱਜ ਵੀ ਪੂਰੀ ਦੁਨੀਆ ਦੇ ਵਿਚ ਨਾਨਕ ਨਾਮ ਲੇਵਾ ਹੋਲੇ ਮਹੱਲਾ 'ਤੇ ਗੱਤਕੇ ਦੇ ਜੌਹਰ ਦਿਖਾਉਂਦਾ ਹੈ ਅਤੇ ਸਮੁੱਚੀ ਮਾਨਵਤਾ ਦੀ ਸੇਵਾ ਕਰਦਾ ਹੈ। ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਹੋਲੇ ਮਹੱਲੇ ਦਾ ਤਿਉਹਾਰ ਸ਼ਰਧਾ ਅਤੇ ਸੇਵਾ ਭਾਵਨਾ ਨਾਲ ਮਨਾਇਆ ਗਿਆ। ਇਸ ਸਮੇਂ ਸਮੂਹ ਸੰਗਤਾਂ ਦੇ ਨਾਲ-ਨਾਲ ਇਨ੍ਹਾਂ ਸੇਵਾਦਾਰਾਂ ਨੇ ਅਥਾਹ ਸੇਵਾ ਕੀਤੀ ਜਿਨ੍ਹਾਂ ਵਿਚ ਸ੍ਰ. ਬਲਕਾਰ ਸਿੰਘ, ਸ੍ਰ. ਪਰਦੁਮਨ ਸਿੰਘ, ਸ੍ਰ. ਗੁਰਪ੍ਰੀਤ ਸਿੰਘ, ਸ੍ਰੀਮਤੀ ਹਰਮਿੰਦਰ ਕੌਰ, ਸ੍ਰ. ਅਮਰਜੀਤ ਸਿੰਘ, ਸ੍ਰ. ਦੀਦਾਰ ਸਿੰਘ, ਸ੍ਰ. ਬੂਟਾ ਸਿੰਘ, ਸ੍ਰ. ਬਲਦੇਵ ਸਿੰਘ, ਸ੍ਰ. ਸੁਖਵਿੰਦਰ ਸਿੰਘ, ਬਾਬਾ

ਇਤਿਹਾਸ ਜਿਨ੍ਹਾਂ ਨੇ ਸਿਰਜਿਆ ਪਾ ਰਤੜਾ ਚੋਲਾ ਲੋਕ ਮਨਾਉਂਦੇ ਹੋਲੀਆਂ ਸਿੰਘ ਖੇਡਣ ਹੋਲਾ

ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਸ਼ਰਧਾ ਨਾਲ ਮਨਾਇਆ ਗਿਆ ਹੋਲੇ ਮਹੱਲਾ ਦਾ ਤਿਉਹਾਰ



ਅਮੀਰ ਸਿੰਘ, ਬਾਬਾ ਜੀਵਨਜੋਤ ਸਿੰਘ, ਬਾਬਾ ਦਵਿੰਦਰ ਸਿੰਘ, ਬਾਬਾ ਬਲਵਿੰਦਰ ਸਿੰਘ, ਬਾਬਾ ਜੋਤਸਰੂਪ ਸਿੰਘ, ਬੀਬੀ ਜਸਵੀਰ ਕੌਰ, ਬੀਬੀ ਗੁਰਿੰਦਰ ਕੌਰ, ਬੀਬੀ ਕੁਲਵਿੰਦਰ ਕੌਰ ਅਤੇ ਖ਼ਾਲਸਾ ਸਕੂਲ ਦੇ ਸਮੂੰਹ ਬੱਚੇ, ਸਟਾਪ ਅਤੇ ਮਾਪਿਆਂ ਨੇ ਰਲ ਕੇ ਸੇਵਾ ਕੀਤੀ।



ਖਾਲਿਸਤਾਨੀ ਲਹਿਰ ਇੱਕ ਵੱਖਰੀ ਨਜ਼ਰ ਤੋਂ

ਖਾਲਿਸਤਾਨ ਲਹਿਰ ਭਾਰਤ ਤੋਂ ਵੱਖ ਹੋਣ ਦੀ ਇੱਕ ਵੱਖਰੇ ਸਿੱਖ ਰਾਜ ਦੀ ਆਪਣੀ ਆਵਾਜ਼ ਦੀ ਮੰਗ ਲਈ ਸੁਰਖੀਆਂ ਵਿੱਚ ਹੈ। ਭਾਰਤ ਦੇ ਪੰਜਾਬ ਖੇਤਰ ਵਿੱਚ ਇੱਕ ਸੁਤੰਤਰ ਰਾਜ ਲਈ ਵੱਖਵਾਦੀ ਸਿੱਖਾਂ ਵਿੱਚ ਇੱਕ ਸਵੈ-ਨਿਰਣੇ ਲਈ ਸਿੱਖਾਂ ਦੀਆਂ ਇੱਛਾਵਾਂ ਦੀ ਪ੍ਰਤੀਨਿਧਤਾ ਕਰਨ ਦਾ ਦਾਅਵਾ ਕਰਦਾ ਹੈ।

ਫਿਰ ਵੀ ਇਹਨਾਂ ਦਾਅਵਿਆਂ ਦੀ ਸਤ੍ਹਾ ਦੇ ਹੇਠਾਂ ਇੱਕ ਇਹ ਵੀ ਅਸਲੀਅਤ ਹੈ ਕਿ ਇੱਕ ਵੱਡੀ ਤਾਦਾਦ ਜਿਸ ਵਿੱਚ ਪੰਜਾਬ ਵਿੱਚ ਵੱਸਦੇ ਸਿੱਖਾਂ ਦੇ ਨਾਲ-ਨਾਲ ਪ੍ਰਵਾਸੀਆਂ ਵਿੱਚ ਰਹਿੰਦੇ ਸਿੱਖਾਂ ਦੀ ਅਕਾਂਖਿਆਵਾਂ ਤੋਂ ਬਹੁਤ ਦੂਰ ਹੈ, ਜਿਨ੍ਹਾਂ ਲੋਕਾਂ ਦਾ ਖਾਲਿਸਤਾਨ ਦੀ ਸਿਰਜਣਾ ਨਾਲ ਕੋਈ ਲੈਣਾ-ਦੇਣਾ ਨਹੀਂ।

ਖਾਲਿਸਤਾਨ ਲਹਿਰ ਪਛਾਣ ਦੀ ਰਾਜਨੀਤੀ, ਪ੍ਰਵਾਸੀਆਂ 'ਚ ਅਲੱਗ-ਥਲੱਗਤਾ ਅਤੇ ਲੰਬੀ ਦੂਰੀ ਵਾਲੇ ਰਾਸ਼ਟਰਵਾਦ ਦੀਆਂ ਗੁੰਝਲਾਂ ਦੇ ਲਾਂਘੇ 'ਤੇ ਖੜ੍ਹੀ ਹੈ। ਵਰਤਮਾਨ ਵਿੱਚ ਕੁਝ ਇਸ ਲਹਿਰ ਦੇ ਉਲਟ ਵਿਚਾਰ ਰੱਖਣ ਵਾਲੇ ਅਤੇ ਪੰਜਾਬ ਦੀ ਧਰਤੀ ਉਪਰ ਰਹਿਣ ਵਾਲੇ ਲੋਕਾਂ ਦਾ ਮੰਨਣਾ ਹੈ ਕਿ ਖਾਲਿਸਤਾਨ ਲਹਿਰ ਦੀ ਧੜਕਣ ਪੰਜਾਬ ਦੇ ਉਪਜਾਊ ਖੇਤਾਂ ਵਿੱਚ ਜਾ ਪੰਜਾਬ ਦੀ ਮਿੱਟੀ ਵਿੱਚ ਨਹੀਂ, ਖਾਲਿਸਤਾਨ ਲਹਿਰ ਦੇ ਕੇਂਦਰ ਵਿੱਚ ਸਿਰਫ਼ ਸਿਆਸੀ ਖੁਦਮੁਖਤਿਆਰੀ ਲਈ ਸੰਘਰਸ਼ ਨਹੀਂ ਹੈ, ਸਗੋਂ ਸਿੱਖ ਪ੍ਰਵਾਸੀ ਲੋਕਾਂ ਦੁਆਰਾ ਅਨੁਭਵ ਕੀਤਾ ਗਿਆ ਪਛਾਣ ਅਤੇ ਬੇਗਾਨਗੀ ਦਾ ਇੱਕ ਡੂੰਘਾ ਸੰਕਟ ਹੈ। ਵਿਦੇਸ਼ਾਂ ਖਾਸ ਕਰਕੇ ਪੱਛਮੀ ਦੇਸ਼ਾਂ ਵਿੱਚ ਵਸਦੇ ਬਹੁਤ ਸਾਰੇ ਸਿੱਖਾਂ ਲਈ ਖਾਲਿਸਤਾਨ ਇੱਕ ਵੱਖਰੀ ਪਛਾਣ ਸਥਾਪਤ ਕਰਨ ਲਈ ਇੱਕ ਰੈਲਿੰਗ ਪੁਆਇੰਟ ਬਣ ਗਿਆ ਹੈ। ਪਛਾਣ ਦੀ ਇਹ ਖੋਜ ਦੁਨੀਆ ਭਰ ਦੇ ਡਾਇਸਪੋਰਾ ਲੋਕਾਂ ਵਿੱਚ ਇੱਕ ਆਮ ਬਿਰਤਾਂਤ ਹੈ, ਜਿਸ ਵਿੱਚ ਵਤਨ ਤੋਂ ਦੂਰੀ ਕਿਸੇ ਦੀਆਂ ਨਸਲੀ ਜੜ੍ਹਾਂ ਨਾਲ ਸਬੰਧ ਅਤੇ ਆਦਰਸ਼ੀਕਰਨ ਦੌਰਾਂ ਨੂੰ ਤੇਜ਼ ਕਰਦੀ ਹੈ। ਇਹੀ ਕਾਰਨ ਹੈ ਕਿ ਅੱਜ ਖਾਲਿਸਤਾਨੀ ਵੱਖਵਾਦੀ ਬਿਰਤਾਂਤ ਸਿਰਫ ਸਿੱਖ ਪ੍ਰਵਾਸੀਆਂ ਵਿੱਚ ਖਾਸ ਕਰਕੇ ਪੱਛਮੀ ਦੇਸ਼ਾਂ ਅਤੇ ਅਮਰੀਕਾ ਕਨੇਡਾ ਵਿੱਚ ਦੇਖਿਆ ਜਾਂਦਾ ਹੈ।

ਖਾਲਿਸਤਾਨ ਇੱਕ ਏਕੀਕ੍ਰਿਤ, ਭਾਵੇਂ ਆਦਰਸ਼ਕ, ਸਿੱਖ ਵਿਰਾਸਤ ਦਾ ਪ੍ਰਤੀਕ ਹੈ। ਇਹ ਵਰਤਾਰਾ ਵਿਦੇਸ਼ਾ 'ਚ ਵਸਦੇ ਕਮਿਊਨਿਟੀਆਂ ਦੇ ਇੱਕ ਵਿਆਪਕ ਰੁਝਾਨ ਦਾ ਸੰਕੇਤ ਹੈ ਜੋ ਸਮਰੂਪਤਾ ਦੇ ਦਬਾਅ ਦੇ ਵਿਚਕਾਰ ਸੱਭਿਆਚਾਰਕ ਸੰਭਾਲ ਨਾਲ ਜੂਝ ਰਿਹਾ ਹੈ। ਇੱਕ ਆਲੋਚਨਾਤਮਕ ਜਾਂਚ ਤੋਂ ਪਤਾ ਚੱਲਦਾ ਹੈ ਕਿ ਖਾਲਿਸਤਾਨ ਦੀ ਲਹਿਰ ਪ੍ਰਵਾਸੀਆ ਦੁਆਰਾ ਚਲਾਈ ਜਾਂਦੀ ਹੈ।

ਇਹ ਦੱਲ, ਸੰਸਥਾਵਾਂ ਸਿੱਖ ਕੌਮ ਦੀ ਅਵਾਜ਼ ਵਜੋਂ ਆਪਣੇ ਉਦੇਸ਼ ਨੂੰ ਸਿੱਖਾਂ ਵਿੱਚ ਪੇਸ਼ ਕਰਦੇ ਹਨ, ਸੋਸ਼ਲ ਮੀਡੀਆ ਈਕੋ ਚੈਂਬਰਾਂ ਅਤੇ ਕਮਿਊਨਿਟੀ ਇਕੱਠਾਂ ਰਾਹੀਂ ਆਪਣਾ ਸੰਦੇਸ਼ ਪ੍ਰਸਾਰਿਤ ਕਰਦੇ ਹਨ। ਜਿਸ ਬਾਰੇ ਇੱਕ ਵੱਡੀ ਗਿਣਤੀ 'ਚ ਸਿੱਖਾਂ ਦਾ ਇਹ ਵੀ ਮੰਨਣਾ ਹੈ ਕੀ ਇਹ ਇੱਕ ਬਹੁਪੱਖੀ ਭਾਰਤੀ ਏਕਤਾ ਅਤੇ ਭਾਈਚਾਰੇ ਦੀਆਂ ਡੂਘੀਆਂ ਤੰਦਾਂ ਦੀ ਅਸਲੀਅਤ ਅਤੇ ਮਾਤਭੂਮੀ ਵਿੱਚ ਰਹਿਣ ਦੀਆਂ ਜ਼ਿੰਮੇਵਾਰੀਆਂ ਤੋਂ ਕੋਹਾਂ ਦੂਰ ਹੈ।

ਇਹ ਲਹਿਰ, ਹਾਲਾਂਕਿ ਇੱਕ ਧਰਮ ਸ਼ਾਸਤਰੀ ਰਾਜ ਦੀ ਵਕਾਲਤ ਦੁਆਰਾ ਵਿਗਾੜ ਦਿੱਤੀ ਗਈ ਹੈ, ਇੱਕ ਅਜਿਹਾ ਵਿਚਾਰ ਜੋ ਵਿਸ਼ਾਲ ਸਿੱਖ ਆਬਾਦੀ ਵਿੱਚ ਤੇ ਖਾਸ ਕਰਕੇ ਪੰਜਾਬ ਵਿੱਚ ਬਹੁਤ ਘੱਟ ਗੂੰਜਦਾ ਹੈ, ਜੋ ਆਪਣੇ ਆਪ ਨੂੰ ਧਾਰਮਿਕ ਸਹਿਣਸ਼ੀਲਤਾ ਅਤੇ ਬਹੁਲਵਾਦ ਦੇ ਇਤਿਹਾਸ 'ਤੇ ਮਾਣ ਕਰਦਾ ਹੈ ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿਖਾਇਆ ਗਿਆ ਸੀ। ਮਨੁੱਖਤਾ ਪ੍ਰਤੀ ਸਾਂਝੀਵਾਲਤਾ ਦੇ ਉਲਟ ਅਕਸਰ ਧਰਮ ਪ੍ਰਤੀ ਹਥਿਆਰੀਕਰਨ ਨਾਲ ਜੋੜਦਾ ਹੈ, ਜਿੱਥੇ ਸਿਆਸੀ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਇੱਕ ਰਿਪੋਰਟ ਮੁਤਾਬਿਕ ਗੁਰਦੁਆਰਾ ਸਾਹਿਬਾਨ ਨੇ ਖਾਲਿਸਤਾਨ ਦੇ ਆਗੂਆਂ ਅਤੇ ਭਾਈਚਾਰੇ ਦੇ ਹੋਰ ਮੈਂਬਰਾਂ ਨੂੰ ਪੰਜਾਬ 'ਚ ਜ਼ੁਲਮ, ਪੰਜਾਬ ਵਿੱਚ ਅਮਨ-ਕਾਨੂੰਨ ਦੀ ਘਾਟ ਅਤੇ ਭਾਰਤ ਸਰਕਾਰ ਵਿਰੁੱਧ ਬੋਲਣ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ ਹੈ।

ਉਹ ਖਾਲਿਸਤਾਨ ਪੱਖੀ ਅਤੇ ਵਿਰੋਧੀ ਬੁਲਾਰਿਆਂ ਵਿਚਕਾਰ ਗਰਮ ਬਹਿਸਾਂ ਦਾ ਸਥਾਨ ਬਣ ਗਏ ਹਨ,

ਬਲਜਿੰਦਰ ਸਿੰਘ ਵੜੈਚ
ਜਰਨਲਿਸਟ

ਜਿਸ ਦੇ ਨਤੀਜੇ ਵਜੋਂ ਗੁਰਦੁਆਰਿਆਂ ਵਿੱਚ ਧੜਿਆ ਦਾ ਅੰਦਰੂਨੀ ਸਿਆਸੀਕਰਨ ਅਤੇ ਧਰੁਵੀਕਰਨ ਕਰਨ ਦੀਆਂ ਕੁਝ ਉਦਾਹਰਣਾਂ ਸਾਹਮਣੇ ਹਨ।

ਗੁਰਦੁਆਰਾ ਸਾਹਿਬਾਨ ਨੂੰ ਰਵਾਇਤੀ ਤੌਰ 'ਤੇ ਰੱਬ ਦੀ ਪ੍ਰਾਰਥਨਾ ਕਰਨ ਅਤੇ ਗੁਰੂ ਕੇ ਲੰਗਰਾਂ ਦੇ ਇੱਕ ਅਸਥਾਨ ਵਜੋਂ ਦੇਖਿਆ ਜਾਂਦਾ ਸੀ ਅਤੇ ਯਾਤਰੀਆਂ ਦੇ ਠਹਿਰਨ ਲਈ ਸੇਵਾਵਾਂ ਪ੍ਰਦਾਨ ਕੀਤੀਆ ਜਾਂਦੀਆ ਹਨ।

ਇਹ ਸਥਾਨ ਸਿਰਫ਼ ਸਿੱਖਾਂ ਲਈ ਨਹੀਂ ਪੂਰੀ ਮਨੁੱਖਤਾ ਲਈ ਸਨ। ਪਰ ਅਫਸੋਸ ਅੱਜ ਕਈ ਗੁਰਦੁਆਰੇ ਕਾਗਜ਼ਾਂ ਵਿੱਚ ਤੇ ਆਪਣੇ ਨਾਮਾ ਤੇ ਟਰੱਸਟਾਂ ਦੇ ਨਾਮ ਹੇਠ ਚਲ ਰਹੇ ਹਨ।

ਉਨ੍ਹਾਂ ਕੋਲ ਆਪਣਾ ਚੈਰੀਟੇਬਲ ਰੁਤਬਾ ਹੈ, ਉਹ ਦਾਨ ਪ੍ਰਾਪਤ ਕਰਦੇ ਹਨ, ਉਨ੍ਹਾਂ ਕੋਲ ਬੋਰਡ ਹੈ, ਉਨ੍ਹਾਂ ਕੋਲ ਸੱਤਾ ਦੇ ਅਹੁਦੇ ਹਨ। ਉਹ ਛੋਟੀ ਜਾਗੀਰ ਵਾਂਗ ਬਣ ਗਏ ਹਨ - ਪੂਰੇ ਪਰਿਵਾਰ ਗੁਰਦੁਆਰੇ ਦਾ ਬੋਰਡ ਬਣਾਕੇ ਗੁਰਦੁਆਰੇ ਸਾਂਭ ਲੈਂਦੇ ਜੋ ਕਿ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਦਾ ਕਾਰਨ ਬਣ ਗਏ ਹਨ।

ਬਹੁਤ ਸਾਰੀਆਂ ਗੁਰਦੁਆਰਾ ਕਮੇਟੀਆਂ ਹੁਣ ਵੱਖ-ਵੱਖ ਪਾਰਟੀਆਂ ਲਈ ਸਿਆਸੀ ਉਮੀਦਵਾਰਾਂ ਵਾਂਗ ਚੋਣ ਲੜਦੀਆਂ ਹਨ ਅਤੇ ਆਪਣੇ ਆਪਣੇ ਧੜੇ ਦੇ ਕਬਜ਼ੇ ਲਈ ਗੁਰਦੁਆਰਿਆਂ ਨੂੰ ਧਾਰਮਿਕ ਸਥਾਨਾਂ, ਸ਼ਾਂਤੀ ਅਤੇ ਭਾਈਚਾਰੇ ਦੇ ਸਥਾਨਾਂ ਤੋਂ ਰਾਜਨੀਤੀ ਦੇ ਕੱਟੜਵਾਦ ਦੇ ਅਖਾੜਿਆਂ ਵਿੱਚ ਤਬਦੀਲ ਕਰ ਦਿੱਤੇ ਹਨ।

ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸ ਗੁਰੂ ਸਾਹਿਬਾਨ ਅਤੇ ਅਨੇਕਾਂ ਸ਼ਹੀਦਾ ਨੇ ਭਾਰਤ ਦੀ ਧਰਤੀ ਆਪਣਾ ਖੂਨ ਦੇਕੇ ਸਿਰਜੀ ਹੈ ਭਾਰਤ ਦੇ ਵੱਖ ਵੱਖ ਹਿੱਸਿਆਂ ਤੋਂ ਸਰਬੰਸਦਾਨੀ ਨੇ ਪੰਜ ਪਿਆਰੇ ਸਿਰਜਕੇ ਸਮੁੱਚੇ ਭਾਰਤ ਨੂੰ ਖਾਲਸੇ ਦੇ ਧਰਤੀ ਬਣਾਇਆ ਹੈ।

ਸਦੀਆਂ ਤੋਂ ਸਿੱਖ ਪੰਥ ਵਿੱਚ ਹਿੰਦੂ ਆਪਣਾ ਵੱਡਾ ਬੇਟਾ ਸ਼ਾਮਲ ਕਰਦੇ ਸਨ ਜੋ ਕੀ ਹਰ ਹਿੰਦੂ ਪ੍ਰਵਾਰ ਲਈ ਜ਼ਰੂਰੀ ਅਤੇ ਮਾਣ ਵਾਲੀ ਗੱਲ ਸੀ। ਸ਼੍ਰੀ ਗੁਰੂ ਨਾਨਾਕ ਸਾਹਿਬ ਤੋਂ ਲੈਕੇ ਦਸਾਂ ਪਾਤਿਸ਼ਾਹੀਆਂ ਅਤੇ ਅੱਜ ਤੱਕ ਦੇ ਇਤਿਹਾਸ ਵਿੱਚ ਹਿੰਦੂਆਂ ਅਤੇ ਸਿੱਖਾਂ 'ਚ ਰਿੰਚਕ ਮਾਤਰ ਵੀ ਮਤਭੇਦ ਨਹੀਂ ਸਨ ਪਰ ਦੋਵਾਂ ਪਾਸਿਆਂ ਤੋਂ ਕੁਝ ਕੱਟੜ ਲੋਕ ਇਸ ਅਤੁੱਟ ਸਾਂਝ ਵਿੱਚ ਵਖਰੇਵੇਂ ਖੜ੍ਹੇ ਕਰਨ ਦੀ ਨਾਪਕ ਸਾਜਿਸ਼ ਰਚਦੇ ਤੇ ਕੋਸ਼ਿਸ਼ ਕਰਦੇ ਹਨ ਜੋ ਨਾ ਕਦੇ ਪੂਰੀ ਹੋਈ ਅਤੇ ਨਾ ਹੀ ਕਦੇ ਪੂਰੀ ਹੋਵੇਗੀ। ਪੰਜਾਬ ਦੀ ਪਵਿੱਤਰ ਧਰਤੀ ਸਾਂਝੀਵਾਲਤਾ ਦਾ ਸਦੀਆਂ ਤੋਂ ਸੁਨੇਹਾ ਦਿੰਦੀ ਆਪਸੀ ਪਵਿੱਤਰ ਭਾਈਚਾਰੇ ਪ੍ਰਤੀਕ ਹੈ ਇਸ ਨੂੰ ਤੋੜਨ ਦੀਆਂ ਕੋਸਿਸ਼ਾ ਕਰਨ ਵਾਲੇ ਪਾਪੀ ਲੋਕ ਨਾ ਪਹਿਲਾ ਕਾਮਯਾਬ ਹੋਏ ਤੇ ਨਾ ਕਦੇ ਅੱਗੇ ਤੋਂ ਕਾਮਯਾਬ ਹੋਣਗੇ। ਭਾਰਤ ਨੂੰ ਤੋੜਨ ਦੀ ਮੁਹਿੰਮ ਦੀ ਅਗਵਾਈ ਕਰਨ ਵਾਲੇ ਬਹੁਤ ਸਾਰੇ ਲੋਕਾਂ ਦੀ ਭਲਾਈ ਨਾਲੋਂ ਆਪਣੇ ਆਪਣੇ ਦਲਾ ਦੇ ਨਿੱਜੀ ਲਾਭ ਨੂੰ ਤਰਜੀਹ ਦਿੰਦੇ ਹਨ। ਉਹਨਾਂ ਦੇ ਉਦੇਸ਼ ਅਕਸਰ ਸਵੈ-ਸੇਵਾ ਕਰਦੇ ਹਨ, ਭਾਵੇਂ ਇਸ ਵਿੱਚ ਕੈਨੇਡਾ, ਅਮਰੀਕਾ, ਜਾਂ ਯੂਕੇ ਵਰਗੇ ਦੇਸ਼ਾਂ ਵਿੱਚ ਭਾਈਚਾਰੇ ਦੇ ਧਾਰਮਿਕ ਸਥਾਨਾਂ ਅਤੇ ਸਰੋਤਾਂ 'ਤੇ ਨਿਯੰਤਰਣ ਪ੍ਰਾਪਤ ਕਰਨਾ ਵੀ ਸ਼ਾਮਲ ਹੈ ਅਤੇ ਮੈਂਬਰਾਂ ਤੇ ਆਪਣਾ ਪ੍ਰਭਾਵ ਪਾਉਣਾ ਵੀ ਸ਼ਾਮਲ ਹੈ।

ਸਿੱਟੇ ਵਜੋਂ, ਕਮਿਊਨਿਟੀ ਵਿਕਾਸ ਲਈ ਰੱਖੇ ਗਏ ਸਰੋਤਾਂ ਨੂੰ ਕੁਝ ਚੋਣਵੇਂ ਲੋਕਾਂ ਦੇ ਏਜੰਡੇ ਨੂੰ ਅੱਗੇ ਵਧਾਉਣ ਲਈ ਹੀ ਵਰਤਿਆ ਜਾਂਦਾ ਹੈ। ਧਾਰਮਿਕ ਵਿਸ਼ਵਾਸਾਂ ਨੂੰ ਹੋਰ ਰਾਜਨੀਤਿਕ ਉਦੇਸ਼ਾਂ ਲਈ ਵਰਤਣਾ ਇੱਕ ਮਾੜੀ ਰਾਜਨੀਤੀ ਹੈ, ਜਿਸ ਦੇ ਨਤੀਜੇ ਵਜੋਂ ਅਕਸਰ ਧਰੁਵੀਕਰਨ ਅਤੇ ਸੰਘਰਸ਼ ਵਧਦਾ ਹੈ। ਇਹੋ ਜਹੀਆਂ ਹਰਕਤਾ ਅਕਸਰ ਸਿੱਖ ਧਰਮ ਦੀਆਂ ਸ਼ਾਂਤਮਈ ਸਿੱਖਿਆਵਾਂ ਨੂੰ ਵੀ ਕਮਜ਼ੋਰ ਕਰਦੀਆਂ ਹਨ ਅਤੇ ਸਿੱਖ ਵਿਚਾਰਾਂ ਅਤੇ ਮੁੱਖ ਧਾਰਾਂ ਤੋਂ ਦੂਰ ਕਰਦੀਆਂ ਹਨ।

--

ਅਜਿਹੇ ਵਤੀਰੇ ਨੇ ਭਰੋਸੇਯੋਗਤਾ ਨੂੰ ਬੁਰੀ ਤਰ੍ਹਾਂ ਨਾਲ ਪ੍ਰਭਾਵਤ ਕੀਤਾ ਹੈ।

ਬਹੁਤੇ ਲੋਕਾਂ ਦਾ ਮੰਨਣਾ ਹੈ ਕੀ ਵੱਖਵਾਦੀ ਲਹਿਰਾਂ ਨੂੰ ਗੈਰ-ਕਾਨੂੰਨੀ ਇਮੀਗ੍ਰੇਸ਼ਨ ਲੈਣ ਲਈ ਵੀ ਵਰਤਿਆ ਜਾਂਦਾ ਹੈ।

ਖਾਲਿਸਤਾਨ ਲਹਿਰ ਦੀਆਂ ਖਾਹਿਸ਼ਾਂ ਅਤੇ ਪੰਜਾਬ ਵਿਚ ਸਿੱਖ ਅਬਾਦੀ ਦੀਆਂ ਇੱਛਾਵਾਂ ਵਿਚਲਾ ਮਤਭੇਦ ਬਹੁਤ ਪ੍ਰਤੱਖ ਅਤੇ ਸਾਫ ਹੈ। ਜਦੋਂ ਕਿ ਇਹ ਅੰਦੋਲਨ ਆਪਣੇ ਆਪ ਨੂੰ ਸਿੱਖਾਂ ਦੀ ਆਵਾਜ਼ ਵਜੋਂ ਪੇਸ਼ ਕਰਦਾ ਹੈ, ਅਸਲੀਅਤ ਇਸਦੇ ਬਿਲਕੁਲ ਉਲਟ ਹੈ।

ਜੋ ਅਕਸਰ ਭਾਈਚਾਰੇ ਦੀਆਂ ਕਦਰਾਂ-ਕੀਮਤਾਂ ਅਤੇ ਇੱਛਾਵਾਂ ਦੇ ਖਿਲਾਫ ਹੈ। ਸਿੱਖ ਭਾਈਚਾਰਾ, ਸਮਾਜ ਵਿੱਚ ਆਪਣੇ ਯੋਗਦਾਨ, ਬਰਾਬਰੀ ਵਿੱਚ ਵਿਸ਼ਵਾਸ ਅਤੇ ਸ਼ਾਂਤੀ ਪ੍ਰਤੀ ਵਚਨਬੱਧਤਾ ਲਈ ਜਾਣਿਆ ਜਾਂਦਾ ਹੈ ਇਥੇ ਇਹ ਕਹਿਣਾ ਅਤਕਥਨੀ ਨਹੀ ਕੀ ਸਿੱਖਾਂ ਦੀ ਭਾਰਤ ਬਿਨਾ ਅਤੇ ਭਾਰਤ ਦੀ ਸਿੱਖਾਂ ਬਿਨਾ ਕੋਈ ਪਹਿਚਾਣ ਨਹੀ ਇਹ ਦੋਵੇ ਇੱਕ ਦੂਜੇ ਦਾ ਅਤੁੱਟ ਅੰਗ ਹਨ।

ਆਨਲਾਈਨ ਸਕੈਮਸ ਤੋਂ ਬਚਣ ਲਈ ਹੋਵੋ ਜਾਗਰੂਕ

''ਵਿਸ਼ਵ ਭਰ 'ਚ ਮੁੱਖ ਪਲੇਟਫਾਰਮ ਫੇਸਬੁੱਕ ਮਾਰਕੀਟ ਪਲੇਸ, ਇਨਸਟਾਗਰਮ, ਸਨੈਪਚਾਟ, ਐਮਾਜਾਨ ਵਰਗੀਆਂ ਸੋਸ਼ਲ ਸਾਈਟਸ 'ਤੇ ਆਨਲਾਈਨ ਠੱਗ (ਸਕੈਮਰਸ) ਦੁਆਰਾ ਸਸਤਾ-ਲਗਜ਼ਰੀ ਸਮਾਨ ਲਿਸਟਿੰਗ ਕਰਕੇ ਆਮ ਲੋਕਾਂ ਨੂੰ ਬੇਵਕੂਫ ਬਣਾ ਕੇ ਹਰ ਸਾਲ ਕਈ ਬਿਲੀਅਨ ਦੀ ਠੱਗੀ ਦਾ ਅੰਕੜਾ ਪਾਰ ਹੋ ਚੁੱਕੇ ਹਨ। ਇਸ ਦਾ ਮੁੱਖ ਕਾਰਨ ਲੋਕ ਜਾਗਰੂਕ ਘੱਟ ਹਨ। ਆਨਲਾਈਨ ਸਕੈਮਸ ਤੋਂ ਬਚਣ ਲਈ ਆਪਣੇ-ਆਪ ਨੂੰ ਸਿਰੇ ਦਾ ਜਾਗਰੂਕ ਕਰਨ ਦੀ ਲੋੜ ਹੈ- ਅਨਿਲ ਧੀਰ, ਕਾਲਮਨਿਸਟ, ਸੋਸ਼ਲ ਐਕਟੀਵਿਸਟ

ਵਿਸ਼ਵ ਭਰ 'ਚ ਸੋਸ਼ਲ ਮੀਡੀਆ ਦਾ ਹੀ ਬੋਲਬਾਲਾ ਹੈ। ਇੱਕ ਸਰਵੇ ਦੇ ਮੁਤਾਬਿਕ ਹਰ ਸਾਲ ਕਈ ਬਿਲੀਅਨ ਦੀ ਆਨਲਾਈਨ ਠੱਗੀ (ਸਕੈਮਸ) ਸਾਹਮਣੇ ਆ ਰਹੀ ਹੈ। ਇਸ ਪਲੇਟਫਾਰਮ 'ਤੇ ਹਰ ਦੂਜਾ ਆਦਮੀ ਕਿਸੇ ਨਾ ਕਿਸੇ ਸਕੈਮ ਦਾ ਸ਼ਿਕਾਰ ਹੋ ਕੇ ਆਪਣਾ ਸੱਭ ਕੁੱਝ ਗਵਾ ਰਿਹਾ ਹੈ। ਬ੍ਰੈਮਲੀ ਇਲਾਕੇ ਦੇ ਨੇੜੇ ਲਿਜ਼ਾ ਰੋਡ 'ਅਪਾਰਟਮੈਂਟ ਦੀ ਐਂਟਰੈਂਸ 'ਤੇ ਕੱਲ ਸ਼ਾਮ 9 ਵਜੇ ਦੀ ਗੱਲ ਹੈ ਫੇਸਬੁੱਕ ਮਾਰਕੀਟ ਪਲੇਸ 'ਤੇ ਟੈਕਸਟ ਮੈਸੇਜਿਂਗ ਤੋਂ ਬਾਅਦ ਬ੍ਰੈਂਡ ਨਿਊ ਐਪਲ-ਵੱਾਚ ਡਿਲੀਵਰੀ ਦੇਣ ਗਈ ਲੜਕੀ ਤੋਂ ਜਿਸ ਖਰੀਦਨ ਵਾਲੇ ਨਾਲ ਡੀਲ ਹੋਈ ਸੀ, ਉਹ ਐਪਲ-ਵਾਚ ਦੇਖਣ ਦੇ ਬਹਾਨੇ ਸਿਰਫ 30 ਸੈਕੰਡ 'ਚ ਖੋਹ ਕੇ ਭੱਜ ਗਿਆ। ਪਤਾ ਲੱਗਾ ਕਿ ਉਸ ਨੌਜਵਾਨ ਨੇ ਫੇਸਬੁੱਕ ਮਾਰਕੀਟ ਪਲੇਸ ਫੇਕ ਅਕਾਉਂਟ ਬਣਾ ਲੜਕੀ ਨਾਲ 675 ਡਾਲਰ ਦੀ ਠੱਗੀ ਮਾਰੀ ਹੈ। ਪਤਾ ਨਹੀਂ ਅਜਿਹੇ ਆਨਲਾਈਨ ਠੱਗ ਰੋਜਾਨਾਂ ਕਿੰਨੇ ਲੋਕਾਂ ਨੂੰ ਟਾਰਗੈਟ ਕਰਦੇ ਹੋਣਗੇ।

ਲੱਗਦਾ ਹੈ ਸੋਸ਼ਲ ਮੀਡੀਆ 'ਤੇ ਜ਼ਿਆਦਾਤਰ ਆਨਲਾਈਨ ਚੋਰ-ਠੱਗਾਂ ਦਾ ਹੀ ਕਬਜਾ ਹੋ ਗਿਆ ਹੈ। ਕੋਈ ਪਤਾ ਨਹੀਂ ਕਦੋਂ ਕਿਸਨੂੰ ਇਹ ਠੱਗ ਟਾਰਗੈਟ ਕਰ ਲੈਣ। ਇਸ ਲਈ ਜਰੂਰੀ ਹੋ ਗਿਆ ਹੈ ਆਨਲਾਈਨ ਸਕੈਮਸ ਤੋਂ ਬਚਣ ਲਈ ਹਰ ਆਦਮੀ ਖੱਦ ਅਵੇਅਰ ਹੋ ਕੇ ਅੱਗੇ ਲੋਕਾਂ ਨੂੰ ਜਾਗਰੂਕ ਕਰੇ।

ਫਟਾਫਟ ਐਕਸ਼ਨ ਲਵੋ:

• ਜੇਕਰ ਤੁਸੀਂ ਕਿਸੇ ਔਨਲਾਈਨ ਸਾਈਬਰ ਸਕੈਮ ਦੇ ਸ਼ਿਕਾਰ ਹੋ ਗਏ ਹੋ, ਤਾਂ ਤੁਹਾਡਾ ਬੈਂਕ

ਅਨਿਲ ਧੀਰ
ਕਾਲਮਨਿਸਟ
healthmedia1@hotmail.com

ਖਾਤਾ, ਈਮੇਲ, ਅਤੇ ਹੋਰ ਆਨਲਾਈਨ ਖਾਤੇ ਵੀ ਖਤਰੇ 'ਚ ਆ ਜਾਂਦੇ ਹਨ। ਪਾਸਵਰਡ, ਕ੍ਰੈਡਿਟ ਕਾਰਡ, ਬਾਕੀ ਖਾਤਿਆਂ ਸਬੰਧੀ ਕਾਰਵਾਈ ਤੁਰੰਤ ਕਰੋ।

• ਹਮੇਸ਼ਾ ਜਾਗਰੂਕ ਹੋ ਕੇ ਫੇਸਬੁੱਕ ਮਾਰਕੀਟ ਪਲੇਸ ਸਕੈਮਸ (ਘੁਟਾਲਿਆਂ) ਤੋਂ ਹਮੇਸ਼ਾ ਸਾਵਧਾਨ ਰਹੋ।

• ਫਿਸ਼ਿੰਗ ਈਮੇਲਾਂ, ਟੈਕਸਟ, ਕਾਲਾਂ ਅਤੇ ਵੈਬਸਾਈਟਾਂ ਵੀ ਕਾਰਨ ਬਣ ਜਾਂਦੀਆਂ ਹਨ। ਫਿਸ਼ਿੰਗ ਇੱਕ ਕਿਸਮ ਦਾ ਸਾਈਬਰ ਅਟੈਕ ਹੈ, ਜਿੱਥੇ ਸਕੈਮ ਕਰਨ ਵਾਲੇ ਅਣਚਾਹੇ ਈਮੇਲਾਂ, ਟੈਕਸਟ ਜਾਂ ਸੋਸ਼ਲ ਮੀਡੀਆ ਟੈਕਸਟ ਭੇਜਦੇ ਹਨ ਜੋ ਦਾਅਵਾ ਕਰਦੇ ਹਨ ਕਿ ਤੁਸੀਂ ਕਿਸੇ ਭਰੋਸਾ ਕਰਦੇ ਹੋ?

• ਸਕੈਮ ਯਾਨਿ ਘੁਟਾਲਾ ਕਰਨ ਵਾਲੇ ਤੁਹਾਡੇ ਬੈਂਕ ਦੀ ਨਕਲ ਵੀ ਕਰ ਸਕਦਾ ਹੈ ਅਤੇ ਤੁਹਾਨੂੰ ਹਾਲ ਹੀ ਦੀ ਜਾਲੀ ਸੂਚਨਾ ਵੀ ਭੇਜ ਸਕਦੇ ਹਨ।

• ਤੁਹਾਡੇ ਵੱਲੋਂ ਭੇਜੀ ਗਈ ਕੋਈ ਵੀ ਜਾਣਕਾਰੀ- ਜਿਵੇਂ ਕਿ ਖਾਤੇ ਦੇ ਪਾਸਵਰਡ, ਜਾਂ ਕ੍ਰੈਡਿਟ ਕਾਰਡ ਨੰਬਰ ਸਿੱਧੇ ਤੌਰ 'ਤੇ ਸਕੈਮ ਕਰਨ ਵਾਲੇ ਕੋਲ ਜਾਵੇਗੀ ਅਤੇ ਤੁਹਾਡੀ ਪਛਾਣ ਚੋਰੀ ਕਰਨ ਲਈ ਵਰਤੀ ਜਾ ਸਕਦੀ ਹੈ। ਅਣਪਛਾਤੇ ਲਿੰਕ 'ਤੇ ਕਦੇ ਵੀ ਕਲਿਕ ਨਾ ਕਰੋ।

• ਔਨਲਾਈਨ ਸ਼ਾਪਿੰਗ ਕੁਦਰਤੀ ਤੌਰ 'ਤੇ ਖਤਰਨਾਕ ਨਹੀਂ ਹੈ। ਪਰ ਐਮਾਜ਼ਾਨ, ਫੇਸਬੁੱਕ ਮਾਰਕੀਟ ਪਲੇਸ, ਇਨਸਟਾਗ੍ਰਾਮ, ਸਨੈਪਚੈਟ ਵਰਗੀਆਂ ਸੋਸ਼ਲ ਮੀਡੀਆ ਵਰਗੀਆਂ ਸਾਈਟਾਂ 'ਤੇ ਸਸਤਾ ਲਗਜਰੀ ਸਮਾਨ ਦਿਖਾ ਕੇ ਅਤੇ ਪਤਾ ਲਗਾਉਣ ਤੋਂ ਬਚਣ ਲਈ ਹੈਕ ਕੀਤੇ ਖਾਤਿਆਂ ਵੀ ਵਰਤੋਂ ਵੀ ਕਰ ਸਕਦੇ ਹਨ।

• ਪਰ ਭਾਵੇਂ ਤੁਸੀਂ ਇੱਕ ਪੁਸ਼ਟੀਕਰਨ ਈਮੇਲ ਪ੍ਰਾਪਤ ਕਰਦੇ ਹੋ ਅਤੇ ਤੁਹਾਡੇ ਖਾਤੇ ਤੋਂ ਭੁਗਤਾਨ ਵਾਪਸ ਲੈ ਲਿਆ ਜਾਂਦਾ ਹੈ, ਕੋਈ ਡਿਲੀਵਰੀ ਨਹੀਂ ਦਿਖਾਈ ਦਿੰਦੀ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਇਹ ਉਹ ਨਹੀਂ ਹੈ ਜੋ ਤੁਸੀਂ ਸੋਚਿਆ ਸੀ ਕਿ ਤੁਸੀਂ ਭੁਗਤਾਨ ਕਰ ਰਹੇ ਹੋ।

• ਜੇਕਰ ਤੁਸੀਂ ਗਲਤੀ ਨਾਲ ਸਕੈਮਰਾਂ ਨੂੰ ਆਪਣਾ ਪਰਸਨਲ ਡੇਟਾ ਦਿੰਦੇ ਹੋ, ਤਾਂ ਉਹ ਤੁਹਾਡੇ ਨਾਂ 'ਤੇ ਕਰਜਾ ਵੀ ਲੈ ਸਕਦੇ ਹਨ ਜਾਂ ਤੁਹਾਡਾ ਬੈਂਕ ਖਾਤਾ ਖਾਲੀ ਵੀ ਕਰ ਸਕਦੇ ਹਨ।

• ਅਸੁਰੱਖਿਅਤ ਸਾਈਟਾਂ 'ਤੇ ਕਦੇ ਨਾ ਜਾਓ। ਜੇਕਰ ਤੁਸੀਂ ਫੇਸਬੁੱਕ ਮਾਰਕੀਟ ਪਲੇਸ ਜਾਂ ਕਿਸੇ ਸੋਸ਼ਲ ਮੀਡੀਆ 'ਤੇ ਸੌਦਾ ਕਰਨਾ ਚਾਹੁੰਦੇ ਹੋ ਹਰ ਪੱਖੋਂ ਜਾਂਚ ਦੁਆਰਾ ਸੁਚੇਤ ਹੋਵੋ। ਜਿੰਮੇਵਾਰ ਏਜੰਸੀਆਂ ਨੂੰ ਸ਼ਾਮਿਲ ਕਰੋ। ਕੁੱਝ ਦੇਸ਼ਾਂ 'ਚ ਸੌਦਾ ਕਰਨ ਤੋਂ ਪਹਿਲਾਂ ਸਰਕਾਰੀ ਤੌਰ 'ਤੇ ਪੁਲਿਸ ਦੀ ਹੈਲਪ ਵੀ ਲੈ ਸਕਦੇ ਹੋ।

ਕਦੇ ਵੀ ਭੁਗਤਾਨ ਕੈਸ਼ ਨਾ ਕਰੋ ਹਮੇਸ਼ਾ ਕ੍ਰੈਡਿਟ ਕਾਰਡ ਦੁਆਰਾ ਹੀ ਕਰਨਾ ਸੇਫ ਹੈ।

ਨੋਟ : ਹਮੇਸ਼ਾ ਡੀਲ ਹਰ ਪੱਖੋਂ ਜਾਂਚ-ਪੜਤਾਲ ਅਤੇ ਕਿਸੇ ਸੇਫ ਇਨਡੋਰ ਪਬਲਿਕ ਪਲੇਸ ਤੇ ਹੀ ਕਰਨੀ ਚਾਹੀਦੀ ਹੈ। ਬਾਹਰ ਪ੍ਰਾਈਵੇਟ ਸੁਨਸਾਨ ਦਿਸਣ ਵਾਲੀ ਥਾਂ 'ਤੇ ਮਿਲਨਾ ਭਾਰੀ ਮੁਸੀਬਤ ਨੂੰ ਬੁਲਾਵਾ ਦੇਣ ਵਾਲੀ ਗੱਲ ਹੋ ਸਕਦੀ ਹੈ। ਅਜਿਹੇ ਲੋਕ ਹਥਿਆਰ ਚਾਕੂ ਜਾਂ ਗੋਲੀ ਮਾਰ ਕੇ ਬੁਰੀ ਤਰਾਂ ਜਖਮੀ ਵੀ ਕਰ ਸਕਦੇ ਹਨ।

ਵਿਗਿਆਨਕ ਕਸੌਟੀ 'ਤੇ ਸੇਬ ਦੀ ਸਾਰਥਕਤਾ

ਅੰਗਰੇਜ਼ੀ ਵਿਚ ਕਿਹਾ ਗਿਆ ਹੈ, 'ਐਨ ਐਪਲ ਏ ਡੇ, ਕੀਪ ਦ ਡਾਕਟਰ ਅਵੇ' ਭਾਵ ਇਕ ਸੇਬ ਰੋਜ਼ ਖਾਓ ਅਤੇ ਡਾਕਟਰ ਨੂੰ ਦੂਰ ਭਜਾਓ। ਇਹ ਕਹਾਵਤ ਪੁਰਾਣੀ ਹੈ ਅਤੇ ਕਈ ਵਾਰ ਪ੍ਰੀਖਣਾਂ ਨਾਲ ਇਸ ਦੀ ਪੁਸ਼ਟੀ ਹੋਈ ਹੈ। ਸੇਬ ਦੀ ਵਰਤੋਂ ਨਾਲ ਦਿਲ ਦੇ ਰੋਗ, ਕੈਂਸਰ, ਸ਼ੂਗਰ ਦੇ ਨਾਲ-ਨਾਲ ਦਿਮਾਗੀ ਬਿਮਾਰੀਆਂ ਜਿਵੇਂ ਪਾਰਕਿਨਸੰਸ ਅਤੇ ਅਲਜੀਮਰਸ ਆਦਿ ਵਿਚ ਵੀ ਲਾਭ ਮਿਲਦਾ ਹੈ। ਮਾਹਿਰਾਂ ਅਨੁਸਾਰ ਇਕ ਸੇਬ ਰੋਜ਼ ਖਾਣ ਨਾਲ ਹਾਜ਼ਮਾ ਕਿਰਿਆ ਠੀਕ ਰਹਿੰਦੀ ਹੈ, ਜਿਸ ਨਾਲ ਅਨੇਕ ਰੋਗਾਂ ਤੋਂ ਸੁਰੱਖਿਆ ਰਹਿੰਦੀ ਹੈ। ਖੋਜਕਾਰਾਂ ਅਨੁਸਾਰ ਲਾਲ ਸੇਬ ਵਿਚ ਸੇਬ ਦੀਆਂ ਹੋਰ ਜਾਤੀਆਂ ਦੇ ਮੁਕਾਬਲੇ ਜ਼ਿਆਦਾ ਐਂਟੀ-ਆਕਸੀਡੈਂਟ ਹੁੰਦੇ ਹਨ, ਜੋ ਮਨੁੱਖ ਨੂੰ ਕੈਂਸਰ, ਦਿਲ ਦੇ ਰੋਗਾਂ ਅਤੇ ਸ਼ੂਗਰ, ਦਿਮਾਗੀ ਰੋਗ ਅਤੇ ਯਾਦਦਾਸ਼ਤ ਸੰਬੰਧੀ ਸਮੱਸਿਆਵਾਂ ਵਿਚ ਲਾਭ ਪਹੁੰਚਾਉਂਦੇ ਹਨ। ਲਾਲ ਸੇਬ ਵਿਚ ਮੌਜੂਦ ਫਲੈਵੋਨੋਈਡ ਤੱਤ ਹਾਈ ਐਂਟੀ ਆਕਸੀਡੈਂਟ ਦਾ ਕੰਮ ਕਰਦੇ ਹਨ। ਇਹ ਦਿਮਾਗ਼ ਦੀਆਂ ਕੋਸ਼ਿਕਾਵਾਂ ਨੂੰ ਸਿਹਤਮੰਦ ਰੱਖਦੇ ਹਨ, ਜਿਸ ਨਾਲ ਪਾਰਕਿਨਸੰਸ ਅਤੇ ਅਲਜੀਮਰਸ ਵਰਗੇ ਦਿਮਾਗ਼ੀ ਰੋਗਾਂ ਤੋਂ ਬਚਾਅ ਹੁੰਦਾ ਹੈ। ਸੇਬ ਰੇਸ਼ੇ ਵਾਲਾ ਫਲ ਹੈ। ਇਸ ਵਿਚ ਪ੍ਰੋਟੀਨ ਅਤੇ ਵਿਟਾਮਿਨਾਂ ਦੀ ਸੰਤੁਲਿਤ ਮਾਤਰਾ ਹੁੰਦੀ ਹੈ ਪਰ ਕੈਲੋਰੀ ਘੱਟ ਹੁੰਦੀ ਹੈ, ਜਿਸ ਨਾਲ ਇਹ ਦਿਲ ਨੂੰ ਸਿਹਤਮੰਦ ਰੱਖਣ ਵਿਚ ਸਹਾਇਕ ਹੈ। ਹਾਈ ਬਲੱਡ ਪ੍ਰੈਸ਼ਰ ਜਾਂ ਕਿਸੇ ਹੋਰ ਸਮੱਸਿਆ ਕਾਰਨ ਜੋ ਲੋਕ ਨਮਕ ਦੀ ਵਰਤੋਂ ਘੱਟ ਕਰਦੇ ਹਨ ਉਨ੍ਹਾਂ ਲਈ ਸੇਬ ਸੁਰੱਖਿਅਤ ਅਤੇ ਲਾਭਕਾਰੀ ਹੈ, ਕਿਉਂਕਿ ਸੇਬ ਵਿਚ ਸੋਡੀਅਮ ਦੀ ਮਾਤਰਾ ਨਾ ਦੇ ਬਰਾਬਰ ਹੁੰਦੀ ਹੈ। ਸੇਬ ਸਰੀਰ ਵਿਚ ਗੁਲੂਕੋਜ਼ ਦੀ ਮਾਤਰਾ ਨੂੰ ਸੰਤੁਲਿਤ ਕਰਨ ਦਾ ਕੰਮ ਕਰਦਾ ਹੈ। ਇਸ ਨਾਲ ਸ਼ੂਗਰ ਦੇ ਰੋਗੀਆਂ ਨੂੰ ਲਾਭ ਹੁੰਦਾ ਹੈ। ਇਸ ਤੋਂ ਇਲਾਵਾ ਸੇਬ ਯਾਦ ਸ਼ਕਤੀ ਵਧਾਉਣ, ਸਰੀਰ ਨੂੰ ਚੁਸਤ ਅਤੇ ਸਿਹਤਮੰਦ ਰੱਖਣ ਵਿਚ ਕਈ ਪੱਧਰਾਂ 'ਤੇ ਕੰਮ ਕਰਦਾ ਹੈ।

- ਏ.ਪੀ. ਭਾਰਤੀ

ਸਰੀਰ ਨੂੰ ਤੰਦਰੁਸਤ ਰੱਖਣ ਲਈ ਰੋਜ਼ਾਨਾ ਖਾਉ ਕੱਚੀਆਂ ਸਬਜ਼ੀਆਂ ਦਾ ਸਲਾਦ

ਸਰੀਰ ਨੂੰ ਤੰਦਰੁਸਤ ਅਤੇ ਸਿਹਤਮੰਦ ਰੱਖਣ ਲਈ ਲੋਕ ਤੇਲ, ਮਸਾਲੇਦਾਰ ਚੀਜ਼ਾਂ ਅਤੇ ਜੰਕ ਫੂਡ ਆਦਿ ਦਾ ਸੇਵਨ ਕਰਨ ਤੋਂ ਪਰਹੇਜ਼ ਕਰ ਰਹੇ ਹਨ। ਕਈ ਲੋਕ ਹਰੀਆਂ ਸਬਜ਼ੀਆਂ ਨੂੰ ਅਪਣੇ ਭੋਜਨ 'ਚ ਸ਼ਾਮਲ ਕਰਨਾ ਜ਼ਿਆਦਾ ਪਸੰਦ ਕਰਦੇ ਹਨ। ਲੋਕ ਅਪਣੇ ਆਪ ਨੂੰ ਤੰਦਰੁਸਤ ਰੱਖਣ ਲਈ ਘੱਟ ਮਸਾਲੇ ਵਾਲੀਆਂ ਸਬਜ਼ੀਆਂ ਨੂੰ ਉਬਾਲ ਕੇ ਖਾਂਦੇ ਹਨ।

ਦੱਸਣਯੋਗ ਹੈ ਕਿ ਉਬਾਲਣ ਦੀ ਥਾਂ ਕੱਚੀਆਂ ਸਬਜ਼ੀਆਂ ਦਾ ਸੇਵਨ ਸਲਾਦ ਦੇ ਰੂਪ 'ਚ ਕਰਨ ਨਾਲ ਸਰੀਰ ਨੂੰ ਜ਼ਿਆਦਾ ਫ਼ਾਇਦੇ ਹੁੰਦੇ ਹਨ। ਇਸ ਨਾਲ ਕੋਈ ਬੀਮਾਰੀ ਨਹੀਂ ਹੁੰਦੀ। ਸਲਾਦ 'ਚ ਕਿਹੜੀਆਂ-ਕਿਹੜੀਆਂ ਸਬਜ਼ੀਆਂ ਨੂੰ ਸ਼ਾਮਲ ਕੀਤਾ ਜਾਵੇ, ਆਉ ਜਾਣਦੇ ਹਾਂ... ਖੀਰੇ ਦਾ ਸੇਵਨ ਕਿਸੇ ਵੀ ਮੌਸਮ 'ਚ ਕੀਤਾ ਜਾ ਸਕਦਾ ਹੈ। ਲੋਕ ਖੀਰੇ ਨੂੰ ਸਲਾਦ ਦੇ ਰੂਪ 'ਚ ਖਾਣਾ ਜ਼ਿਆਦਾ ਪਸੰਦ ਕਰਦੇ ਹਨ। ਇਸ 'ਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਜੋ ਸਰੀਰ ਨੂੰ ਹਾਈਡਰੇਟ ਰੱਖਣ 'ਚ ਮਦਦ ਕਰਦੀ ਹੈ। ਸਲਾਦ ਵਿਚ ਇਸ ਦਾ ਸੇਵਨ ਕਰਨ ਨਾਲ ਢਿੱਡ ਭਰਿਆ ਹੋਇਆ ਮਹਿਸੂਸ ਹੁੰਦਾ ਹੈ।

ਜੇਕਰ ਤੁਸੀਂ ਸਲਾਦ ਨੂੰ ਹੋਰ ਪੌਸ਼ਟਿਕ ਬਣਾਉਣਾ ਚਾਹੁੰਦੇ ਹੋ ਤਾਂ ਇਸ ਵਿਚ ਬ੍ਰੋਕਲੀ ਨੂੰ ਸ਼ਾਮਲ ਕਰੋ। ਇਹ ਪ੍ਰੋਟੀਨ, ਫ਼ਾਈਬਰ, ਵਿਟਾਮਿਨ-ਸੀ ਤੇ ਫ਼ਾਈਟੋਕੈਮੀਕਲਸ ਦਾ ਭਰਪੂਰ ਸਰੋਤ ਹੈ। ਸਲਾਦ 'ਚ ਬ੍ਰੋਕਲੀ ਦੀ ਵਰਤੋਂ ਕਰਨ ਤੋਂ ਪਹਿਲਾਂ ਇਸ ਨੂੰ ਉਬਾਲੋ ਤੇ ਬਰਫ਼ ਦੇ ਠੰਢੇ ਪਾਣੀ ਵਿਚ ਕੁੱਝ ਸਮੇਂ ਲਈ ਰੱਖ ਦਿਉ। ਫਿਰ ਇਸ ਨੂੰ ਕਿਚਨ ਟੌਵਲ ਨਾਲ ਦਬਾ ਕੇ ਸਾਰਾ ਪਾਣੀ ਕੱਢ ਲਵੋ ਅਤੇ ਇਸ ਨੂੰ ਸਲਾਦ 'ਚ ਸ਼ਾਮਲ ਕਰ ਲਵੋ।

ਮੂਲੀ ਅਤੇ ਇਸ ਦੇ ਪੱਤੇ ਸਿਹਤ ਲਈ ਬਹੁਤ ਫ਼ਾਇਦੇਮੰਦ ਹੁੰਦੇ ਹਨ। ਇਸ ਨੂੰ ਸਲਾਦ 'ਚ ਸ਼ਾਮਲ ਕਰਨ ਨਾਲ ਸਾਡੀ ਪਾਚਨ ਕਿਰਿਆ ਠੀਕ ਰਹਿੰਦੀ ਹੈ। ਇਸ ਤੋਂ ਇਲਾਵਾ ਇਹ ਸਰੀਰ ਨੂੰ ਸਰਦੀ, ਖੰਘ, ਜ਼ੁਕਾਮ ਵਰਗੀਆਂ ਸਮੱਸਿਆਵਾਂ ਤੋਂ ਵੀ ਬਚਾਉਂਦੀ ਹੈ। ਬੰਦ ਗੋਭੀ ਸਾਡੇ ਸਰੀਰ ਲਈ ਬਹੁਤ

ਫ਼ਾਇਦੇਮੰਦ ਹੁੰਦੀ ਹੈ। ਇਸ ਦਾ ਸੇਵਨ ਸਲਾਦ ਦੇ ਰੂਪ 'ਚ ਕਰਨ ਨਾਲ ਇਹ ਸਰੀਰ 'ਚ ਮੌਜੂਦ ਕਾਰਬੋਹਾਈਡਰੇਟਸ ਨੂੰ ਚਰਬੀ 'ਚ ਬਦਲਣ ਤੋਂ ਰੋਕਦੀ ਹੈ। ਇਸ ਨੂੰ ਖਾਣ ਨਾਲ ਸਾਡਾ ਭਾਰ ਕੰਟਰੋਲ 'ਚ ਰਹਿੰਦਾ ਹੈ। ਚੁਕੰਦਰ ਦਾ ਸੇਵਨ ਸਲਾਦ ਦੇ ਤੌਰ 'ਤੇ ਜ਼ਰੂਰ ਕਰਨਾ ਚਾਹੀਦਾ ਹੈ। ਇਸ 'ਚ ਭਰਪੂਰ ਮਾਤਰਾ 'ਚ ਵਿਟਾਮਿਨ ਸੀ ਅਤੇ ਫ਼ਾਈਬਰ ਹੁੰਦਾ ਹੈ, ਜੋ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ ਮ ਰ ਥ ਾ ਵਧਾਉਂਦਾ ਹੈ। ਇਸ ਨਾਲ ਸਰੀਰ 'ਚ ਕਦੇ ਖ਼ੂਨ ਦੀ ਕਮੀ ਨਹੀਂ ਹੁੰਦੀ ਅਤੇ ਬਲੱਡ ਸ਼ੂਗਰ ਕੰਟਰੋਲ 'ਚ ਰਹਿੰਦੀ ਹੈ।

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ
– ਹੋਰ ਸੇਵਾਵਾਂ –
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

ਔਰਤਾਂ ਵਾਲੇ ਕੰਮ



ਅੱਠ ਸਾਲ ਬੀਤ ਗਏ ਹਨ। ਮੈਨੂੰ ਖੁਸ਼ੀ ਹੈ ਕਿ ਵਿਆਹ ਤੋਂ ਬਾਅਦ ਮੇਰਾ ਜੀਵਨ ਸਾਥੀ ਘਰ ਦੀ ਹਰ ਜਿ?ਮੇਵਾਰੀ ਵਿੱਚ ਮੇਰੇ ਮੋਢੇ ਨਾਲ ਮੋਢਾ ਲਾ ਕੇ ਚੱਲਦਾ ਹੈ। ਉਸ ਨੇ ਕਦੇ ਵੀ ਘਰ ਦੇ ਕੰਮਾਂ ਤੋਂ ਮੂੰਹ ਨਹੀਂ ਫੇਰਿਆ। ਅਸੀਂ ਦੋਵੇਂ ਜੀਅ ਨਾ ਸਿਰਫ ਸਮਾਜ ਵਿੱਚ ਸਗੋਂ ਘਰ ਵਿੱਚ ਵੀ ਬਰਾਬਰੀ ਅਤੇ ਸਨਮਾਨ ਦੀ ਜ਼ਿੰਦਗੀ ਜੀਅ ਰਹੇ ਹਾਂ। ਨੌਕਰੀ 'ਤੇ ਜਾਣ ਤੋਂ ਪਹਿਲਾਂ ਅਸੀਂ ਦੋਵੇਂ ਆਪੋ-ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦੇ ਹਾਂ ਤੇ ਨੌਕਰੀਆਂ ਤੋਂ ਪਰਤ ਕੇ ਵੀ ਰਲ ਮਿਲ ਕੇ ਕੰਮ ਵਿੱਚ ਜੁਟ ਜਾਂਦੇ ਹਾਂ। ਮੇਰੇ ਜੀਵਨ ਸਾਥੀ ਦੇ ਇਸ ਵਿਹਾਰ ਕਰ ਕੇ ਹੀ ਸ਼ਾਇਦ ਸਾਡੇ ਵਿਚਾਲੇ ਅਕਸਰ ਇਸ ਗੱਲ ਦੀ ਦੌੜ ਲੱਗੀ ਹੁੰਦੀ ਹੈ ਕਿ ਦੂਜੇ ਨੂੰ ਬਹੁਤਾ ਕੰਮ ਨਾ ਕਰਨਾ ਪਵੇ।

ਅੱਜ ਦੇ ਸਮੇਂ ਵਿੱਚ ਪਰਿਵਾਰ ਦੀਆਂ ਵਿੱਤੀ ਲੋੜਾਂ ਨੂੰ ਪੂਰਾ ਕਰਨ ਦੇ ਨਾਲ-ਨਾਲ ਔਰਤ ਦੀ ਸ਼ਖ਼ਸੀ ਆਜ਼ਾਦੀ ਲਈ ਬਹੁਤ ਜ਼ਰੂਰੀ ਹੈ ਕਿ ਉਹ ਘਰ ਦੀ ਚਾਰਦੀਵਾਰੀ 'ਚੋਂ ਬਾਹਰ ਨਿੱਕਲੇ ਅਤੇ ਆਰਥਿਕ ਤੌਰ 'ਤੇ ਸਵੈ-ਨਿਰਭਰ ਬਣੇ। ਔਰਤ ਨੇ ਹਮੇਸ਼ਾ ਹੀ ਪਰਿਵਾਰ ਨੂੰ ਤੋਰਨ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਸਦੀਆਂ ਤੋਂ ਔਰਤ ਘਰ ਦੀ ਹਰ ਉਹ ਜ਼ਿੰਮੇਵਾਰੀ ਨਿਭਾਅ ਰਹੀ ਹੈ ਜੋ ਸਮਾਜ ਨੇ ਉਸ ਦੇ ਮੋਢਿਆਂ 'ਤੇ ਪਾਈ, ਫਿਰ ਵੀ ਪਰਿਵਾਰ ਨਾਮ ਦੀ ਸੰਸਥਾ ਵਿਚ ਉਸ ਦਾ ਦਰਜਾ ਦੋਇਮ ਹੀ ਰਿਹਾ ਹੈ। ਹੁਣ ਔਰਤਾਂ ਨਾ ਸਿਰਫ ਘਰ-ਪਰਿਵਾਰ ਦੀ ਜ਼ਿੰਮੇਵਾਰੀ ਚੁੱਕ ਰਹੀਆਂ ਹਨ ਸਗੋਂ ਮਰਦ ਦੇ ਬਰਾਬਰ ਨੌਕਰੀ ਕਰ ਕੇ ਘਰ ਦੀਆਂ ਵਿੱਤੀ ਲੋੜਾਂ ਵੀ ਪੂਰੀਆਂ ਕਰ ਰਹੀਆਂ ਹਨ। ਇਸ ਤਬਦੀਲੀ ਨਾਲ ਔਰਤਾਂ ਦੀਆਂ ਜ਼ਿੰਮੇਵਾਰੀਆਂ ਪਹਿਲਾਂ ਨਾਲੋਂ ਕਿਤੇ ਵਧ ਗਈਆਂ ਹਨ ਪਰ ਮੱਧਯੁਗੀ ਸੋਚ ਦੇ ਜਿਉਂ ਦੇ ਤਿਉਂ ਬਣੇ ਰਹਿਣ ਕਾਰਨ ਉਸ ਦੀ ਪਰਿਵਾਰਕ ਜ਼ਿੰਦਗੀ ਵਿੱਚ ਕੋਈ ਵੱਡੀ ਤਬਦੀਲੀ ਨਹੀਂ ਵਾਪਰੀ ਹੈ। ਨੌਕਰੀਪੇਸ਼ਾ ਔਰਤਾਂ ਵਾਲੇ ਵੱਡੀ ਗਿਣਤੀ ਪਰਿਵਾਰ ਅਜਿਹੇ ਹਨ ਜਿੱਥੇ ਪਤਨੀ ਸਵੇਰੇ ਸਭ ਤੋਂ ਪਹਿਲਾਂ ਉੱਠ ਕੇ ਸਾਰੇ ਪਰਿਵਾਰ ਨੂੰ ਚਾਹ ਨਾਸ਼ਤਾ ਕਰਵਾਉਂਦੀ ਹੈ, ਬੱਚਿਆਂ ਨੂੰ ਸਕੂਲ ਤੋਰਦੀ ਹੈ ਤੇ ਭੱਜ-ਨੱਠ ਕਰਦੀ ਸਾਹੋ-ਸਾਹ ਹੋਈ ਕਿਸੇ ਤਰ੍ਹਾਂ ਤਿਆਰ ਹੋ ਕੇ ਦਫ਼ਤਰ ਪੁੱਜਦੀ ਹੈ। ਸਾਰਾ ਦਿਨ ਦਫਤਰ ਵਿੱਚ ਕੰਮ ਕਰਨ ਮਗਰੋਂ ਜਦੋਂ ਉਹ ਘਰੇ ਪਰਤਦੀ ਹੈ ਤਾਂ ਉਹੀ ਜ਼ਿੰਮੇਵਾਰੀਆਂ ਮੁੜ ਮੂੰਹ ਟੱਡੀ ਉਸ ਨੂੰ ਉਡੀਕ ਰਹੀਆਂ ਹੁੰਦੀਆਂ ਹਨ। ਸੱਚ-ਮੁੱਚ 'ਕੰਮ ਤੋਂ ਪਰਤ ਕੇ ਔਰਤਾਂ ਕੰਮ 'ਤੇ ਹੀ ਪਰਤਦੀਆਂ ਹਨ'।

ਇੰਦਰਜੀਤ ਕੌਰ

ਸਾਡੇ ਸਮਾਜ ਵਿੱਚ ਦਫਤਰੋਂ ਮੁੜੇ ਪਤੀ ਨੂੰ ਚਾਹ ਪਾਣੀ ਪੁੱਛਣ ਦੀ ਰੀਤ ਤਾਂ ਹੈ ਪਰ ਜਦੋਂ ਪਤਨੀ ਦਫ਼ਤਰ ਤੋਂ ਘਰੇ ਆਵੇ ਤਾਂ ਇਹ ਰੀਤ ਲਾਗੂ ਨਹੀਂ ਹੁੰਦੀ। ਜੇ ਦੋਵੇਂ ਇਕੱਠਿਆਂ ਵੀ ਘਰ ਪਰਤਣ, ਫਿਰ ਵੀ ਪਤਨੀ ਪਤੀ ਲਈ ਪਾਣੀ ਲਿਆਉਣ ਦੀ ਜਿ?ਮੇਵਾਰੀ ਵਿੱਚ ਬੱਝੀ ਹੁੰਦੀ ਹੈ। ਔਰਤ ਦਫ਼ਤਰ ਤੋਂ ਘਰ ਪਰਤਦੀ ਹੈ ਤਾਂ ਉਸ ਲਈ ਰਾਤ ਦਾ ਖਾਣਾ ਤਿਆਰ ਕਰਨਾ, ਬੱਚਿਆਂ ਨੂੰ ਪੜ੍ਹਾਉਣਾ, ਪਰਿਵਾਰ ਦੀ ਸੇਵਾ ਕਰਨਾ ਅਤੇ ਹਰ ਉਹ ਕੰਮ ਕਰਨਾ ਇਸ ਜਿ?ਮੇਵਾਰੀ ਤਹਿਤ ਲਾਜ਼ਮੀ ਹੁੰਦਾ ਹੈ ਕਿ ਇਹ ਕੰਮ ਉਸ ਦੇ ਬਾਹਰ ਜਾਣ ਕਾਰਨ ਹੀ ਰੁਕੇ ਹੋਏ ਸਨ।

ਦੇਖਿਆ ਜਾਵੇ ਤਾਂ ਸਾਡਾ ਸਮਾਜਿਕ ਤੇ ਪਰਿਵਾਰਕ ਢਾਂਚਾ ਪੁੱਤਰ ਨੂੰ ਪਰਜੀਵੀ ਅਤੇ ਹਰ ਧੀ ਨੂੰ ਸੁਚੱਜੀ ਸੇਵਾਦਾਰ ਬਣਾਉਣ ਵਿੱਚ ਜੁਟਿਆ ਹੋਇਆ ਹੈ। ਮੱਧਯੁਗੀ ਸੱਭਿਆਚਾਰ, ਸੰਸਕਾਰ ਅਤੇ ਮਾਣ ਮਰਿਆਦਾ ਦੇ ਨਾਂ 'ਤੇ ਧੀ ਨੂੰ ਆਪਣੀਆਂ ਇੱਛਾਵਾਂ ਤਿਆਗ ਕੇ ਹੋਰਨਾਂ ਲਈ ਕੁਰਬਾਨੀਆਂ ਦੇਣ ਦਾ 'ਕੁਦਰਤੀ ਨੇਮ' ਘੋਟ-ਘੋਟ ਕੇ ਸਿਖਾਇਆ ਜਾਂਦਾ ਹੈ। ਔਰਤ ਘਰੇਲੂ ਕੰਮਾਂ ਦੇ ਨਾਲ-ਨਾਲ ਬੱਚੇ ਵੀ ਸਾਂਭਦੀ ਹੈ, ਨੌਕਰੀ ਕਰ ਕੇ ਪਤੀ ਦੇ ਬਰਾਬਰ ਕਮਾਈ ਵੀ ਕਰਦੀ ਹੈ ਪਰ ਪਿੱਤਰ ਸੱਤਾ ਕਾਰਨ ਮਰਦ ਲਈ ਘਰ ਦੀਆਂ ਜ਼ਿੰਮੇਵਾਰੀਆਂ ਸੰਭਾਲਣਾ ਲਾਜ਼ਮੀ ਨਹੀਂ। ਜੇ ਕੁਝ ਕੁ ਮਰਦ ਇਸ ਜ਼ਿੰਮੇਵਾਰੀ ਵਿੱਚ ਪਤਨੀ ਦਾ ਸਾਥ ਦਿੰਦੇ ਹਨ ਤਾਂ ਉਨ੍ਹਾਂ ਨੂੰ ਵੀ ਬਹੁਤੀ ਵਾਰ ਪਰਿਵਾਰ ਦੇ ਜੀਅ ਅਤੇ ਦੋਸਤ-ਮਿੱਤਰ ਟਿੱਚਰਾਂ ਕਰਦੇ ਹਨ। ਦੋਸਤ ਉਸ ਨੂੰ ਅਕਸਰ 'ਘਰਵਾਲੀ ਦੇ ਥੱਲੇ ਲੱਗਿਆ', 'ਜ਼ੋਰੂ ਦਾ ਗੁਲਾਮ' ਕਹਿੰਦੇ ਹਨ; ਪਰਿਵਾਰ ਦੇ ਜੀਆਂ ਨੂੰ 'ਔਰਤਾਂ ਵਾਲੇ ਕੰਮ' ਕਰਦਿਆਂ ਦੇਖ ਆਪਣੇ ਪੁੱਤਰ 'ਤੇ ਤਰਸ ਆਉਣ ਲੱਗਦਾ ਹੈ। ਇਉਂ ਔਰਤ ਨਾ ਚਾਹੁੰਦੀ ਹੋਈ ਵੀ ਸਹੁਰੇ ਪਰਿਵਾਰ ਵਿੱਚ ਨਫ਼ਰਤ ਦੀ ਪਾਤਰ ਬਣ ਜਾਂਦੀ ਹੈ।

ਬਹਰਹਾਲ, ਸਮੇਂ ਨਾਲ ਕੁਝ ਤਬਦੀਲੀ ਜ਼ਰੂਰ ਆਈ ਹੈ। ਕੁਝ ਮਰਦ ਆਪਣੀ ਇਸ ਜਿ?ਮੇਵਾਰੀ ਨੂੰ ਸਮਝਦੇ ਹੋਏ ਨਾ ਸਿਰਫ ਅੱਗੇ ਵਧ ਕੇ ਪਤਨੀ ਦਾ ਸਾਥ ਦਿੰਦੇ ਹਨ ਸਗੋਂ ਆਪਣੇ ਦੋਸਤਾਂ-ਮਿੱਤਰਾਂ ਤੇ ਜਾਣਕਾਰਾਂ ਨੂੰ ਅਜਿਹਾ ਕਰਨ ਲਈ ਪ੍ਰੇਰਦੇ ਵੀ ਹਨ। ਕੁਝ ਮਹੀਨੇ ਪਹਿਲਾਂ ਜਦੋਂ ਸਾਨੂੰ ਘਰ ਵਿੱਚ ਨਵਾਂ ਜੀਅ ਆਉਣ ਦੀ ਖਬਰ ਮਿਲੀ, ਉਹ ਵੇਲਾ ਸਾਡੇ ਦੋਵਾਂ ਲਈ ਅਮੁੱਲ ਸੀ। ਇਸ ਜਹਾਨ ਅੰਦਰ ਇਸ ਜੀਅ ਦੀ ਆਮਦ ਅਜੇ ਹੋਣੀ ਹੈ ਪਰ ਮੇਰੇ ਜੀਵਨ ਸਾਥੀ ਨੇ ਹੋਰਨਾਂ ਵਾਂਗ ਇਸ ਖੁਸ਼ੀ 'ਤੇ ਸਿਰਫ ਜਸ਼ਨ ਮਨਾਉਣ ਦੀ ਥਾਂ ਉਨ੍ਹਾਂ ਸ਼ੁਰੂਆਤੀ ਦਿਨਾਂ ਤੋਂ ਲੈ ਕੇ ਹੁਣ ਤੱਕ ਹਰ ਦਿਨ ਮੇਰੀ ਅਤੇ ਬੱਚੇ ਦੀ ਸੰਭਾਲ ਕੀਤੀ ਹੈ। ਇਸ ਸਫ਼ਰ ਵਿੱਚ ਹਰ ਕਦਮ 'ਤੇ ਸਾਥ ਦਿੱਤਾ। ਔਰਤ ਲਈ ਇਨ੍ਹਾਂ ਨੌਂ ਮਹੀਨਿਆਂ ਦੀ ਘਾਲਣਾ ਇਕੱਲਿਆਂ ਝੱਲਣਾ ਸੁਖਾਲਾ ਨਹੀਂ ਹੁੰਦਾ ਪਰ ਜਦੋਂ ਉਸ ਦਾ ਸਾਥੀ ਇਸ ਸਫ਼ਰ ਵਿੱਚ ਸਾਥ ਦੇਵੇ ਤਾਂ ਔਰਤ ਦੇ ਦਿਲ ਵਿੱਚ ਸਾਥੀ ਲਈ ਪਿਆਰ ਤੇ ਇੱਜ਼ਤ ਹਜ਼ਾਰਾਂ ਗੁਣਾ ਵਧ ਜਾਂਦੇ ਹਨ। ਉਂਝ ਵੀ, ਇਹ ਮਸਲਾ ਨਿੱਜੀ ਨਹੀਂ, ਬਰਾਬਰੀ ਆਧਾਰਿਤ ਪਰਿਵਾਰਕ ਤੇ ਸਮਾਜਿਕ ਢਾਂਚੇ ਅਤੇ ਸਮੁੱਚੇ ਔਰਤ ਵਰਗ ਦੀ ਆਜ਼ਾਦੀ ਨਾਲ ਜੁੜਿਆ ਹੋਇਆ ਹੈ।

ਸਿੱਖਿਆ ਖੇਤਰ 'ਚ ਵਿਦੇਸ਼ੀ ਨਿਵੇਸ਼ ਦੇ ਮਾਅਨੇ

ਭਾਰਤ ਸਰਕਾਰ ਨੇ 9 ਅਗਸਤ 2018 ਨੂੰ ਪ੍ਰਚਲਿਤ ਵਿਭਾਗੀ ਕਾਨੂੰਨਾਂ ਅਤੇ ਨਿਯਮਾਂ ਤਹਿਤ ਆਟੋਮੈਟਿਕ ਪ੍ਰਵਾਨਗੀ ਰੂਟ ਅਧੀਨ ਸਿੱਖਿਆ ਖੇਤਰ ਵਿਚ 100 ਫ਼ੀਸਦੀ ਵਿਦੇਸ਼ੀ ਸਿੱਧੇ ਨਿਵੇਸ਼ (ਐੱਫਡੀਆਈ) ਦੀ ਇਜਾਜ਼ਤ ਦਿੱਤੀ ਸੀ। ਕੇਂਦਰ ਸਰਕਾਰ ਦੇ ਉਦਯੋਗ ਤੇ ਅੰਦਰੂਨੀ ਵਪਾਰ ਪ੍ਰੋਤਸਾਹਨ ਵਿਭਾਗ ਦੁਆਰਾ ਜਾਰੀ ਅੰਕੜਿਆਂ ਅਨੁਸਾਰ 1 ਅਪ੍ਰੈਲ 2000 ਤੋਂ 31 ਮਾਰਚ 2023 ਤੱਕ ਦੇਸ਼ ਦੇ ਸਿੱਖਿਆ ਖੇਤਰ 'ਚ ਕੁੱਲ 9.2 ਬਿਲੀਅਨ ਅਮਰੀਕੀ ਡਾਲਰ ਦਾ ਵਿਦੇਸ਼ੀ ਨਿਵੇਸ਼ ਆ ਚੁੱਕਾ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਨੇ 8 ਨਵੰਬਰ 2023 ਨੂੰ ਵਿਦੇਸ਼ੀ ਯੂਨੀਵਰਸਿਟੀਆਂ ਲਈ ਦੇਸ਼ 'ਚ ਆਪਣੇ ਕੈਂਪਸ ਖੋਲ੍ਹਣ ਅਤੇ ਚਲਾਉਣ ਵਾਸਤੇ ਨਿਯਮ ਅਧਿਸੂਚਿਤ ਕੀਤੇ ਸਨ।

ਨਿਯਮਾਂ ਅਨੁਸਾਰ ਭਾਰਤ 'ਚ ਕੈਂਪਸ ਸਥਾਪਤ ਕਰਨ ਦਾ ਇਰਾਦਾ ਰੱਖਣ ਵਾਲੇ ਕਿਸੇ ਵੀ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਨ ਨੂੰ ਗਲੋਬਲ ਰੈਂਕਿੰਗ ਦੀ ਸਮੁੱਚੀ ਸ਼੍ਰੇਣੀ 'ਚ ਚੋਟੀ ਦੀਆਂ 500 ਸੰਸਥਾਵਾਂ 'ਚੋਂ ਇਕ ਸਥਾਨ ਜਾਂ ਗਲੋਬਲ ਰੈਂਕਿੰਗ ਦੀ ਵਿਸ਼ਾ-ਵਾਰ ਸ਼੍ਰੇਣੀ 'ਚ ਚੋਟੀ ਦੀਆਂ 500 ਸੰਸਥਾਵਾਂ 'ਚ ਸਥਾਨ ਪ੍ਰਾਪਤ ਹੋਣਾ ਚਾਹੀਦਾ ਹੈ ਤੇ ਕਿਸੇ ਖ਼ਾਸ ਖੇਤਰ 'ਚ ਬੇਮਿਸਾਲ ਮੁਹਾਰਤ ਹੋਣੀ ਚਾਹੀਦੀ ਹੈ। ਇਸ ਬਾਰੇ ਕਮਿਸ਼ਨ ਦੁਆਰਾ ਸਮੇਂ-ਸਮੇਂ 'ਤੇ ਜਾਰੀ ਕੀਤੇ ਗਏ ਫ਼ੈਸਲਿਆਂ ਦੀ ਪਾਲਣਾ ਵੀ ਕਰਨੀ ਹੋਵੇਗੀ। ਜੇ ਕੋਈ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਨ ਵਿਦੇਸ਼ੀ ਯੋਗਦਾਨ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਵਿਦੇਸ਼ੀ ਯੋਗਦਾਨ (ਨਿਯਮ) ਐਕਟ, 2010 ਤਹਿਤ ਪੂਰਵ-ਪ੍ਰਵਾਨਗੀ ਲੈਣੀ ਹੋਵੇਗੀ ਤੇ ਐੱਫਸੀਆਰਏ ਦੇ ਕਾਨੂੰਨੀ ਨਿਯਮਾਂ ਦੀ ਪਾਲਣਾ ਹੋਵੇਗੀ। ਕਿਸੇ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਨ ਦੁਆਰਾ ਦੇਸ਼ 'ਚ ਸੰਸਥਾਨ ਖੋਲ੍ਹਣ ਲਈ ਦਿੱਤੀ ਗਈ ਅਰਜ਼ੀ 'ਤੇ ਯੂਜੀਸੀ ਵੱਲੋਂ ਨਿਯੁਕਤ ਇਕ ਸਥਾਈ ਕਮੇਟੀ ਦੁਆਰਾ ਵਿਚਾਰ ਕੀਤਾ ਜਾਵੇਗਾ। ਇਸ ਤੋਂ ਅਗਲੇ 45 ਦਿਨਾਂ ਦੇ ਅੰਦਰ ਯੂਜੀਸੀ ਮਨਜ਼ੂਰੀ ਪ੍ਰਦਾਨ ਕਰ ਸਕਦਾ ਹੈ ਜਿਸ ਤੋਂ ਬਾਅਦ ਅਜਿਹੀ ਵਿਦੇਸ਼ੀ ਸੰਸਥਾ ਦੋ ਸਾਲਾਂ ਦੇ ਅੰਦਰ-ਅੰਦਰ ਭਾਰਤ ਵਿਚ ਆਪਣਾ ਕੈਂਪਸ ਸਥਾਪਤ ਕਰ ਸਕਦੀ ਹੈ। ਸ਼ੁਰੂਆਤੀ ਮਨਜ਼ੂਰੀ 10 ਸਾਲਾਂ ਲਈ ਹੋਵੇਗੀ ਜਿਸ ਨੂੰ ਮਗਰੋਂ ਹੋਰ ਅੱਗੇ ਵਧਾਇਆ ਜਾ ਸਕਦਾ ਹੈ। ਨਿਯਮਾਂ ਮੁਤਾਬਕ ਯੂਜੀਸੀ ਦੁਆਰਾ ਆਪਣਾ ਕੈਂਪਸ ਸੰਚਾਲਨ ਸ਼ੁਰੂ ਕਰਨ ਦੀ ਆਗਿਆ ਮਿਲਣ ਵਾਲੇ ਨੋਟੀਫਿਕੇਸ਼ਨ ਜਾਰੀ ਹੋਣ ਉਪਰੰਤ ਅਜਿਹੀ ਸੰਸਥਾ ਵਿਦਿਆਰਥੀਆਂ ਨੂੰ ਦਾਖ਼ਲਾ ਦੇ ਸਕਦੀ ਹੈ ਤੇ ਭਾਰਤ 'ਚ ਆਪਣੇ ਕੈਂਪਸ/ਸੰਸਥਾਨ 'ਚ ਫੀਸ ਇਕੱਠੀ ਕਰ ਸਕਦੀ ਹੈ। ਅਜਿਹੀ ਸੰਸਥਾ ਆਪਣੇ ਫੀਸ ਢਾਂਚੇ ਬਾਰੇ ਫ਼ੈਸਲਾ ਕਰਨ ਲਈ ਆਜ਼ਾਦ ਹੋਵੇਗੀ ਤੇ ਉਸ 'ਤੇ ਭਾਰਤੀ ਸੰਸਥਾਵਾਂ 'ਤੇ ਥੋਪੀ ਗਈ ਕੋਈ ਫੀਸ ਸੀਮਾ ਸ਼ਰਤ ਲਾਗੂ ਨਹੀਂ ਹੋਵੇਗੀ ਪਰ ਫੀਸ ਵਾਜਬ ਤੇ ਪਾਰਦਰਸ਼ੀ ਹੋਣੀ ਚਾਹੀਦੀ ਹੈ। ਅਜਿਹਾ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਨ ਆਪਣੇ ਭਾਰਤੀ ਕੈਂਪਸ 'ਚ ਪੂਰੀ ਜਾਂ ਅੰਸ਼ਿਕ ਯੋਗਤਾ-ਆਧਾਰਤ ਜਾਂ ਲੋੜ-ਆਧਾਰਤ ਸਕਾਲਰਸ਼ਿਪ ਤੇ ਭਾਰਤੀ ਵਿਦਿਆਰਥੀਆਂ ਨੂੰ ਫੀਸ ਰਿਆਇਤਾਂ ਪ੍ਰਦਾਨ ਕਰ ਸਕਦਾ ਹੈ।

ਇਨ੍ਹਾਂ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਵਾਂ ਨੂੰ ਆਪਣੇ ਪੇਰੈਂਟ ਕੈਂਪਸਾਂ ਵਿਚ ਫੰਡ ਵਾਪਸ ਭੇਜਣ ਦੀ ਵੀ ਪੂਰੀ ਖੁੱਲ੍ਹ ਹੋਵੇਗੀ। ਪ੍ਰੰਤੂ, ਫੰਡਾਂ ਦੀ ਸਰਹੱਦ-ਪਾਰ ਟਰਾਂਸਫਰ ਅਤੇ ਵਿਦੇਸ਼ੀ ਮੁਦਰਾ ਖਾਤਿਆਂ ਦੀ ਸਾਂਭ-ਸੰਭਾਲ, ਭੁਗਤਾਨ ਦਾ ਢੰਗ, ਪੈਸੇ ਵਾਪਸ ਭੇਜਣਾ ਅਤੇ ਆਮਦਨੀ ਦੀ ਵਿਕਰੀ, ਜੇਕਰ ਕੋਈ ਹੋਵੇ ਤਾਂ ਵਿਦੇਸ਼ੀ ਮੁਦਰਾ ਪ੍ਰਬੰਧਨ ਐਕਟ (ਫੇਮਾ) 1999 ਦੇ ਨਿਯਮਾਂ ਅਨੁਸਾਰ ਕਰਨੀ ਹੋਵੇਗੀ। ਇਨ੍ਹਾਂ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਵਾਂ ਦੇ ਭਾਰਤੀ ਕੈਂਪਸ ਨੂੰ ਅੰਡਰ-ਗ੍ਰੈਜੂਏਟ, ਪੋਸਟ-ਗ੍ਰੈਜੂਏਟ, ਡਾਕਟਰਲ ਅਤੇ ਪੋਸਟ-ਡਾਕਟਰਲ ਪੱਧਰਾਂ 'ਤੇ ਸਰਟੀਫਿਕੇਟ, ਡਿਪਲੋਮੇ, ਡਿਗਰੀਆਂ, ਖੋਜ ਤੇ ਹੋਰ ਅਧਿਐਨ ਪ੍ਰੋਗਰਾਮ ਸ਼ੁਰੂ ਕਰਨ ਦੀ ਇਜਾਜ਼ਤ ਹੋਵੇਗੀ। ਇਹ ਸੰਸਥਾਵਾਂ ਆਪਣੇ ਘਰੇਲੂ ਅਧਿਕਾਰ ਖੇਤਰ ਜਾਂ ਭਾਰਤ ਤੋਂ ਬਾਹਰ ਕਿਸੇ ਹੋਰ ਅਧਿਕਾਰ ਖੇਤਰ 'ਚ ਆਪਣੇ ਪ੍ਰੋਗਰਾਮਾਂ ਦੇ ਪ੍ਰਚਾਰ ਸਬੰਧੀ ਗਤੀਵਿਧੀਆਂ ਕਰਨ ਲਈ 'ਵਿਦੇਸ਼ੀ ਯੂਨੀਵਰਸਿਟੀਆਂ ਸਿੱਖਣ ਕੇਂਦਰ, ਅਧਿਐਨ ਕੇਂਦਰ ਜਾਂ ਫਰੈਂਚਾਇਜ਼ੀ ਨਹੀਂ ਖੋਲ੍ਹ ਸਕਣਗੀਆਂ ਅਤੇ ਨਾ ਹੀ ਆਪਣੇ ਪੇਰੈਂਟ ਕੈਂਪਸ ਦੇ ਪ੍ਰਤੀਨਿਧੀ ਦਫ਼ਤਰਾਂ ਵਜੋਂ ਕੰਮ ਕਰ ਸਕਣਗੀਆਂ। ਉਨ੍ਹਾਂ ਨੂੰ ਆਪਣੇ ਭਾਰਤੀ ਕੈਂਪਸ ਵਿਚ ਕੋਈ ਵੀ ਨਵਾਂ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਕਮਿਸ਼ਨ ਤੋਂ ਅਗਾਊਂ

ਪ੍ਰਵਾਨਗੀ ਲੈਣੀ ਪਵੇਗੀ।

ਇਨ੍ਹਾਂ ਨਿਯਮਾਂ ਤਹਿਤ ਕੋਈ ਵੀ ਪ੍ਰੋਗਰਾਮ ਆਨਲਾਈਨ ਜਾਂ ਓਪਨ ਤੇ ਡਿਸਟੈਂਸ ਲਰਨਿੰਗ ਮੋਡ ਵਿਚ ਪੇਸ਼ ਨਹੀਂ ਕੀਤਾ ਜਾ ਸਕਦਾ ਹੈ। ਦੋ ਜਾਂ ਦੋ ਤੋਂ ਵੱਧ ਵਿਦੇਸ਼ੀ ਯੂਨੀਵਰਸਿਟੀਆਂ ਰਲ ਕੇ ਵੀ ਭਾਰਤ

ਡਾ. ਕੁਲਵੰਤ ਸਿੰਘ ਫੂਲ

ਵਿਚ ਆਪਣਾ ਸਾਂਝਾ ਕੈਂਪਸ ਸਥਾਪਤ ਕਰ ਸਕਦੀਆਂ ਹਨ ਬਸ਼ਰਤੇ ਕਿ ਹਰੇਕ ਸੰਸਥਾ ਵਿਅਕਤੀਗਤ ਤੌਰ 'ਤੇ ਯੋਗਤਾ ਮਾਪਦੰਡ ਪੂਰਾ ਕਰਦੀ ਹੋਵੇ। ਕੋਈ ਵੀ ਵਿਦੇਸ਼ੀ ਉੱਚ ਵਿੱਦਿਅਕ ਸੰਸਥਾ ਭਾਰਤ 'ਚ ਇਕ ਤੋਂ ਵੱਧ ਵੀ ਆਪਣਾ ਕੈਂਪਸ ਸਥਾਪਤ ਕਰ ਸਕਦੀ ਹੈ ਪ੍ਰੰਤੂ ਹਰੇਕ ਪ੍ਰਸਤਾਵਿਤ ਕੈਂਪਸ ਲਈ ਕਮਿਸ਼ਨ ਨੂੰ ਇਕ ਵੱਖਰੀ ਅਰਜ਼ੀ ਦੇਣੀ ਪਵੇਗੀ। ਇਨ੍ਹਾਂ ਵਿਦੇਸ਼ੀ ਸੰਸਥਾਵਾਂ ਨੂੰ ਇਕ ਵਾਰ ਦੀ ਅਰਜ਼ੀ ਫੀਸ ਤੋਂ ਇਲਾਵਾ ਕਮਿਸ਼ਨ ਨੂੰ ਕੋਈ ਹੋਰ ਸਾਲਾਨਾ ਫੀਸ ਅਦਾ ਕਰਨ ਦੀ ਲੋੜ ਨਹੀਂ ਹੋਵੇਗੀ। ਇਹ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਵਾਂ ਆਪਣੇ ਬੁਨਿਆਦੀ ਢਾਂਚੇ, ਜ਼ਮੀਨ, ਭੌਤਿਕ ਤੇ ਮਨੁੱਖੀ ਵਸੀਲਿਆਂ ਦੀ ਵਰਤੋਂ ਕਰ ਕੇ ਆਪਣੇ ਕੈਂਪਸ ਖ਼ੁਦ ਸਥਾਪਤ ਕਰਨਗੀਆਂ। ਇਨ੍ਹਾਂ ਸੰਸਥਾਵਾਂ ਦੁਆਰਾ ਭਾਰਤੀ ਕੈਂਪਸ 'ਚ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀ ਗਈ ਡਿਗਰੀ ਉਨ੍ਹਾਂ ਦੇ ਮੂਲ ਦੇਸ਼ ਵਿਚ ਸੰਸਥਾ ਦੁਆਰਾ ਪ੍ਰਦਾਨ ਕੀਤੀ ਗਈ ਡਿਗਰੀ ਦੇ ਬਰਾਬਰ ਹੋਣੀ ਚਾਹੀਦੀ ਹੈ। ਇਹ ਸੰਸਥਾਵਾਂ ਕੋਈ ਵੀ ਅਜਿਹਾ ਕੋਰਸ/ਪ੍ਰੋਗਰਾਮ ਪੇਸ਼ ਨਹੀਂ ਕਰ ਸਕਦੀਆਂ ਜੋ ਭਾਰਤ ਦੇ ਰਾਸ਼ਟਰੀ ਹਿੱਤਾਂ ਜਾਂ ਉੱਚ ਸਿੱਖਿਆ ਦੇ ਮਿਆਰਾਂ ਨੂੰ ਖ਼ਤਰੇ 'ਚ ਪਾਉਂਦਾ ਹੋਵੇ। ਇਹ ਸੰਸਥਾਵਾਂ ਆਪਣੇ ਭਾਰਤੀ ਅਦਾਰਿਆਂ 'ਚ ਫੈਕਲਟੀ ਤੇ ਸਟਾਫ ਦੀ ਭਰਤੀ ਆਪਣੇ ਨਿਯਮਾਂ ਮੁਤਾਬਕ ਕਰਨ ਲਈ ਖ਼ੁਦਮੁਖ਼ਤਾਰ ਹੋਣਗੀਆਂ। ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਮੁਤਾਬਕ ਸਾਲ 2022 'ਚ ਲਗਪਗ 13 ਲੱਖ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿਚ ਪੜ੍ਹ ਰਹੇ ਸਨ।

ਭਾਰਤੀ ਰਿਜ਼ਰਵ ਬੈਂਕ ਅਨੁਸਾਰ ਵਿੱਤੀ ਸਾਲ 2021-22 ਦੌਰਾਨ ਇਨ੍ਹਾਂ ਵਿਦਿਆਰਥੀਆਂ ਦੇ ਵਿਦੇਸ਼ ਜਾਣ ਕਾਰਨ ਭਾਰਤ ਨੂੰ ਕੋਈ ਪੰਜ ਅਰਬ ਰੁਪਏ ਦੀ ਵਿਦੇਸ਼ੀ ਮੁਦਰਾ ਦਾ ਨੁਕਸਾਨ ਹੋਇਆ ਹੈ। ਇਸ ਲਈ ਇਸ ਸਮੱਸਿਆ ਨੂੰ ਹੱਲ ਕਰਨ ਵਾਸਤੇ ਦੇਸ਼ ਵਿਚ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਵਾਂ ਨੂੰ ਆਪਣੇ ਕੈਂਪਸ ਖੋਲ੍ਹਣ ਦੀ ਆਗਿਆ ਦਿੱਤੀ ਗਈ ਹੈ। ਨਵੀਂ ਸਿੱਖਿਆ ਨੀਤੀ-2020 ਪਹਿਲਾਂ ਹੀ ਜ਼ਿਕਰ ਕਰ ਚੁੱਕੀ ਹੈ ਕਿ ਸੰਸਾਰ ਦੀਆਂ ਚੋਟੀ ਦੀਆਂ 100 ਯੂਨੀਵਰਸਿਟੀਆਂ ਨੂੰ ਵਿਧਾਨਕ ਢਾਂਚੇ ਰਾਹੀਂ ਭਾਰਤ 'ਚ ਕੰਮ ਕਰਨ ਲਈ ਉਤਸ਼ਾਹਤ ਕੀਤਾ ਜਾਵੇਗਾ। ਇਸ ਲਈ ਇਹ ਨਿਯਮ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ ਵਿਚ ਆਪਣਾ ਕੈਂਪਸ ਸਥਾਪਤ ਕਰਨ ਦੀ ਖੁੱਲ੍ਹ ਦੇ ਕੇ ਨਵੀਂ ਸਿੱਖਿਆ ਨੀਤੀ ਦੇ ਦ੍ਰਿਸ਼ਟੀਕੋਣ ਨੂੰ ਅਮਲੀ ਰੂਪ ਦੇਣਗੇ। ਇਹ ਕਦਮ ਨਾ ਸਿਰਫ਼ ਭਾਰਤੀ ਵਿਦਿਆਰਥੀਆਂ ਦੇ ਵਿਦੇਸ਼ਾਂ ਵਿਚ ਪੜ੍ਹਨ ਲਈ ਪਰਵਾਸ ਕਾਰਨ ਹੋਣ ਵਾਲੇ 'ਬ੍ਰੇਨ-ਡਰੇਨ' ਅਤੇ ਕੀਮਤੀ ਵਿਦੇਸ਼ੀ ਮੁਦਰਾ ਦਾ ਨੁਕਸਾਨ ਰੋਕੇਗਾ ਸਗੋਂ ਦੇਸ਼ ਨੂੰ ਵਿਦੇਸ਼ੀ ਵਿਦਿਆਰਥੀਆਂ ਦੇ ਪੜ੍ਹਨ ਲਈ ਆਕਰਸ਼ਣ ਦਾ ਕੇਂਦਰ ਵੀ ਬਣਾਵੇਗਾ। ਜ਼ਿਕਰਯੋਗ ਹੈ ਕਿ ਚੀਨੀ ਵਿਦਿਆਰਥੀਆਂ ਤੋਂ ਬਾਅਦ ਅਮਰੀਕਾ, ਕੈਨੇਡਾ, ਬ੍ਰਿਟੇਨ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ 'ਚ ਵਿਦੇਸ਼ੀ ਵਿਦਿਆਰਥੀਆਂ ਦੀ ਸਭ ਤੋਂ ਵੱਡੀ ਸ਼੍ਰੇਣੀ ਭਾਰਤੀ ਹਨ। ਦੂਸਰੇ ਪਾਸੇ ਆਲੋਚਕ ਮੰਨਦੇ ਹਨ ਕਿ ਅਜਿਹੀ ਖੁੱਲ੍ਹ ਪ੍ਰਦਾਨ ਕਰ ਕੇ ਸਮਾਜਿਕ ਨਿਆਂ ਸਬੰਧੀ ਮੁੱਦਿਆਂ ਬਾਰੇ ਪ੍ਰਮੁੱਖ ਚਿੰਤਾ ਤੇ ਸਮਾਜਿਕ ਤਬਦੀਲੀ ਲਈ ਉਪਲਬਧ ਸ਼ਕਤੀਸਾਲੀ ਸਾਧਨ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ ਕਿਉਂਕਿ ਇਹ ਨਵੇਂ ਨਿਯਮ ਵਿਦੇਸ਼ੀ ਸੰਸਥਾਵਾਂ ਦੇ ਭਾਰਤੀ ਕੈਂਪਸ ਵਿਚ ਵਿਦਿਆਰਥੀਆਂ ਦੇ ਦਾਖ਼ਲਿਆਂ ਵਾਸਤੇ ਜਾਤ, ਵਿੱਤ, ਘੱਟ-ਗਿਣਤੀ, ਹਥਿਆਰਬੰਦ ਬਲਾਂ-ਆਧਾਰਤ, ਦਿਵਯਾਂਗ ਜਾਂ ਲਿੰਗ-ਆਧਾਰਤ ਕੋਈ ਰਾਖਵਾਂਕਰਨ ਪ੍ਰਦਾਨ ਨਹੀਂ ਕਰਦੇ ਹਨ ਜਿਸ ਕਰਕੇ ਆਲੋਚਕ ਭਾਰਤੀ ਉੱਚ ਸਿੱਖਿਆ ਖੇਤਰ 'ਚ ਵਿਦੇਸ਼ੀ ਸੰਸਥਾਵਾਂ ਨੂੰ ਕੰਮ ਕਰਨ ਦੀ ਇਜਾਜ਼ਤ ਦੇਣ ਦਾ ਵਿਰੋਧ ਕਰਦੇ ਹਨ।

ਉਨ੍ਹਾਂ ਦਾ ਤਰਕ ਹੈ ਕਿ ਇਸ ਨਾਲ ਉੱਚ ਸਿੱਖਿਆ ਮਹਿੰਗੀ ਹੋ ਜਾਵੇਗੀ, ਬਹੁਤ ਸਾਰੇ ਲੋਕ, ਖ਼ਾਸ ਕਰਕੇ ਗ਼ਰੀਬ ਵਿਦਿਆਰਥੀ ਉੱਚ ਸਿੱਖਿਆ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਣਗੇ। ਇਸ ਤੋਂ ਇਲਾਵਾ ਇਨਾਂ ਸੰਸਥਾਵਾਂ ਨੂੰ ਕਾਰਪਸ ਫੰਡ ਨਾ ਰੱਖਣ ਤੇ ਵਿਦੇਸ਼ਾਂ 'ਚ ਆਪਣੇ ਮੂਲ ਕੈਂਪਸ ਵੱਲ ਫੰਡ ਵਾਪਸ ਭੇਜਣ ਦੀ ਆਗਿਆ ਦੇਣ ਨਾਲ ਵੀ ਵਿਦੇਸ਼ੀ ਮੁਦਰਾ 'ਤੇ ਮਾੜਾ ਅਸਰ ਪਵੇਗਾ। ਇਹ ਸਹੀ ਹੈ ਕਿ ਭਾਰਤ ਵਿਸ਼ਵ 'ਚ ਉੱਚ ਸਿੱਖਿਆ ਖੇਤਰ 'ਚ ਗਿਆਨ ਦਾ ਕੇਂਦਰ ਤੇ ਵਿਸ਼ਵ-ਗੁਰੂ ਬਣਨ ਦੀ ਸਮਰੱਥਾ ਰੱਖਦਾ ਹੈ। ਉੱਚ ਸਿੱਖਿਆ ਖੇਤਰ 'ਚ ਵਿਦੇਸ਼ੀ ਨਿਵੇਸ਼ ਵਿਦੇਸ਼ਾਂ ਵੱਲ ਪਰਵਾਸ ਕਰ ਰਹੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਨੂੰ ਘਟਾਉਣ ਲਈ ਇਕ ਸੰਭਾਵੀ ਹੱਲ ਤਾਂ ਹੋ ਸਕਦਾ ਹੈ ਪ੍ਰੰਤੂ ਗਾਰੰਟੀਸ਼ੁਦਾ ਹੱਲ ਨਹੀਂ ਹੈ। ਜ਼ਿਆਦਾਤਰ ਭਾਰਤੀ ਵਿਦਿਆਰਥੀ ਸਿਰਫ਼ ਉੱਚ ਸਿੱਖਿਆ ਲਈ ਨਹੀਂ ਸਗੋਂ ਵਧੀਆ ਆਮਦਨ/ਰੁਜ਼ਗਾਰ, ਸਮਾਜਿਕ-ਆਰਥਿਕ ਸੁਰੱਖਿਆ ਤੇ ਪੱਕੀ ਰਿਹਾਇਸ਼ ਤੇ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਵਿਦੇਸ਼ਾਂ ਵੱਲ ਰੁਖ਼ ਕਰਦੇ ਨੇ।

ਔਰਤਾਂ ਨੂੰ ਮਿਲੇ ਬਰਾਬਰੀ ਦਾ ਹੱਕ

ਡਾ. ਰਣਜੀਤ ਸਿੰਘ

ਸਭ ਤੋਂ ਪਹਿਲਾਂ ਅੱਜ ਤੋਂ ਕੋਈ ਪੰਜ ਸੌ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਇਸ ਬੇਇਨਸਾਫ਼ੀ ਵਿਰੁੱਧ ਆਵਾਜ਼ ਉਠਾਈ ਸੀ। ਉਨ੍ਹਾਂ ਨੇ ਲੋਕਾਂ ਨੂੰ ਔਰਤ ਦਾ ਸਤਿਕਾਰ ਕਰਨ ਅਤੇ ਮੰਦਾ ਨਾ ਆਖਣ ਦਾ ਉਪਦੇਸ਼ ਦਿੱਤਾ। ਤੀਜੇ ਗੁਰੂ ਅਮਰ ਦਾਸ ਜੀ ਨੇ ਸਤੀ ਪ੍ਰਥਾ ਵਿਰੁੱਧ ਆਵਾਜ਼ ਬੁਲੰਦ ਕੀਤੀ। ਇਸ ਰਿਵਾਜ ਅਨੁਸਾਰ ਆਪਣੇ ਪਤੀ ਦੀ ਚਿਤਾ ਵਿਚ ਜਿਊਂਦੀ ਸੜਨ ਲਈ ਪਤਨੀ ਨੂੰ ਮਜਬੂਰ ਕੀਤਾ ਜਾਂਦਾ ਸੀ।

ਜੇਕਰ ਭਾਰਤ ਦੇ ਇਤਿਹਾਸ ਵੱਲ ਝਾਤੀ ਮਾਰੀ ਜਾਵੇ ਤਾਂ ਪਤਾ ਚੱਲਦਾ ਹੈ ਕਿ ਸਮਾਜ ਵਿਚ ਔਰਤ ਨੂੰ ਕਦੇ ਵੀ ਮਰਦ ਦੀ ਬਰਾਬਰੀ ਦਾ ਹੱਕ ਪ੍ਰਾਪਤ ਨਹੀਂ ਹੋਇਆ। ਉਸ ਲਈ ਪਤੀ ਹਮੇਸ਼ਾ ਪਰਮੇਸ਼ਰ ਜਾਂ ਮਾਲਕ ਹੀ ਰਿਹਾ ਹੈ। ਔਰਤ ਦਾ ਮੁੱਖ ਕਾਰਜ ਘਰ ਦੀ ਚਾਰਦੀਵਾਰੀ ਤੱਕ ਸੀਮਤ ਰੱਖਿਆ ਗਿਆ ਹੈ। ਆਪਣੇ ਪਤੀ ਦੀ ਸਰੀਰਕ ਭੁੱਖ ਪੂਰੀ ਕਰਨ ਤੇ ਸਾਰੇ ਪਰਿਵਾਰ ਦੀ ਸੇਵਾ ਕਰਨਾ ਹੀ ਉਸ ਦਾ ਧਰਮ ਮੰਨਿਆ ਗਿਆ ਹੈ। ਇੱਥੋਂ ਤੱਕ ਕਿ ਲੋੜ ਪੈਣ ਉੱਤੇ ਪਤਨੀ ਨੂੰ ਆਪਣੇ ਪਤੀ ਦੀ ਹੀ ਨਹੀਂ ਸਗੋਂ ਉਸ ਦੇ ਭਰਾਵਾਂ ਦੀ ਵੀ ਨਾਰ ਬਣ ਕੇ ਰਹਿਣਾ ਪਿਆ ਹੈ। ਪਤਨੀ ਦੇ ਮਰਨ ਪਿੱਛੋਂ ਪਤੀ ਦੂਜਾ ਵਿਆਹ ਕਰਵਾਉਣ ਦਾ ਹੱਕਦਾਰ ਸੀ, ਇਕ ਪਤਨੀ ਦੇ ਹੁੰਦਿਆਂ ਦੂਜੀ ਪਤਨੀ ਵੀ ਲਿਆ ਸਕਦਾ ਸੀ ਪਰ ਵਿਧਵਾ ਹੋਈ ਔਰਤ ਕੋਲੋਂ ਜਿਊਣ ਦੇ ਸਾਰੇ ਹੱਕ ਖੋਹ ਲਏ ਜਾਂਦੇ ਸਨ। ਜੇਕਰ ਕੋਈ ਮਰਦ ਪਰਾਈ ਇਸਤਰੀ ਕੋਲ ਚਲਾ ਜਾਵੇ ਤਾਂ ਉਹ ਅਮੀਰਾਂ ਦੇ ਚੋਚਲੇ, ਜੇਕਰ ਕੋਈ ਔਰਤ ਅਜਿਹਾ ਕਰ ਬੈਠੇ ਤਾਂ ਉਹ ਬਦਨਾਮ ਬਣ ਜਾਂਦੀ ਸੀ ਤੇ ਹੁਣ ਵੀ ਅਜਿਹਾ ਹੀ ਹੈ। ਮਰਦ ਹਮੇਸ਼ਾ ਮਤਲਬੀ ਰਿਹਾ ਹੈ। ਆਪਣੀ ਬਰਾਬਰੀ ਉਸ ਤੋਂ ਸਹਿਣ ਨਹੀਂ ਹੁੰਦੀ।

ਸਭ ਤੋਂ ਪਹਿਲਾਂ ਅੱਜ ਤੋਂ ਕੋਈ ਪੰਜ ਸੌ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਇਸ ਬੇਇਨਸਾਫ਼ੀ ਵਿਰੁੱਧ ਆਵਾਜ਼ ਉਠਾਈ ਸੀ। ਉਨ੍ਹਾਂ ਨੇ ਲੋਕਾਂ ਨੂੰ ਔਰਤ ਦਾ ਸਤਿਕਾਰ ਕਰਨ ਅਤੇ ਮੰਦਾ ਨਾ ਆਖਣ ਦਾ ਉਪਦੇਸ਼ ਦਿੱਤਾ। ਤੀਜੇ ਗੁਰੂ ਅਮਰ ਦਾਸ ਜੀ ਨੇ ਸਤੀ ਪ੍ਰਥਾ ਵਿਰੁੱਧ ਆਵਾਜ਼ ਬੁਲੰਦ ਕੀਤੀ। ਇਸ ਰਿਵਾਜ ਅਨੁਸਾਰ ਆਪਣੇ ਪਤੀ ਦੀ ਚਿਤਾ ਵਿਚ ਜਿਊਂਦੀ ਸੜਨ ਲਈ ਪਤਨੀ ਨੂੰ ਮਜਬੂਰ ਕੀਤਾ ਜਾਂਦਾ ਸੀ।

ਗੁਰੂਘਰ ਵਿਚ ਔਰਤ ਦਾ ਪੂਰਾ ਸਤਿਕਾਰ ਕੀਤਾ ਗਿਆ। ਦਸਮੇਸ਼ ਪਿਤਾ ਨੇ ਔਰਤਾਂ ਨੂੰ ਵੀ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਸਮਾਜ ਵਿਚ ਬਰਾਬਰੀ ਦੀ ਲਹਿਰ ਚਲਾਈ। ਉਨ੍ਹਾਂ ਨੇ ਆਪਣੇ ਸਿੰਘਾਂ ਨੂੰ ਹੁਕਮ ਕੀਤਾ ਕਿ ਜੰਮਦਿਆਂ ਹੀ ਕੁੜੀਆਂ ਨੂੰ ਮਾਰਨਾ ਮਹਾ-ਪਾਪ ਹੈ। ਇਹ ਘੋਰ ਅਪਰਾਧ ਨਾ ਕੀਤਾ ਜਾਵੇ। ਜੇਕਰ ਕੋਈ ਅਜਿਹਾ ਕਰਦਾ ਹੈ ਤਾਂ ਉਸ ਨਾਲ ਕੋਈ ਵੀ ਸਮਾਜਿਕ ਸਬੰਧ ਨਾ ਰੱਖਿਆ ਜਾਵੇ। ਇਸ ਕਰਕੇ ਹੀ ਸਿੰਘਣੀਆਂ ਨੇ ਵੀ ਸਿੰਘਾਂ ਦੇ ਬਰਾਬਰ ਲੋਕ ਹੱਕਾਂ ਦੀ ਰਾਖੀ ਲਈ ਕੁਰਬਾਨੀਆਂ ਦਿੱਤੀਆਂ। ਗੁਰੂ ਦੇ ਸਿੰਘਾਂ ਨੇ ਔਰਤ ਦਾ ਪੂਰਾ ਸਤਿਕਾਰ ਕੀਤਾ ਅਤੇ ਪਰਾਈ ਔਰਤ ਵੱਲ ਕਦੇ ਅੱਖ ਚੁੱਕ ਕੇ ਨਹੀਂ ਵੇਖਿਆ ਸਗੋਂ ਧਾੜਵੀਆਂ ਹੱਥੋਂ ਚੁੱਕੀਆਂ ਔਰਤਾਂ ਨੂੰ ਛੁਡਵਾਇਆ।

ਆਜ਼ਾਦੀ ਪਿੱਛੋਂ ਸਾਡੇ ਸੰਵਿਧਾਨ ਵਿਚ ਔਰਤਾਂ ਨੂੰ ਬਰਾਬਰੀ ਦੇ ਹੱਕ ਦਿੱਤੇ ਗਏ ਹਨ। ਪਰ ਸਮਾਜਿਕ ਤੌਰ 'ਤੇ ਅਜੇ ਵੀ ਮਰਦ ਉਸ ਦੀ ਬਰਾਬਰੀ ਕਬੂਲਣ ਲਈ ਤਿਆਰ ਨਹੀਂ ਹੈ। ਔਰਤ ਭਾਵੇਂ ਕਿੰਨੇ ਵੱਡੇ ਅਹੁਦੇ ਉੱਤੇ ਕੰਮ ਕਰਦੀ ਹੋਵੇ, ਫਿਰ ਵੀ ਘਰ ਵਿਚ ਬੈਠਾ ਨਿਖੱਟੂ ਮਰਦ ਇਹੋ ਉਮੀਦ ਕਰੇਗਾ ਕਿ ਪਤਨੀ ਹੀ ਕੰਮ ਤੋਂ ਵਾਪਸ ਆ ਕੇ ਰੋਟੀ ਦਾ ਕੰਮ ਕਰੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਦੀ ਰਾਸ਼ਟਰਪਤੀ ਇਕ ਔਰਤ ਹੈ। ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਵੀ ਔਰਤ ਬੈਠ ਚੁੱਕੀ ਹੈ। ਮੁੱਖ ਮੰਤਰੀ ਤੇ ਹੋਰ ਅਹੁਦਿਆਂ ਉੱਤੇ ਵੀ ਔਰਤਾਂ ਪੁੱਜੀਆਂ ਹਨ। ਪੜ੍ਹਾਈ ਤੇ ਹੋਰ ਹਰ ਖੇਤਰ ਵਿਚ ਮਰਦਾਂ ਤੋਂ ਅੱਗੇ ਹੋਣ ਦੇ ਬਾਵਜੂਦ ਔਰਤ ਨੂੰ ਬਰਾਬਰੀ ਪ੍ਰਾਪਤ ਨਹੀਂ ਹੋਈ ਹੈ।

ਜੇ ਕਿਸੇ ਮਰਦ ਨੂੰ ਬੇਟਾ ਜਾਂ ਬੇਟੀ ਦੀ ਲੋੜ ਬਾਰੇ ਪੁੱਛਿਆ ਜਾਵੇ ਤਾਂ ਲਗਪਗ ਸਾਰੇ ਪਤੀ ਹੀ ਪਹਿਲੀ ਔਲਾਦ ਬੇਟਾ ਹੀ ਪਸੰਦ ਕਰਨਗੇ। ਜਦਕਿ ਵੇਖਣ 'ਚ ਆਇਆ ਹੈ ਕਿ ਲੋੜ ਵੇਲੇ ਮਾਪਿਆਂ ਦੀ ਸੇਵਾ ਆਮ ਕਰਕੇ ਕੁੜੀਆਂ ਹੀ ਕਰਦੀਆਂ ਹਨ। ਪੰਚਾਇਤਾਂ ਵਿਚ ਪੰਚਾਂ ਤੇ ਸਰਪੰਚਾਂ ਦੀਆਂ ਕੁਝ ਸੀਟਾਂ ਔਰਤਾਂ ਲਈ ਰਾਖਵੀਆਂ ਕੀਤੀਆਂ ਗਈਆਂ ਹਨ। ਪਰ ਬਹੁਤੇ ਥਾਵੀਂ ਔਰਤਾਂ ਦੇ ਨਾਂ ਕਾਗਜ਼ਾਂ ਤੱਕ ਹੀ ਸੀਮਤ ਹਨ। ਅਸਲ ਕੰਮ ਤਾਂ ਉਨ੍ਹਾਂ ਦੇ ਪਤੀ ਹੀ ਕਰਦੇ ਹਨ।

ਹੁਣ ਜਦੋਂ ਆਪਣੀ ਮਿਹਨਤ ਸਦਕਾ ਔਰਤਾਂ ਹਰ ਖੇਤਰ ਵਿਚ ਮਰਦਾਂ ਦੀ ਬਰਾਬਰੀ ਹੀ ਨਹੀਂ ਕਰ ਰਹੀਆਂ ਸਗੋਂ ਅੱਗੇ ਲੰਘ ਰਹੀਆਂ ਹਨ ਤਾਂ ਮਰਦਾਂ ਦੇ ਢਿੱਡ ਪੀੜ ਸ਼ੁਰੂ ਹੋ ਗਈ ਹੈ। ਉਹ ਧਾਰਮਿਕ ਕੱਟੜਵਾਦ ਜਾਂ ਸੰਸਕ੍ਰਿਤੀ ਦੇ ਨਾਂ 'ਤੇ ਔਰਤਾਂ ਉੱਤੇ ਜ਼ਬਰਦਸਤੀ ਰੋਕ ਲਗਾਉਣ ਲੱਗ ਪਏ ਹਨ। ਹਰ ਪਾਸੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਮਨੁੱਖੀ ਹੱਕਾਂ ਦਾ ਘਾਣ ਹੋ ਰਿਹਾ ਹੈ ਅਤੇ ਨਾ-ਬਰਾਬਰੀ ਵਧ ਰਹੀ ਹੈ। ਜੇਕਰ ਕੋਈ ਕੁੜੀ ਕਿਸੇ ਮੁੰਡੇ ਨਾਲ ਹੱਸ ਕੇ ਗੱਲ ਕਰ ਲੈਂਦੀ ਹੈ ਤਾਂ ਆਫ਼ਤ ਆ ਜਾਂਦੀ ਹੈ। ਆਪਣੇ-ਆਪ ਸਮਾਜ ਦੇ ਠੇਕੇਦਾਰ ਬਣੇ ਕੁਝ ਵਿਹਲੜ ਲੋਕ ਪੱਛਮੀ ਸੱਭਿਆਚਾਰ ਨੂੰ ਫੈਲਣ ਤੋਂ ਰੋਕਣ ਦੇ ਨਾਂ ਹੇਠ ਕਾਨੂੰਨ ਨੂੰ ਆਪਣੇ ਹੱਥ ਵਿਚ ਲੈਣ ਦਾ ਯਤਨ ਕਰਦੇ ਹਨ।

ਉਹ ਔਰਤਾਂ ਲਈ ਪਹਿਨਣ, ਖਾਣ ਤੇ ਘੁੰਮਣ ਲਈ ਨਿਯਮ-ਕਾਇਦੇ ਨਿਸ਼ਚਤ ਕਰ ਰਹੇ ਹਨ ਅਤੇ ਆਪ ਸਭ ਤੋਂ ਵੱਧ ਕੁਕਰਮ ਕਰਦੇ ਹਨ। ਔਰਤਾਂ ਦਾ ਇਕੱਲੇ ਸਫ਼ਰ ਕਰਨਾ ਔਖਾ ਹੈ। ਦਫ਼ਤਰਾਂ ਵਿਚ ਸ਼ੋਸ਼ਣ ਹੁੰਦਾ ਹੈ, ਘਰੇਗੀ ਕਲੇਸ਼ ਝੱਲਣਾ ਪੈਂਦਾ ਹੈ। ਇੱਥੋਂ ਤੱਕ ਕਿ ਮਾਦਾ ਭਰੂਣ ਹੱਤਿਆ ਕੀਤੀ ਜਾਂਦੀ ਹੈ। ਕਿਰਤ ਦਾ ਸਤਿਕਾਰ, ਇਮਾਨਦਾਰੀ, ਮਿਹਨਤ ਅਤੇ ਮਨੁੱਖੀ ਬਰਾਬਰੀ ਪੱਛਮੀ ਸੱਭਿਆਚਾਰ ਦੇ ਅਟੁੱਟ ਅੰਗ ਹਨ।

ਸਾਡੇ ਨੌਜਵਾਨ ਇਨ੍ਹਾਂ ਪ੍ਰਭਾਵਾਂ ਨੂੰ ਕਬੂਲਣ ਦੀ ਥਾਂ ਮੀਡੀਆ ਦੇ ਪ੍ਰਭਾਵ ਨੂੰ ਕਬੂਲ ਰਹੇ ਹਨ। ਬਹੁਤੇ ਸੀਰੀਅਲ ਨੌਜਵਾਨਾਂ ਨੂੰ ਗਿਆਨ-ਵਿਗਿਆਨ ਨਾਲ ਜੋੜਨ ਦੀ ਥਾਂ ਆਪਸੀ ਸਬੰਧਾਂ ਦੀਆਂ ਹੇਰਾਫੇਰੀਆਂ, ਬੇਈਮਾਨੀ ਤੇ ਨੰਗੇਜ਼ਵਾਦ ਦਾ ਪ੍ਰਦਰਸ਼ਨ ਕਰਦੇ ਹਨ। ਇਨ੍ਹਾਂ ਵਿਰੁੱਧ ਕਦੇ ਵੀ ਸਮਾਜ ਦੇ ਠੇਕੇਦਾਰਾਂ ਨੇ ਆਵਾਜ਼ ਬੁਲੰਦ ਨਹੀਂ ਕੀਤੀ। ਔਰਤ ਮਾਂ, ਧੀ ਅਤੇ ਪਤਨੀ ਦੇ ਰੂਪ ਵਿਚ ਹਮੇਸ਼ਾ ਮਰਦਾਂ ਦੀ ਸੇਵਾ ਕਰਦੀ ਹੈ।

ਅਸੀਂ ਇੰਨੇ ਅਕ੍ਰਿਤਘਣ ਹਾਂ ਕਿ ਔਰਤ ਦਾ ਸਤਿਕਾਰ ਕਰਨ ਦੀ ਥਾਂ ਉਸ ਉੱਤੇ ਪਾਬੰਦੀਆਂ ਲਾਉਂਦੇ ਹਾਂ। ਸਰੀਰਕ ਭੁੱਖ ਪੂਰੀ ਕਰਨ ਲਈ ਉਨ੍ਹਾਂ ਨਾਲ ਜ਼ਬਰਦਸਤੀ ਕਰ ਕੇ ਉਨ੍ਹਾਂ ਦਾ ਜੀਵਨ ਤਬਾਹ ਕਰ ਰਹੇ ਹਾਂ। ਜੇਕਰ ਸਮਾਜਿਕ ਕਦਰਾਂ-ਕੀਮਤਾਂ ਦੀ ਇੰਨੀ ਹੀ ਫ਼ਿਕਰ ਹੈ ਤਾਂ ਜਬਰ-ਜਨਾਹ ਕਰਨ ਵਾਲਿਆਂ ਵਿਰੁੱਧ ਮੁਹਿੰਮ ਚਲਾਈਏ, ਰਿਸ਼ਵਤਖੋਰਾਂ ਨੂੰ ਨਕੇਲ ਪਾਈਏ, ਨੌਜਵਾਨਾਂ ਨੂੰ ਨਸ਼ਿਆਂ ਦੇ ਚੁੰਗਲ ਤੋਂ ਬਚਾਈਏ ਅਤੇ ਨਾ-ਬਰਾਬਰੀ ਦਾ ਖ਼ਾਤਮਾ ਕਰੀਏ। ਉਦੋਂ ਹੀ ਸਮਾਜਿਕ ਕਦਰਾਂ-ਕੀਮਤਾਂ ਦੀ ਰਾਖੀ ਹੋ ਸਕੇਗੀ।

ਔਰਤਾਂ ਦੇ ਹੱਕਾਂ 'ਤੇ ਡਾਕਾ ਤੇ ਉਨ੍ਹਾਂ ਦਾ ਸ਼ੋਸ਼ਣ ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਹੋਰ ਵੀ ਬਹੁਤ ਸਾਰੇ ਦੇਸ਼ਾਂ ਵਿਚ ਹੁੰਦਾ ਹੈ। ਜੇਕਰ ਸੱਚੁਮੱਚ ਅਸੀਂ ਸਮਾਜ ਨੂੰ ਸੁੰਦਰ, ਖੁਸ਼ਗਵਾਰ ਅਤੇ ਪਰਿਵਾਰ ਨੂੰ ਸਵਰਗ ਬਣਾਉਣਾ ਚਾਹੁੰਦੇ ਹਾਂ ਤਾਂ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਔਰਤਾਂ ਦਾ ਸਤਿਕਾਰ ਕਰੀਏ। ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਬਚਨਬੱਧ ਹੋਈਏ ਅਤੇ ਬਰਾਬਰੀ ਦਾ ਸਥਾਨ ਦੇਣ ਦਾ ਪ੍ਰਣ ਕਰੀਏ। ਔਰਤ ਤੋਂ ਬਿਨਾਂ ਪਰਿਵਾਰ ਅਤੇ ਸਮਾਜ ਸੰਭਵ ਹੀ ਨਹੀਂ ਹੈ। ਔਰਤਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਪ੍ਰਤੀ ਚੇਤੰਨ ਹੋਣਾ ਚਾਹੀਦਾ ਹੈ।

ਕਿੱਟੀ ਪਾਰਟੀਆਂ ਜਾਂ ਬਿਊਟੀ ਪਾਰਲਰਾਂ ਵਿਚ ਜ਼ਰੂਰ ਜਾਓ ਪਰ ਆਪਣੇ ਬੱਚਿਆਂ ਲਈ ਵੀ ਕੁਝ ਸਮਾਂ ਕੱਢੋ। ਸਕੂਲੋਂ ਆਉਣ 'ਤੇ ਉਨ੍ਹਾਂ ਦਾ ਆਪ ਸਵਾਗਤ ਕਰੋ। ਤਾਜ਼ੀ ਰੋਟੀ ਖਾਣ ਨੂੰ ਦੇਵੋ। ਉਨ੍ਹਾਂ ਨਾਲ ਗੱਲਾਂ ਕਰੋ ਅਤੇ ਚੰਗੇ ਸੰਸਕਾਰ ਦੇਵੋ ਤਾਂ ਜੋ ਉਨ੍ਹਾਂ ਵਿਚ ਚੰਗੀਆਂ ਆਦਤਾਂ ਪੈਣ ਅਤੇ ਉਹ ਨਿਰਾਸ਼ਾ ਤੋਂ ਦੂਰ ਰਹਿਣ। ਟੀਵੀ ਸੀਰੀਅਲਾਂ ਦੇ ਪਿੱਛੇ ਲੱਗ ਭੈੜੀਆਂ ਆਦਤਾਂ ਤੋਂ ਬਚਿਆ ਜਾਵੇ। ਸਰੀਰਕ ਸੁੰਦਰਤਾ ਵੱਲ ਧਿਆਨ ਜ਼ਰੂਰ ਦੇਵੋ ਪਰ ਇਸ ਦੀ ਨੁਮਾਇਸ਼ ਨਾ ਕੀਤੀ ਜਾਵੇ। ਚਰਿੱਤਰ ਉਸਾਰੀ ਤੇ ਅਨੁਸ਼ਾਸਨ ਵੱਲ ਆਪ ਵੀ ਧਿਆਨ ਦੇਵੋ ਤੇ ਬੱਚਿਆਂ ਨੂੰ ਵੀ ਇਹੋ ਸਬਕ ਸਿਖਾਇਆ ਜਾਵੇ। ਉਨ੍ਹਾਂ ਦੇ ਹੱਥਾਂ 'ਚ ਸੁਰਤ ਸੰਭਾਲਦਿਆਂ ਹੀ ਸਮਾਰਟਫੋਨ ਨਾ ਫੜਾਇਆ ਜਾਵੇ। ਹੁਣ ਜਦੋਂ ਔਰਤਾਂ ਬਰਾਬਰ ਜਾਂ ਮਰਦ ਤੋਂ ਵੀ ਵੱਧ ਕਮਾਈ ਕਰਦੀਆਂ ਹਨ ਤਾਂ ਇਸ ਵਖਰੇਵੇਂ ਨੂੰ ਵੀ ਦੂਰ ਕੀਤਾ ਜਾਵੇ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

ਹੱਥ ਨਾ ਅੱਪੜੇ ਥੂਹ ਕੌੜੀ !

ਗੱਠ-ਜੋੜ ਲਈ ਜ਼ੋਰ ਤਾਂ ਬੜਾ ਲਾਇਆ
'ਪਤੀ' ਸਾਬਕਾ ਅੜ ਗਿਆ ਅੜੀ ਉੱਤੇ।
ਮੰਨੀਂ ਗਈ ਨਾ ਕੋਈ ਮੰਗ 'ਤੱਕੜੀ' ਦੀ
ਚੁੱਪ ਕਰ ਗਈ ਕਮਲ ਦੀ ਤੜੀ ਉੱਤੇ।
'ਢਕੀ ਰਿੱਝੀ' ਸੀ ਬਾਹਰ ਨਾ ਭਾਫ ਕੱਢੀ
ਪਾਲਸ਼ 'ਕੋਰ ਕਮੇਟੀ' ਦੀ ਚੜ੍ਹੀ ਉੱਤੇ।
ਗੁੱਸੇ ਵਿੱਚ ਪੰਜਾਬ ਪਿਆ ਘੂਰਦਾ ਐ
ਰਿਪੋਰਟ 'ਝੂੰਦਾ ਕਮੇਟੀ' ਦੀ ਖੜ੍ਹੀ ਉੱਤੇ।
ਇਨ੍ਹਾਂ ਉੱਪਰ 'ਅਖਾਣ' ਜੋ ਢੁੱਕਦਾ ਐ
ਵਾਰਾਂ ਭਾਈ ਗੁਰਦਾਸ ਵਿੱਚ ਸਜਦਾ ਏ।
ਹੱਥ ਗਿੱਦੜ ਦਾ 'ਦਾਖਾਂ' ਤੱਕ ਅੱਪੜੇ ਨਾ
'ਥੂਹ ਕੌੜੀ' ਕਹਿ ਘੁਰਨੇ ਵੱਲ੍ਹ ਭੱਜਦਾ ਏ!

-ਤਰਲੋਚਨ ਸਿੰਘ 'ਦੁਪਾਲ ਪੁਰ'
78146-92724

ਗ਼ਜ਼ਲ

ਉਦਾਸ ਬੈਠਾ ਹਾਂ, ਉਹਦੀ ਯਾਦ ਚ'ਬੁਲਾਉ ਨਾ ਕੋਈ ਮੈਨੂੰ।
ਕੁੱਝ ਸਮੇਂ ਲਈ ਇਕੱਲਾ ਛੱਡ ਦਿਉ ਸਤਾਉ ਨਾ ਕੋਈ ਮੈਨੂੰ।

ਮੇਰੇ ਅੰਦਰ ਤੂਫ਼ਾਨ ਚਲਦੇ ਨੇ' ਅਣਸੁਲਝੇ ਸਵਾਲਾਂ ਦੇ ਕਈ
ਸੋਚਾਂ ਦੇ ਵਰੋਲੇ ਵਿੱਚੋਂ ਬਾਹਰ ਵੀ ਕਢਾਉ ਕੋਈ ਮੈਨੂੰ।

ਗੁਨਾਹ ਕੀਤਾ ਵੀ ਨਹੀਂ ਤੇ ਗੁਨਾਹਗਾਰ ਵੀ ਹਾਂ ਮੈਂ
ਜਵਾਬ ਹੈ ਨਹੀ ਜਿਸਦਾ ਉਹ ਸਵਾਲ ਨਾ ਪਾਉ ਕੋਈ ਮੈਨੂੰ।

ਇਹ ਜੋ ਪੈਂਡਾ ਹਰਗਿਜ਼ ਨਾ ਮੇਰੀ ਮਰਜ਼ੀ ਦਾ ਮੇਰੇ ਦੋਸਤ
ਕੋਈ ਮੰਜ਼ਲ ਦਾ ਰਸਤਾ ਵੀ ਤਾਂ ਦਿਖਾਉ ਮੈਨੂੰ ਕੋਈ।

ਮੈਂ ਖੁਦ ਨੂੰ ਅਪਣਾ ਜਿਹਾ ਨਹੀ ਲਗਦਾ ਦੇਖਦਾ ਹਾਂ ਮੈਂ ਜਦ ਸ਼ੀਸ਼ਾ
ਇਸ ਬਿਗਾਨੇ ਸਖ਼ਸ਼ ਦੀ ਪਹਿਚਾਣ ਤਾਂ ਕਰਾਉ ਕੋਈ ਮੈਨੂੰ।

ਬੈਠਾਂ ਚੰਨ ਦੀ ਛਾਂਵੇ ਸੂਰਜ ਦੀ ਪਹਿਲੀ ਕਿਰਨ ਫ਼ੜਨ ਖਾਤਿਰ
ਭਰਨਾ ਮੈਂ ਕਿਵੇਂ ਚਾਨਣ ਮੁੱਠੀ ਚ ਇਹ ਤਾਂ ਸਿਖਾਉ ਕੋਈ ਮੈਨੂੰ।

ਜਖ਼ਮੀ ਲੱਗਦਾ ਹੈ ਹਰ ਮਾਨਵ ਇਸ ਦਰਦ ਭਰੀ ਭੀੜ ਵਿੱਚ
ਮੁੱਗਾਂ ਸੱਖ ਰੱਬ ਕੋਲੋਂ ਉਹਦੇ ਨਾਲ ਤਾਂ ਮਿਲਾਉ ਕੋਈ ਮੈਨੂੰ।

ਕਰਕੇ ਕੱਠੇ ਰੰਗ ਸਜਾਉਣੇ ਨੇ ਸੁਪਨੇ ਸਤਰੰਗੀ ਪੀਂਘ ਵਰਗੇ
ਜਿਸ ਬਸਤੀ 'ਚ ਵਸੇ ਉਹ ਲਲਾਰੀ ਉੱਥੇ ਤਾਂ ਪਹੁੰਚਾਉ ਕੋਈ ਮੈਨੂੰ।

ਭੁਪਿੰਦਰ ਪਰਵਾਜ਼ ਕੋਟਕਪੂਰਾ

ਲੋਕ ਤੱਥ

ਡੱਬ ਵਾਲਾ ਬੱਚਾ ਕਦੇ ਜੋਸ਼ 'ਚ ਨਹੀਂ ਕੱਢੀ ਦਾ,
ਤਾਹਨਾ ਨਹੀਓਂ ਦੇਈਦਾ ਲੂਣ ਵਾਲੀ ਲੱਸੀ ਦਾ।

ਮਾਣ ਕਦੇ ਤੋੜੀਏ ਨਾ ਬਾਣੀਏ ਦੀ ਹੱਟੀ ਦਾ,
ਹੱਕ ਕਦੇ ਰੱਖੀਏ ਨਾ ਦਾਣਿਆ ਦੀ ਭੱਠੀ ਦਾ।

ਵੈਰੀ ਦੀ ਬਗੀਚੀ ਚੋਂ ਵੀ ਬੂਟਾ ਨਹੀਓਂ ਪੁੱਟੀ ਦਾ,
ਮਾਰ ਕੇ ਜਹਿਰੀਲਾ ਸੱਪ ਝਾੜੀ 'ਚ ਨਹੀਂ ਸੁੱਟੀ ਦਾ।

ਸੱਚੀਆਂ ਮੁਹੱਬਤਾਂ ਦਾ ਮੁੱਲ ਨਹੀਓਂ ਵੱਟੀ ਦਾ,
ਸੱਜਣਾਂ 'ਤੇ ਭੀੜ ਪਵੇ ਛੱਡ ਕੇ ਨਹੀਂ ਨੱਸੀ ਦਾ।

ਨਾਗ ਨਾ ਬਣਾਈਏ ਕਦੇ ਹੱਥ ਆਈ ਰੱਸੀ ਦਾ,
ਰੱਬੋਂ ਮਾਰੇ ਬੰਦੇ ਦੀ ਗਰੀਬੀ 'ਤੇ ਨਹੀਂ ਹੱਸੀ ਦਾ।

ਛੱਡੀਏ ਨਾ ਹੱਥ ਕਦੇ ਲਾਵਾਂ ਲੈ ਕੇ ਨੱਢੀ ਦਾ,
ਬਿਨਾਂ ਪੁੱਛੇ ਸਾਂਝਾ ਕਦੇ ਰੁੱਖ ਨਹੀਓਂ ਵੱਢੀ ਦਾ।

ਗੁੱਸੇ ਵਿੱਚ ਬਾਬਲੇ ਦਾ ਘਰ ਨਹੀਓਂ ਛੱਡੀ ਦਾ,
ਪਿੱਛਾ ਨਹੀਂ ਤਕਾਈਦਾ ਭਾਬੋ ਛੋਟੀ-ਵੱਡੀ ਦਾ।

ਜਰ-ਜੋਰੂ ਵੀ ਵਿਕਾ ਦਿੰਦਾ ਮੱਟ ਘਰ ਕੱਢੀ ਦਾ,
ਲੱਗ ਕੇ ਸ਼ਰੀਕਾਂ ਪਿੱਛੇ ਭਾਈ ਨਹੀਓਂ ਵੱਢੀ ਦਾ।

ਰੱਖ ਲਈਏ ਮਾਣ ਗੱਲ ਕੀਤੀ ਭੈਣ ਵੱਡੀ ਦਾ,
ਵਿਧਵਾ ਜੇ ਭਾਬੋ ਹੋਜੇ ਘਰੋਂ ਨਹੀਓਂ ਕੱਢੀ ਦਾ।

ਪੁੱਛ ਦੁੱਖ ਪ੍ਰਦੇਸੀਆਂ ਨੂੰ ਸਮਿਓਂ ਖੁੰਝੀ ਗੱਡੀ ਦਾ,
'ਗਿੱਲ' ਮਾਪਿਆਂ ਨੂੰ ਸੁੰਨੇ ਨਹੀਂ ਬੁਢੇਪੇ ਵਿੱਚ ਛੱਡੀ ਦਾ।

ਬੇਅੰਤ ਕੌਰ ਗਿੱਲ

ਮੈਂ ਚੁੱਪ ਰਿਹਾ

ਮੈਂ ਚੁੱਪ ਰਿਹਾ ਹਰ ਵੇਲੇ ਜ਼ੁਲਮ ਦੇਖ
ਤਾਂਹੀ ਮੇਰੀ ਚੁੱਪ ਤੇ ਕਈ ਸਵਾਲ ਉੱਠੇ
ਜਦੋਂ ਸਿਰ ਤੋਂ ਪਾਣੀ ਲੰਘਣ ਲੱਗਾ
ਫਿਰ ਬੋਲਣ ਲਈ ਮਨ'ਚ ਬਵਾਲ ਉੱਠੇ

ਮੈਂ ਚੁੱਪ ਰਿਹਾ ਉਦੋਂ ਵੀ ਇਹ ਦੇਖ
ਜਦੋਂ ਧਰਮ ਦੇ ਨਾਮ ਤੇ ਪਈਆਂ ਵੰਡੀਆਂ ਸੀ
ਇੱਕ ਰੰਗ ਦਾ ਖੂਨ ਹੀ ਡੁੱਲ੍ਹਦਾ ਰਿਹਾ
ਭਾਵੇਂ ਹੱਥਾਂ 'ਚ ਵੱਖੋ ਵੱਖਰੀਆਂ ਝੰਡੀਆਂ ਸੀ

ਮੈਂ ਚੁੱਪ ਰਿਹਾ ਉਦੋਂ ਵੀ ਇਹ ਦੇਖ
ਜਦੋਂ ਨਸ਼ਾ ਵਿਕਦਾ ਰਿਹਾ ਹਰ ਦੁਕਾਨ ਅੰਦਰ
ਬਾਹਵਾਂ ਵਿੱਚ ਹੀ ਸਰਿੰਜ ਰਹਿਗੀ ਬੱਚਿਆਂ ਦੇ
ਮਾਵਾਂ ਦੀਆਂ ਚੀਕਾਂ ਗੁੰਜੀਆਂ ਅਸਮਾਨ ਅੰਦਰ

ਮੈਂ ਚੁੱਪ ਰਿਹਾ ਉਦੋਂ ਵੀ ਇਹ ਦੇਖ
ਮਾਂ ਬੋਲੀ ਨੂੰ ਜਦ ਆਪਣੇ ਹੀ ਮਾਰਨ ਲੱਗੇ
ਆਈਲੈਟਸ ਨੂੰ ਬਣਾ ਕੇ ਇੱਕ ਡਿਗਰੀ
ਨੌਜਵਾਨਾਂ ਨੂੰ ਜਹਾਜਾਂ ਵਿੱਚ ਚਾੜਨ ਲੱਗੇ

ਮੈਂ ਚੁੱਪ ਰਿਹਾ ਉਦੋਂ ਵੀ ਇਹ ਦੇਖ
ਜਦ ਬਿਰਧ ਆਸ਼ਰਮ 'ਚ ਬੁਢਾਪਾ ਰੁਲਦਾ ਰਿਹਾ
ਔਲਾਦ ਹੁੰਦਿਆਂ ਵੀ ਬੇਔਲਾਦ ਹੋਏ ਮਾਪੇ
ਪਾਣੀ ਅੱਖੀਆਂ ਦਾ ਤੇਲ ਵਾਂਗ ਬਲਦਾ ਰਿਹਾ

ਮੈਂ ਚੁੱਪ ਰਿਹਾ ਉਦੋਂ ਵੀ ਇਹ ਦੇਖ
ਸਿਰ ਤੇ ਰੱਬ ਬਣ ਬੈਠੇ ਪੁਜਾਰੀ ਬਾਬੇ
ਸਰਧਾ ਦੇ ਨਾਮ ਤੇ ਨਿਤ ਸ਼ੋਸਣ ਕਰਦੇ
ਧਰਮ ਧੰਦਾ ਬਣਾ ਬਣੇ ਵਿਉਪਾਰੀ ਬਾਬੇ

ਹੁਣ ਵੀ ਜੇ ਚੁੱਪ ਰਿਹਾ ਇਹ ਸਭ ਦੇਖ
ਸ਼ਾਮਿਲ ਹੋ ਜਾਣਾ ਮੈਂ ਗੁਨਾਹਗਾਰਾਂ ਵਿੱਚ
ਆਉਣ ਵਾਲੀ ਪੀੜ੍ਹੀ ਜਵਾਬ ਮੰਗੂ 'ਸੋਹੀ'
ਨਾਮ ਜੁੜ ਨਾ ਜਾਵੇ ਕਿਤੇ ਗੱਦਾਰਾਂ ਵਿੱਚ

ਗੁਰਮੀਤ ਸਿੰਘ ਸੋਹੀ
ਪਿੰਡ -ਅਲਾਲ(ਧੂਰੀ)

ਗੀਤ

ਖਿੜਿਆ ਹੋਇਆ ਫੁੱਲ ਗੁਲਾਬੀ ਇਹ ਮੇਰਾ ਪੰਜਾਬ।
ਜਿੱਥੇ ਰਹਿੰਦੇ ਨੇ ਪੰਜਾਬੀ ਇਹ ਮੇਰਾ ਪੰਜਾਬ?

ਲੱਖਾਂ ਹੀ ਕੁਰਬਾਨੀਆਂ ਵਿੱਚੋਂ ਨਿਕਲੀ ਸੁਰਖ਼ ਸਿਆਹੀ।
ਫਿਰ ਕਿਧਰੇ ਸੀ ਪੈਦਾ ਹੋਏ ਆਜ਼ਾਦੀ ਦੇ ਰਾਹੀ।
ਸੁੰਦਰ, ਦਿਲਕਸ਼ ਲਿਖਤ ਕਿਤਾਬੀ ਇਹ ਮੇਰਾ ਪੰਜਾਬ।
ਖਿੜਿਆ ਹੋਇਆ ਫੁੱਲ ਗੁਲਾਬੀ ਇਹ ਮੇਰਾ ਪੰਜਾਬ।

ਭਾਰਤ ਦੇ ਸਿਰ ਉਤੇ ਬੱਝੀ ਕਿੰਨੀ ਸੁਹਣੀ ਲਗਦੀ।
ਉਚ ਹਿਮਾਲਾ ਪਰਬਤ ਵਾਂਗੂੰ ਮਜ਼ਬੂਤੀ ਵਿਚ ਖੜ੍ਹਦੀ।
ਤੁਰਲੇ ਵਾਲੀ ਪੱਗ ਨਵਾਬੀ ਇਹ ਮੇਰਾ ਪੰਜਾਬ।
ਖਿੜਿਆ ਹੋਇਆ ਫੁੱਲ ਗੁਲਾਬੀ ਇਹ ਮੇਰਾ ਪੰਜਾਬ।

ਖੇਤਾਂ ਨੇ ਜਦ ਪਾਣੀ ਵਾਲੇ ਪੈਰ੍ਹੀਂ ਘੁੰਗਰੂ ਪਾਏ।
ਪਤਝੜ ਵਾਲੇ ਖੋਲ੍ਹੇ ਜੰਦਰੇ ਹਰਿਆਵਲ ਲੈ ਆਏ।
ਖਿੜ੍ਹਦੇ ਮੌਸਮ ਦੀ ਹੈ ਚਾਬੀ ਇਹ ਮੇਰਾ ਪੰਜਾਬ।
ਖਿੜਿਆ ਹੋਇਆ ਫੁੱਲ ਗੁਲਾਬੀ ਇਹ ਮੇਰਾ ਪੰਜਾਬ।

ਦੁਸ਼ਮਣ ਜੇਕਰ ਅੱਖ ਵਿਖਾਵੇ ਘੂਰੀ ਦੇ ਨਾਲ ਮਾਰੇ।
ਜੇ ਚਾਵਹੇ ਤਾਂ ਚਾੜ੍ਹ ਦਵੇ ਫ਼ਿਰ ਸਿੱਖਰ ਦੁਪਹਿਰੇ ਤਾਰੇ।
ਦੁਸ਼ਮਣ ਦੇ ਲਈ ਬਹੁਤ ਹਿਸਾਬੀ ਇਹ ਮੇਰਾ ਪੰਜਾਬ।
ਖਿੜਿਆ ਹੋਇਆ ਫੁੱਲ ਗੁਲਾਬੀ ਇਹ ਮੇਰਾ ਪੰਜਾਬ।

ਰਿਸ਼ਤੇ ਨਾਤੇ ਏਦਾਂ ਜਿੱਦਾਂ ਘਿਉ ਵਿਚ ਕੁੱਜਾ ਮਿਸਰੀ।
ਸਾਗ ਸਰੋਂ ਦਾ, ਰੋ ਦਾ ਛੰਨਾ, ਮੱਖਣ ਵਾਲੀ ਖਿਚੜੀ।
ਜਿੱਥੇ ਨੱਚਣ ਦੇਵਰ ਭਾਬੀ ਇਹ ਮੇਰਾ ਪੰਜਾਬ।
ਖਿੜਿਆ ਹੋਇਆ ਫੁੱਲ ਗੁਲਾਬੀ ਇਹ ਮੇਰਾ ਪੰਜਾਬ?

ਹਾਕਮ ਨੇ ਖੁਦ ਜ਼ਖ਼ਮੀ ਕੀਤੀ ਤੀਰ ਚਲਾ ਕੇ ਯਾਰੋ।
ਇਸ ਦੇ ਪਿੱਛੇ ਕਿਸ ਦਾ ਹੱਥ ਹੈ ਸੋਚੋ ਹੋਰ ਵਿਚਾਰੋ?
ਅੰਬਰ ਛੂਹਦੀ ਸੀ ਮੁਰਗਾਬੀ ਇਹ ਮੇਰਾ ਪੰਜਾਬ।
ਖਿੜਿਆ ਹੋਇਆ ਫੁੱਲ ਗੁਲਾਬੀ ਇਹ ਮੇਰਾ ਪੰਜਾਬ।

'ਬਾਲਮ' ਇਸ ਦੇ ਮੁਖੜੇ ਉਤੋਂ ਰੰਗਤ ਮੁਕਦੀ ਜਾਵੇ।
ਬਿਨ ਪਾਣੀ ਦੇ ਮੱਛੀ ਵਾਂਗੂ ਤੜਪੇ ਤੇ ਕੁਰਲਾਏ।
ਰੰਗਾਂ ਵਿਚ ਜਿਉਂ ਰੰਗ ਸ਼ਬਾਬੀ ਇਹ ਮੇਰਾ ਪੰਜਾਬ।
ਖਿੜਿਆ ਹੋਇਆ ਫੁੱਲ ਗੁਲਾਬੀ ਇਹ ਮੇਰਾ ਪੰਜਾਬ।

ਬਲਵਿੰਦਰ 'ਬਾਲਮ' ਗੁਰਦਾਸਪੁਰ
98156-25409

ਦੋਹੇ

ਬਹੁਤ ਤਰੱਕੀ ਕਰ ਗਿਆ, ਇਸ ਯੁੱਗ ਵਿੱਚ ਇਨਸਾਨ।
ਪਰ ਨਾ ਕੋਈ ਜਾਣਦਾ ਉਸਦਾ ਦਾ ਵਿਧੀ ਵਿਧਾਨ।

ਜਿਹੜੇ ਹਨੇਰਾ ਚੀਰਦੇ ਪਹੁੰਚਣ ਮੰਜ਼ਲ ਤੀਕ।
ਉਹ ਚੋਟੀ ਤੇ ਪਹੁੰਚ ਕੇ ਵਾਹ ਦਿੰਦੇ ਨੇ ਲੀਕ।

ਬੀਤੇ ਵੇਲੇ ਹੋ ਗਏ, ਚੰਗੇ ਰਸਮ ਰਿਵਾਜ਼
ਲੋਕੀ ਉਹਨੂੰ ਸ਼ੋਭਦੇ ਜੋ ਚੰਗਾ ਕਰਦਾ ਕਾਜ਼।

ਹਾਲ ਬੁਰਾ ਮਜ਼ਦੂਰ ਦਾ, ਤੇ ਕਰਜ਼ ਹੇਠ ਕਿਰਸਾਨ।
ਪੈਸੇ ਲੈ ਕੇ ਵਿੱਕ ਗਿਆ ਇਹਨਾਂ ਦਾ ਪਰਧਾਨ।

ਘਰ ਨੂੰ ਜਿੰਦਰੇ ਲਾ ਗਏ, ਤੁਰ ਗਏ ਨੇ ਪਰਦੇਸ।
ਹੁੰਦੇ ਸੁੰਦੇ ਕੁੱਝ ਲੱਭਣਗੇ ਜਦ ਪਰਤਣਗੇ ਦੇਸ਼।

ਪਰ ਵਰਗਾ ਰਿਹਾ ਨਾ ਲੋਕਾਂ ਵਿੱਚ ਪਿਆਰ।
ਵਕਤ ਬੁਰਾ ਹੈ ਵਧ ਰਹੀ ਆਪਸ ਵਿੱਚ ਤਕਰਾਰ।

ਲਹੂ ਹੀ ਚਿੱਟੇ ਹੋ ਗਏ, ਪੁੱਠਾ ਵਹਿੰਦਾ ਵਹਿਣ।
ਇਕੱਠੇ ਘਰ ਪਰਿਵਾਰ ਨੇ, ਨਾ ਇਕੱਠੇ ਹੋ ਕੇ ਬਹਿਣ।

ਨਸ਼ਿਆਂ ਵਿੱਚ ਜਵਾਨੀਆਂ ਨਾ ਜੁੱਸੇ ਤੇ ਜਾਨ।
ਨਾਅਰਾ ਬਣਕੇ ਰਹਿ ਗਿਆ ਜੈ ਜਵਾਨ ਕਿਸਾਨ।

ਫ਼ੀਰ, ਹਰ ਸ਼ੈਅ ਮਿਲਦੀ ਅੱਜ ਮਿਲਾਵਟ ਖੋਰ।
ਹੱਥੋ ਹੱਥੀ ਲੁੱਟਦੇ ਥਾਂ ਥਾਂ ਬੈਠੇ ਚੋਰ।

ਜਸਵੀਰ ਫ਼ੀਰਾ
8437368027

ਚੜ੍ਹਦੀ ਕਲਾ

ਸਭ ਨਾਲ ਮਿਲਜੁਲ ਰਹੀਏ,
ਕਦੇ ਵੀ ਮੱਥੇ ਵੱਟ ਨਾ ਪਾਈਏ।
ਚੜ੍ਹਦੀ ਕਲਾ 'ਚ ਰਹੀਏ,
ਨਾਲੇ ਸਭ ਦੀ ਖ਼ੈਰ ਮਨਾਈਏ।
ਜੀਵਨ ਦੇ ਵਿੱਚ ਦੁਖ-ਸੁਖ,
ਹਾਸੇ-ਰੋਣੇ ਆਉਂਦੇ ਰਹਿੰਦੇ।
ਅਸਲੀ ਉਹ ਇਨਸਾਨ ਨੇ ਜਿਹੜੇ,
ਨਾਲ ਇਨ੍ਹਾਂ ਦੇ ਖਹਿੰਦੇ।
ਕਾਮ, ਕ੍ਰੋਧ ਸਭ ਬੁਰੇ ਐਬ ਨੇ,
ਨਾ ਬਣੀਏ ਹੰਕਾਰੀ।
ਲੋਭ, ਮੋਹ ਦੇ ਨੇੜ ਨਾ ਜਾਈਏ,
ਇਹ ਹੈ ਬੁਰੀ ਬੀਮਾਰੀ।
ਚੰਗੀ ਨਾ ਇਹ ਗੱਲ,
ਹਮੇਸ਼ਾ ਵਿੱਚ ਉਦਾਸੀ ਰਹਿਣਾ।
ਨਸ਼ਾ ਕਰਨ ਵਾਲੇ ਦੇ ਨੇੜੇ,
ਭੁੱਲ ਕੇ ਕਦੇ ਨਾ ਬਹਿਣਾ।
ਚੰਗਾ ਸਾਹਿਤ ਪੜ੍ਹੀਏ,
ਜਿਸ ਨਾਲ ਹੋਵੇ ਸੋਚ ਉਚੇਰੀ।
ਪਰਉਪਕਾਰ ਦੀ ਭਾਵਨਾ ਰੱਖੀਏ,
ਕਰੋ ਨਾ ਮੇਰੀ ਮੇਰੀ।
ਅੱਗੇ ਵਧਣ ਦੀ ਤਾਂਘ ਜੇ ਹੋਵੇ,
ਹੋ ਜਾਂਦੇ ਸੌ ਹੀਲੇ।
ਕੋਈ ਅਟਕ ਵੀ ਰਾਹ ਨਾ ਰੋਕੇ,
ਮਰਦ ਅਸੀਂ ਅਣਖੀਲੇ।
ਆਸ ਨਾ ਰੱਖੋ ਜੱਗ ਵਿੱਚ ਕੋਈ,
ਦੁਖ ਤੰਗੀ ਨਾ ਆਵੇ।
ਸਿੱਖਣਾ ਚਾਹੀਏ ਵੱਲ ਜਿਵੇਂ,
ਉਹ ਆਵੇ ਤੇ ਲੰਘ ਜਾਵੇ।

-ਪ੍ਰੋ. ਨਵ ਸੰਗੀਤ ਸਿੰਘ
9417692015

ਉਸਦੀ ਦੀਦ

ਉਸਦੀ ਦੀਦ ਦੀ ਖਾਤਰ ਜਾਂਦਾ ਮਰਿਆ ਏ
ਤਾਂਹੀ ਤੇ ਦਿਲ ਰਹਿੰਦਾ ਭਰਿਆ ਭਰਿਆ ਏ

ਨੈਣਾ ਵਾਲ਼ਾ ਕੱਚਾ ਕੋਠਾ ਚੋਣ ਡਿਆ
ਯਾਦ ਦਾ ਬੱਦਲ ਐਨਾਂ ਜੋਰੀਂ ਵਰਿਆ ਏ

ਉਸ ਕਮਲ਼ੀ ਨੂੰ ਕੋਈ ਖ਼ਬਰ ਤੇ ਸਾਰ ਨਹੀਂ
ਜਿਸ ਦੇ ਪਿੱਛੇ ਮੈਂ ਐਨਾਂ ਕੁਝ ਜਰਿਆ ਏ

ਖਵਾਹਿਸ਼ ਰੱਖੀ ਸਾਰੀ ਦੁਨੀਆਂ ਜਿੱਤਣ ਦੀ
ਐ ਪਰ ਉਹਦੇ ਅੱਗੇ ਸਭ ਕੁਝ ਹਰਿਆ ਏ

ਕੈਸੀ ਘੁੰਮਣ ਘੇਰੀ ਦੇ ਵਿਚ ਫਸ ਗਏ ਹਾਂ
'ਨ ਡੁੱਬ ਹੋਵੇ, 'ਨਾ ਹੀ ਜਾਂਦਾ ਤਰਿਆ ਏ

ਕੋਈ ਜਾਕੇ ਕਹਿ ਦਿਓ 'ਮੰਗਲ਼ੀ ਵਾਲ਼ੇ ਨੂੰ'
ਤੇਰੇ ਵਾਜੋਂ 'ਸੋਨੂੰ' ਜਾਂਦਾ ਮਰਿਆ ਏ

ਸੋਨੂੰ ਮੰਗਲੀ
8194958011

ਸੋਹਣੀ ਰੁੱਤ

ਪੌਣਾਂ ਵਿੱਚ ਸੁਗੰਧੀਆਂ ਘੁਲੀਆਂ,
ਹਰ ਪਾਸੇ ਹਰਿਆਲੀ ਛਾਈ।
ਖੇਤਾਂ ਵਿੱਚ ਬਹਾਰਾਂ ਆਈਆਂ,
ਜੋਬਨ ਮੱਤੀ ਰੁੱਤ ਨਸ਼ਿਆਈ।
ਪੀਲੇ ਫੁੱਲ ਸਰੋਆਂ ਨੂੰ ਲੱਗੇ,
ਤਿੱਤਲੀਆਂ ਭੌਰੇ ਹੋਏ ਸ਼ੁਦਾਈ।
ਰੁੱਖਾਂ ਉੱਤੇ ਕਰੂੰਬਲਾਂ ਫੁੱਟੀਆਂ,
ਪੱਤਝੜ ਰੁੱਤ ਹੋ ਗਈ ਪਰਾਈ।
ਕੱਕਰ ਪਾਲਾ ਉੱਡ ਪੁੱਡ ਚੱਲਿਆ,
ਜਦ ਸੂਰਜ ਨੇ ਕਿਰਨ ਦਿਖਾਈ।
ਇਸੇ ਰੁੱਤ ਵਿੱਚ ਹੋਲੀ ਆਉਂਦੀ,
ਸੋਹਣੇ ਰੰਗਾਂ ਵਿੱਚ ਰੰਗਾਈ।
ਇਹ ਰੁੱਤਾਂ ਵਿੱਚੋਂ ਰੁੱਤ ਹੈ ਵਧੀਆ,
ਗੁਰੂਆਂ ਨੇ ਕੀਤੀ ਵਿਡਿਆਈ।
ਚਾਰੇ ਪਾਸੇ ਰੌਣਕਾਂ ਲੱਗੀਆਂ,
ਪੰਛੀ ਚੜ੍ਹਚੋਲੇ ਜਾਂਦੇ ਪਾਈ।
ਪੱਤੋ, ਆਪਣਾ ਮਨ ਤੂੰ ਰੰਗ ਲੈ,
ਰੰਗ ਮਜੀਠਾ ਲੈ ਚੜ੍ਹਾਈ।

ਹਰਪ੍ਰੀਤ ਪੱਤੋ
94658-21417

ਸ਼ਾਬਾਸ ! ਪੰਜਾਬੀਓ

2024 ਚੋਣ ਵਰ੍ਹਾ ਗਿਆ ਆ।
ਚੜਿਆ ਪੰਜਾਬੀਆਂ ਨੂੰ ਗੋਡੇ ਗੋਡੇ ਚਾਅ।
ਕਿੰਨੇ ਹਾਂ ਗੰਭੀਰ ਦਿੱਤਾ ਬਹੁਤਿਆਂ ਵਿਖਾਅ।
ਬਾਕੀ ਕੰਮਕਾਰ ਸਭ ਦਿੱਤੇ ਨੇ ਭੁਲਾਅ।
ਗਿਆਨ, ਧਿਆਨ ਦਿੱਤੇ ਕਿੱਡੇ ਮੁੱਦੇ 'ਤੇ ਟਿਕਾਅ।
ਜਿੱਥੇ ਲੋਟ ਲੱਗਾ ਉੱਥੇ ਦਿੱਤਾ ਏ ਉਠਾਅ।
ਕਿ 'ਸਾਗਰ ਦੀ ਵਹੁਟੀ ਲੈਂਦੀ ਇੰਡੀਕਾ ਚਲਾਅ।'
ਬੋਲਿਆਂ ਦੇ ਕੰਨਾਂ 'ਚ ਵੀ ਦਿੱਤਾ ਵੇਖ ਪਾ।
ਰੋਮੀ ਤੇਰੇ ਵਰਗਿਆਂ ਤੋਂ ਉੱਡੀ ਨਾ ਸੁਆਹ।
ਘੜਾਮੇਂ ਪਿੰਡ ਕਾਹਤੋਂ ਰਿਹਾ ਬੇਜ਼ਤੀ ਕਰਾ।
ਸੰਘਰਸ਼ ਦੇ ਵਿੱਚ ਤੂੰ ਵੀ ਯੋਗਦਾਨ ਪਾ।
ਬਹੁਤਾ ਨ੍ਹੀ ਤਾਂ ਬੱਸ ਇੱਕ ਵਾਰ ਤਾਂ ਵੇ ਗਾ
ਕਿ 'ਸਾਗਰ ਦੀ ਵਹੁਟੀ ਲੈਂਦੀ ਇੰਡੀਕਾ ਚਲਾਅ।'
'ਸਾਗਰ ਦੀ ਵਹੁਟੀ ਲੈਂਦੀ ਇੰਡੀਕਾ ਚਲਾਅ।'

ਰੋਮੀ ਘੜਾਮੇਂ ਵਾਲਾ।
9855281105

ਗ਼ਜ਼ਲ

ਵੱਢ ਕੇ ਰੁੱਖ ਤੂੰ ਕੀਤਾ ਖਾਲੀ ਥਾਂ,
ਹੁਣ ਧੁੱਪ ਤੋਂ ਬਚਣ ਲਈ ਭਾਲੇਂ ਛਾਂ।

ਚਾਰੇ ਪਾਸੇ ਕੋਈ ਰੁੱਖ ਨਹੀਂ,
ਬੈਠਣ ਕਿੱਥੇ ਚਿੜੀਆਂ, ਘੁੱਗੀਆਂ, ਕਾਂ?

ਜਦ ਤੱਕ ਉਹਨਾਂ ਨੂੰ ਮਾਇਆ ਨਾ ਮਿਲੇ,
ਬਾਬੂ ਕੰਮ ਲਈ ਨਹੀਂ ਕਰਦੇ ਹਾਂ।

ਮੇਰੇ ਜਿਹਾ ਮਿਲ ਉਸ ਨੂੰ ਹੋਰ ਗਿਆ,
ਉਹ ਕਿਉਂ ਚੇਤੇ ਰੱਖਦਾ ਮੇਰਾ ਨਾਂ?

ਰੱਬ ਇਕ ਹੈ, ਉਹ ਵੱਸਦਾ ਹੈ ਸਭ ਵਿੱਚ,
ਲੋਕਾਂ ਉਸ ਦੇ ਰੱਖੇ ਬਥੇਰੇ ਨਾਂ।

ਕਾਮੇ ਦੀ ਹਾਲਤ ਬਹੁਤੇ ਮਾੜੀ,
ਤਾਂ ਹੀ ਉਸ ਦੀ ਖਾਤਰ ਲਿਖਦੇ ਹਾਂ।

ਮਹਿੰਦਰ ਸਿੰਘ ਮਾਨ
9915803554

ਜੰਗਲਾਂ ਨੂੰ ਬਚਾਉਣ ਦੀ ਚੁਣੌਤੀ



ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ

ਮਨੁੱਖਾਂ ਅਤੇ ਜਾਨਵਰਾਂ ਤੋਂ ਇਲਾਵਾ, ਰੁੱਖਾਂ ਅਤੇ ਜੰਗਲਾਂ ਦਾ ਵੀ ਵਾਤਾਵਰਣ ਸੰਤੁਲਨ ਬਣਾਈ ਰੱਖਣ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਹੈ। ਵਾਸਤਵ ਵਿੱਚ, ਜੰਗਲ ਜਾਨਵਰਾਂ ਦੀਆਂ ਕਈ ਕਿਸਮਾਂ ਲਈ ਕੁਦਰਤੀ ਨਿਵਾਸ ਸਥਾਨ ਹਨ ਅਤੇ ਨਾਲ ਹੀ ਭੋਜਨ ਦਾ ਇੱਕ ਸਰੋਤ ਵੀ ਹਨ। ਆਕਸੀਜਨ ਧਰਤੀ 'ਤੇ ਜੀਵਨ ਲਈ ਸਭ ਤੋਂ ਜ਼ਰੂਰੀ ਤੱਤ ਹੈ ਇਹ ਧਰਤੀ 'ਤੇ ਜੰਗਲ ਹਨ ਜੋ ਵਾਯੂਮੰਡਲ ਵਿੱਚੋਂ ਕਾਰਬਨ ਡਾਈਆਕਸਾਈਡ ਨੂੰ ਵੱਡੀ ਮਾਤਰਾ ਵਿੱਚ ਸੋਖ ਲੈਂਦੇ ਹਨ ਅਤੇ ਇਸਨੂੰ ਆਕਸੀਜਨ ਵਿੱਚ ਬਦਲਦੇ ਹਨ। ਜੰਗਲ ਬਾਰਸ਼ ਪ੍ਰਦਾਨ ਕਰਦੇ ਹਨ, ਤਾਪਮਾਨ ਨੂੰ ਕੰਟਰੋਲ ਕਰਦੇ ਹਨ, ਮਿੱਟੀ ਦੇ ਕਟਣ ਨੂੰ ਰੋਕਦੇ ਹਨ ਅਤੇ ਜੈਵ ਵਿਭਿੰਨਤਾ ਦੀ ਰੱਖਿਆ ਕਰਦੇ ਹਨ। ਇਹ ਸੁਰੱਖਿਅਤ ਰੱਖਣ ਵਿੱਚ ਸਹਾਇਕ ਹਨ ਅਤੇ ਸਹੀ ਅਰਥਾਂ ਵਿੱਚ ਧਰਤੀ ਉੱਤੇ ਪਾਈ ਜਾਣ ਵਾਲੀ ਜੈਵ ਵਿਭਿੰਨਤਾ ਜੰਗਲਾਂ ਕਾਰਨ ਹੈ। ਧਰਤੀ ਦੇ ਤਾਪਮਾਨ ਨੂੰ ਕੰਟਰੋਲ ਕਰਨ ਵਿੱਚ ਜੰਗਲ ਅਹਿਮ ਭੂਮਿਕਾ ਨਿਭਾਉਂਦੇ ਹਨ। ਹਾਲਾਂਕਿ, ਦੁਨੀਆ ਭਰ ਵਿੱਚ ਅੰਨ੍ਹੇਵਾਹ ਜੰਗਲਾਂ ਦੀ ਕਟਾਈ ਕਾਰਨ, ਧਰਤੀ ਉੱਤੇ ਜੰਗਲਾਂ ਅਤੇ ਉਨ੍ਹਾਂ ਵਿੱਚ ਰਹਿਣ ਵਾਲੇ ਜਾਨਵਰਾਂ ਦੇ ਰਹਿਣ ਵਾਲੇ ਸਥਾਨਾਂ ਵਿੱਚ ਕਾਫ਼ੀ ਕਮੀ ਆਈ ਹੈ। ਹਰ ਸਾਲ ਲੱਗਣ ਵਾਲੀਆਂ ਅੱਗਾਂ ਕਾਰਨ ਲੱਖਾਂ ਹੈਕਟੇਅਰ ਜੰਗਲ ਅਤੇ ਜਾਨਵਰਾਂ ਦੀਆਂ ਕਈ ਕਿਸਮਾਂ ਨਸ਼ਟ ਹੋ ਜਾਂਦੀਆਂ ਹਨ। ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਮੁਤਾਬਕ ਪਿਛਲੇ ਤਿੰਨ ਦਹਾਕਿਆਂ ਵਿਚ ਦੁਨੀਆ ਭਰ ਵਿਚ ਲਗਭਗ ਇਕ ਅਰਬ ਏਕੜ ਜੰਗਲੀ ਖੇਤਰ ਖਤਮ ਹੋ ਗਿਆ ਹੈ।ਆਰ ਨੂੰ ਨਸ਼ਟ ਕਰ ਦਿੱਤਾ ਗਿਆ ਹੈ। ਕੁਝ ਦਹਾਕੇ ਪਹਿਲਾਂ ਤੱਕ ਧਰਤੀ ਦਾ ਪੰਜਾਹ ਫ਼ੀਸਦੀ ਹਿੱਸਾ ਜੰਗਲਾਂ ਨਾਲ ਢੱਕਿਆ ਹੋਇਆ ਸੀ, ਹੁਣ ਇਹ ਘਟ ਕੇ ਸਿਰਫ਼ ਤੀਹ ਫ਼ੀਸਦੀ ਰਹਿ ਗਿਆ ਹੈ। ਜੇਕਰ ਇਸੇ ਰਫ਼ਤਾਰ ਨਾਲ ਜੰਗਲ ਤਬਾਹ ਹੁੰਦੇ ਰਹੇ ਤਾਂ ਇਹ ਹੋਰ ਵੀ ਘਟਣਗੇ।

ਵਾਤਾਵਰਨ ਮਾਹਿਰਾਂ ਅਨੁਸਾਰ ਜੰਗਲਾਂ ਦੀ ਘਟਦੀ ਗਿਣਤੀ ਦਾ ਸਿੱਧਾ ਅਸਰ ਜੈਵ ਵਿਭਿੰਨਤਾ 'ਤੇ ਪਵੇਗਾ। ਇਸ ਨਾਲ ਆਉਣ ਵਾਲੇ ਸਮੇਂ ਵਿੱਚ ਜਿੱਥੇ ਜਲ ਚੱਕਰ, ਮਿੱਟੀ ਦੀ ਸੰਭਾਲ ਅਤੇ ਜੀਵ-ਮੰਡਲ 'ਤੇ ਡੂੰਘਾ ਪ੍ਰਭਾਵ ਪਵੇਗਾ, ਉੱਥੇ ਹੀ ਜਾਨਵਰਾਂ ਦੇ ਰਹਿਣ-ਸਹਿਣ ਨੂੰ ਵੀ ਖ਼ਤਰਾ ਪੈਦਾ ਹੋਵੇਗਾ ਅਤੇ ਅਨਿਸ਼ਚਿਤ ਮੌਸਮ ਦੇ ਗੰਭੀਰ ਨਤੀਜੇ ਹੋਣਗੇ। ਧਰਤੀ 'ਤੇ ਜੰਗਲਾਂ ਦੀ ਅੰਨ੍ਹੇਵਾਹ ਕਟਾਈ ਕਾਰਨ ਸ.'ਗਲੋਬਲ ਵਾਰਮਿੰਗ' ਦੇ ਨਾਲ-ਨਾਲ ਕੁਦਰਤੀ ਆਫ਼ਤਾਂ ਦੀ ਤੀਬਰਤਾ ਲਗਾਤਾਰ ਵਧ ਰਹੀ ਹੈ। ਜੰਗਲ ਧਰਤੀ ਦੇ ਫੇਫੜਿਆਂ ਵਾਂਗ ਕੰਮ ਕਰਦੇ ਹਨ, ਜੋ ਵਾਯੂਮੰਡਲ ਵਿੱਚੋਂ ਸਲਫਰ ਡਾਈਆਕਸਾਈਡ, ਨਾਈਟ੍ਰੋਜਨ ਆਕਸਾਈਡ, ਅਮੋਨੀਆ, ਓਜ਼ੋਨ ਆਦਿ ਵਰਗੀਆਂ ਪ੍ਰਦੂਸ਼ਿਤ ਗੈਸਾਂ ਨੂੰ ਸੋਖ ਲੈਂਦੇ ਹਨ ਅਤੇ ਜ਼ਰੂਰੀ ਹਵਾ ਨੂੰ ਵਾਯੂਮੰਡਲ ਵਿੱਚ ਛੱਡਦੇ ਹਨ। ਇਹੀ ਕਾਰਨ ਹੈ ਕਿ 'ਅੰਤਰਰਾਸ਼ਟਰੀ ਜੰਗਲਾਤ ਦਿਵਸ' ਜਾਂ 'ਵਿਸ਼ਵ ਜੰਗਲਾਤ ਦਿਵਸ' ਹਰ ਸਾਲ ਵਿਸ਼ਵ ਪੱਧਰ 'ਤੇ ਲੋਕਾਂ ਨੂੰ ਜੰਗਲਾਂ ਦੀ ਮਹੱਤਤਾ ਤੋਂ ਜਾਣੂ ਕਰਵਾਉਣ, ਇਨ੍ਹਾਂ ਦੀ ਸੰਭਾਲ ਲਈ ਸਮਾਜ ਦਾ ਯੋਗਦਾਨ ਪਾਉਣ ਅਤੇ ਰੁੱਖ ਲਗਾਉਣ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਮਨਾਇਆ ਜਾਂਦਾ ਹੈ। ਇਸਦੇ ਲਈ, ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੁਆਰਾ ਹਰ ਸਾਲ ਇੱਕ ਥੀਮ ਨਿਰਧਾਰਤ ਕੀਤਾ ਜਾਂਦਾ ਹੈ, ਜਿਸ ਨੂੰ ਜੰਗਲਾਂ 'ਤੇ ਸਹਿਯੋਗੀ ਭਾਈਵਾਲੀ ਦੁਆਰਾ ਚੁਣਿਆ ਜਾਂਦਾ ਹੈ। ਇਸ ਸਾਲ ਇਸ ਦਾ ਥੀਮ 'ਫੋਰੈਸਟ ਐਂਡ ਇਨੋਵੇਸ਼ਨ' ਰੱਖਿਆ ਗਿਆ ਹੈ। ਇਹ ਥੀਮ ਜੰਗਲਾਂ ਦੀ ਰੱਖਿਆ, ਪ੍ਰਬੰਧਨ ਅਤੇ ਬਹਾਲੀ ਵਿੱਚ ਤਕਨਾਲੋਜੀ ਅਤੇ ਰਚਨਾਤਮਕ ਪਹੁੰਚ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕਰਦਾ ਹੈ ਅਤੇ ਨਵੀਨਤਾ ਦੁਆਰਾ ਨਿਭਾਈ ਗਈ ਮਹੱਤਵਪੂਰਨ ਭੂਮਿਕਾ 'ਤੇ ਵਿਸ਼ੇਸ਼ ਜ਼ੋਰ ਦਿੰਦਾ ਹੈ। ਜੇਕਰ ਅਸੀਂ ਸ਼ੁਰੂ ਤੋਂ ਲੈ ਕੇ ਹੁਣ ਤੱਕ ਦੀ ਸਮੱਗਰੀ 'ਤੇ ਨਜ਼ਰ ਮਾਰੀਏ ਤਾਂ 2014 ਤੋਂ 2021 ਦੇ ਵਿਚਕਾਰ ਅੰਤਰਰਾਸ਼ਟਰੀ ਜੰਗਲਇਸ ਦਿਨ ਦੇ ਵਿਸ਼ੇ ਹਨ 'ਸਾਡੇ ਜੰਗਲ, ਸਾਡਾ ਭਵਿੱਖ', 'ਜੰਗਲ, ਜਲਵਾਯੂ ਤਬਦੀਲੀ', 'ਜੰਗਲ ਅਤੇ ਪਾਣੀ', 'ਜੰਗਲ ਅਤੇ ਊਰਜਾ', 'ਜੰਗਲ ਅਤੇ ਸ਼ਹਿਰ', 'ਜੰਗਲ ਅਤੇ ਸਿੱਖਿਆ', 'ਜੰਗਲ ਅਤੇ ਜੈਵ ਵਿਭਿੰਨਤਾ'।

ਜੰਗਲ ਬਹਾਲੀ: 'ਰਿਕਵਰੀ ਅਤੇ ਤੰਦਰੁਸਤੀ ਦਾ ਮਾਰਗ' ਅਤੇ 'ਜੰਗਲ ਅਤੇ ਟਿਕਾਊ ਉਤਪਾਦਨ ਅਤੇ ਖਪਤ' ਨੂੰ ਅੱਗੇ ਰੱਖਿਆ ਗਿਆ ਹੈ। ਭਾਰਤ ਵਿੱਚ ਮੁੱਖ ਤੌਰ 'ਤੇ ਸਦਾਬਹਾਰ ਜੰਗਲ, ਮੈਂਗਰੋਵ ਜੰਗਲ, ਕੋਨੀਫੇਰਸ ਜੰਗਲ, ਪਤਝੜ ਵਾਲੇ ਜੰਗਲ, ਸਮਸ਼ੀਨ ਜੰਗਲ ਹਨ। ਸਦਾਬਹਾਰ ਜੰਗਲਾਂ ਨੂੰ ਮੀਂਹ ਦੇ ਜੰਗਲ ਵੀ ਕਿਹਾ ਜਾਂਦਾ ਹੈ, ਜੋ ਕਿ ਭਾਰਤ ਵਿੱਚ ਪੱਛਮੀ ਘਾਟ, ਅੰਡੇਮਾਨ ਅਤੇ ਨਿਕੋਬਾਰ ਟਾਪੂ ਅਤੇ ਉੱਤਰ-ਪੂਰਬੀ ਭਾਰਤ ਵਿੱਚ ਉੱਚ ਵਰਖਾ ਵਾਲੇ ਖੇਤਰਾਂ ਵਿੱਚ ਪਾਏ ਜਾਂਦੇ ਹਨ। ਇਨ੍ਹਾਂ ਖੇਤਰਾਂ ਵਿੱਚ, ਦਰੱਖਤ ਇਕੱਠੇ ਵਧਦੇ ਹਨ ਅਤੇ ਅਜਿਹੀ ਛੱਤ ਬਣਾਉਂਦੇ ਹਨ ਕਿ ਸੂਰਜ ਦੀ ਰੌਸ਼ਨੀ ਜ਼ਮੀਨ ਤੱਕ ਨਹੀਂ ਪਹੁੰਚ ਸਕਦੀ ਅਤੇ ਇਸ ਲਈ ਜ਼ਮੀਨ 'ਤੇ ਵੱਡੀ ਗਿਣਤੀ ਵਿੱਚ ਰੁੱਖ ਅਤੇ ਪੌਦੇ ਉੱਗਦੇ ਹਨ। ਮੈਂਗਰੋਵ ਜੰਗਲ ਡੈਲਟੇਕ ਖੇਤਰਾਂ ਅਤੇ ਨਦੀਆਂ ਦੇ ਕਿਨਾਰਿਆਂ ਦੇ ਨਾਲ ਉੱਗਦੇ ਹਨ ਅਤੇ ਨਦੀਆਂ ਦੁਆਰਾ ਚੁੱਕੀ ਮਿੱਟੀ ਦੇ ਨਾਲ ਖਾਰੇ ਅਤੇ ਤਾਜ਼ੇ ਪਾਣੀ ਵਿੱਚ ਆਸਾਨੀ ਨਾਲ ਉੱਗਦੇ ਹਨ। ਨੁਕੀਲੇ ਪੱਤਿਆਂ ਵਾਲੇ ਕਾਫ਼ੀ ਸਿੱਧੇ ਅਤੇ ਉੱਚੇ ਰੁੱਖਾਂ ਵਾਲੇ ਕੋਨੀਫੇਰਸ ਜੰਗਲ ਜ਼ਿਆਦਾਤਰ ਘੱਟ ਤਾਪਮਾਨ ਵਾਲੇ ਖੇਤਰਾਂ ਜਿਵੇਂ ਕਿ ਹਿਮਾਲੀਅਨ ਪਹਾੜਾਂ ਵਿੱਚ ਪਾਏ ਜਾਂਦੇ ਹਨ। ਇਹਨਾਂ ਰੁੱਖਾਂ ਵਿੱਚੋਂਸ਼ਾਖਾਵਾਂ ਹੇਠਾਂ ਵੱਲ ਝੁਕੀਆਂ ਹੋਈਆਂ ਹਨ, ਇਸਲਈ ਉਹਨਾਂ ਦੀਆਂ ਸ਼ਾਖਾਵਾਂ 'ਤੇ ਬਰਫ਼ ਨਹੀਂ ਰਹਿ ਸਕਦੀ। ਪਤਝੜ ਵਾਲੇ ਜੰਗਲ ਮੱਧਮ ਵਰਖਾ ਵਾਲੇ ਖੇਤਰਾਂ ਵਿੱਚ ਪਾਏ ਜਾਂਦੇ ਹਨ, ਜਿੱਥੇ ਮੀਂਹ ਕੁਝ ਮਹੀਨਿਆਂ ਲਈ ਹੀ ਹੁੰਦਾ ਹੈ। ਜਦੋਂ ਮਾਨਸੂਨ ਆਉਂਦਾ ਹੈ, ਜਦੋਂ ਭਾਰੀ ਮੀਂਹ ਪੈਂਦਾ ਹੈ ਅਤੇ ਸੂਰਜ ਦੀ ਰੌਸ਼ਨੀ ਜ਼ਮੀਨ ਤੱਕ ਪਹੁੰਚਦੀ ਹੈ, ਤਾਂ ਇਹ ਜੰਗਲ ਤੇਜ਼ੀ ਨਾਲ ਵਧਦੇ ਹਨ ਅਤੇ ਮਾਨਸੂਨ ਦੌਰਾਨ ਹੀ ਇਹ ਸੰਘਣੇ ਹੋ ਜਾਂਦੇ ਹਨ। ਇਨ੍ਹਾਂ ਰੁੱਖਾਂ ਦੇ ਪੱਤੇ ਗਰਮੀਆਂ ਅਤੇ ਸਰਦੀਆਂ ਦੇ ਮੌਸਮ ਵਿੱਚ ਝੜ ਜਾਂਦੇ ਹਨ ਅਤੇ ਚੈਤਰ ਦੇ ਮਹੀਨੇ ਇਨ੍ਹਾਂ ਉੱਤੇ ਨਵੇਂ ਪੱਤੇ ਉੱਗਣੇ ਸ਼ੁਰੂ ਹੋ ਜਾਂਦੇ ਹਨ। ਖਜੂਰ, ਕੈਕਟਸ, ਹੌਥਰਨ ਵਰਗੇ ਪੌਦੇ ਅਤੇ ਛੋਟੇ, ਮੋਟੇ ਅਤੇ ਮੋਮੀ ਪੌਦੇ। ਸੰਘਣੇ ਪੱਤਿਆਂ ਵਾਲੇ ਕੰਡੇਦਾਰ ਜੰਗਲ ਘੱਟ ਨਮੀ ਵਾਲੇ ਖੇਤਰਾਂ ਵਿੱਚ ਪਾਏ ਜਾਂਦੇ ਹਨ, ਜਿਨ੍ਹਾਂ ਦੀਆਂ ਰੇਸ਼ੇਦਾਰ ਜੜ੍ਹਾਂ ਮਿੱਟੀ ਵਿੱਚ ਡੂੰਘੀਆਂ ਹੁੰਦੀਆਂ ਹਨ। ਇਨ੍ਹਾਂ ਜੰਗਲਾਂ ਵਿਚ ਕੰਡੇਦਾਰ ਦਰੱਖਤ ਦੂਰ-ਦੂਰ ਤੱਕ ਸਥਿਤ ਹਨ, ਜੋ ਪਾਣੀ ਦੀ ਬਚਤ ਕਰਦੇ ਹਨ। ਗਰਮ ਖੰਡੀ ਜੰਗਲ ਭੂਮੱਧ ਰੇਖਾ ਦੇ ਨੇੜੇ ਪਾਏ ਜਾਂਦੇ ਹਨ, ਜਦੋਂ ਕਿ ਤਪਸ਼ ਵਾਲੇ ਜੰਗਲ ਮੱਧਮ ਉਚਾਈ 'ਤੇ ਅਤੇ ਖੰਭਿਆਂ ਦੇ ਨੇੜੇ ਬੋਰੀਅਲ ਜੰਗਲਾਂ 'ਤੇ ਪਾਏ ਜਾਂਦੇ ਹਨ। 1987 ਤੋਂ, ਕੇਂਦਰੀ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਮੰਤਰਾਲਾ ਦੇਸ਼ ਵਿੱਚ ਜੰਗਲਾਂ ਅਤੇ ਰੁੱਖਾਂ ਦੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਹਰ ਦੋ ਸਾਲਾਂ ਬਾਅਦ ਇੱਕ ਰਿਪੋਰਟ ਪ੍ਰਕਾਸ਼ਤ ਕਰਦਾ ਹੈ। 2019 ਤੋਂ ਬਾਅਦ 2022 ਵਿੱਚਮੰਤਰਾਲੇ ਵੱਲੋਂ ਜਾਰੀ 'ਸੱਤਰਵੀਂ ਇੰਡੀਆ ਫੋਰੈਸਟ ਸਟੇਟਸ ਰਿਪੋਰਟ 2021' ਵਿੱਚ ਕਿਹਾ ਗਿਆ ਹੈ ਕਿ 2019 ਤੋਂ 2021 ਦਰਮਿਆਨ ਦੋ ਸਾਲਾਂ ਵਿੱਚ ਦੇਸ਼ ਭਰ ਵਿੱਚ ਜੰਗਲਾਂ ਅਤੇ ਰੁੱਖਾਂ ਨਾਲ ਢੱਕੀ ਜ਼ਮੀਨ ਦਾ ਖੇਤਰਫਲ 2261 ਵਰਗ ਕਿਲੋਮੀਟਰ ਵਧੇਗਾ। ਹਾਲਾਂਕਿ 2017 ਦੇ ਮੁਕਾਬਲੇ 2019 ਵਿੱਚ ਜੰਗਲਾਂ ਅਤੇ ਰੁੱਖਾਂ ਦੇ ਘੇਰੇ ਵਿੱਚ 5188 ਵਰਗ ਕਿਲੋਮੀਟਰ ਦਾ ਵਾਧਾ ਦਰਜ ਕੀਤਾ ਗਿਆ ਸੀ, ਪਰ ਇਸ ਸਬੰਧ ਵਿੱਚ 2019 ਅਤੇ 2021 ਦਰਮਿਆਨ ਵਾਧਾ ਕਾਫ਼ੀ ਘੱਟ ਸੀ। ਰਿਪੋਰਟ ਮੁਤਾਬਕ ਦੇਸ਼ 'ਚ ਜੰਗਲਾਂ ਦਾ ਘੇਰਾ ਹੁਣ 809537 ਵਰਗ ਕਿਲੋਮੀਟਰ ਤੱਕ ਪਹੁੰਚ ਗਿਆ ਹੈ। ਨਵੀਂ ਸਰਵੇਖਣ ਰਿਪੋਰਟ ਅਨੁਸਾਰ ਹੁਣ ਦੇਸ਼ ਦੇ ਕੁੱਲ ਭੂਗੋਲਿਕ ਖੇਤਰ ਦਾ 24.6% ਹਿੱਸਾ ਹੈਜ਼ਮੀਨ ਦਾ 2 ਫੀਸਦੀ ਹਿੱਸਾ ਜੰਗਲਾਂ ਅਤੇ ਰੁੱਖਾਂ ਨਾਲ ਢੱਕਿਆ ਹੋਇਆ ਹੈ, ਜਦੋਂ ਕਿ ਰਾਸ਼ਟਰੀ ਜੰਗਲਾਤ ਨੀਤੀ – 1988 ਵਿੱਚ ਦੇਸ਼ ਦੇ ਕੁੱਲ ਭੂਮੀ ਖੇਤਰ ਦਾ 33 ਫੀਸਦੀ ਹਿੱਸਾ ਜੰਗਲਾਂ ਨਾਲ ਢੱਕਣ ਦਾ ਟੀਚਾ ਮਿੱਥਿਆ ਗਿਆ ਸੀ, ਯਾਨੀ ਅਸੀਂ ਅਜੇ ਬਹੁਤ ਦੂਰ ਹਾਂ। ਟੀਚੇ ਤੋਂ ਬਹੁਤ ਦੂਰ. 2021 ਗਲਾਸਗੋ ਜਲਵਾਯੂ ਸੰਮੇਲਨ ਵਿੱਚ, ਸੌ ਤੋਂ ਵੱਧ ਦੇਸ਼ਾਂ ਨੇ ਸਾਲ 2030 ਤੱਕ ਜੰਗਲਾਂ ਦੀ ਕਟਾਈ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦਾ ਵਾਅਦਾ ਕੀਤਾ ਸੀ। ਜੰਗਲਾਂ ਦੀ ਅੰਨ੍ਹੇਵਾਹ ਕਟਾਈ ਅਤੇ ਵਧ ਰਹੇ ਪ੍ਰਦੂਸ਼ਣ ਕਾਰਨ ਦੁਨੀਆ ਭਰ ਦੇ ਕਈ ਗਲੇਸ਼ੀਅਰ ਹੁਣ ਲੁਪਤ ਹੋਣ ਦੀ ਕਗਾਰ 'ਤੇ ਹਨ ਅਤੇ 'ਗਲੋਬਲ ਵਾਰਮਿੰਗ' ਦਾ ਖ਼ਤਰਾ ਲਗਾਤਾਰ ਵਧਦਾ ਜਾ ਰਿਹਾ ਹੈ, ਜਿਸ ਕਾਰਨ ਪਿਛਲੇ ਕੁਝ ਸਾਲਾਂ ਤੋਂਪੂਰੀ ਦੁਨੀਆ 'ਚ ਮੌਸਮ 'ਚ ਵੱਡੇ ਬਦਲਾਅ ਦੇਖਣ ਨੂੰ ਮਿਲ ਰਹੇ ਹਨ। ਇਹੀ ਕਾਰਨ ਹੈ ਕਿ ਪੂਰੀ ਦੁਨੀਆ ਨੂੰ ਜੰਗਲਾਂ ਦੀ ਤਬਾਹੀ ਨੂੰ ਰੋਕਣ ਲਈ ਇਕਜੁੱਟ ਹੋ ਕੇ ਸਾਰਥਕ ਪਹਿਲਕਦਮੀਆਂ ਕਰਨ ਦੀ ਸਖ਼ਤ ਲੋੜ ਮਹਿਸੂਸ ਹੋਣ ਲੱਗੀ ਹੈ।

ਡਾ. ਸੁਰਿੰਦਰ ਮੰਡ

ਹਰ ਮਰਜ਼ ਦੀ ਦਵਾ ਚੇਤੰਨਤਾ

ਇੱਕ ਪਾਸੇ ਭਾਜਪਾ ਦੀ ਅਗਵਾਈ ਵਾਲਾ 40 ਕੁ ਦੇ ਕਰੀਬ ਪਾਰਟੀਆਂ ਦਾ ਐਨਡੀਏ ਸਿਆਸੀ ਗੱਠਜੋੜ ਅਤੇ ਦੂਜੇ ਪਾਸੇ 25 ਕੁ ਵਿਰੋਧੀ ਪਾਰਟੀਆਂ ਦੇ 'ਇੰਡੀਆ' ਫਰੰਟ ਦਰਮਿਆਨ 2024 ਦੀਆਂ ਲੋਕ ਸਭਾ ਚੋਣ ਦਾ ਮੁੱਖ ਮੁਕਾਬਲਾ ਹੋ ਰਿਹਾ ਦਿੱਸਦਾ ਹੈ। ਇਸ ਸੱਚਾਈ ਦੇ ਹੁੰਦਿਆਂ ਮੋਦੀ ਖੇਮੇ ਵੱਲੋਂ 'ਇਕ ਅਕੇਲਾ ਸਭ ਪਰ ਭਾਰੀ' ਦਾ ਪ੍ਰਚਾਰ ਅਤੇ ਦਾਅਵਾ ਕਰਨਾ ਝੂਠ ਹੈ ਕਿਉਂਕਿ ਚਾਣੀਬਾਜ਼ ਹੋਣਾ ਅੰਦਰੂਨੀ ਕਮਜ਼ੋਰੀ ਦੀ ਨਿਸ਼ਾਨੀ ਵੀ ਹੁੰਦੀ ਹੈ।

ਪੰਜਾਬ ਵਿੱਚ ਅਕਾਲੀ-ਭਾਜਪਾ ਗੱਠਜੋੜ ਵੀ ਤਕਰੀਬਨ ਮੁੜ ਕੇ ਫਿਰ ਹੋ ਚੁੱਕਾ ਹੈ, ਬਸ ਐਲਾਨ ਲਈ ਕਿਸਾਨ ਅੰਦੋਲਨ ਦੇ ਮੱਠਾ ਪੈਣ ਦੀ ਉਡੀਕ ਹੋ ਰਹੀ ਹੈ। ਜਿਵੇਂ ਪਹਿਲਾਂ ਮਹਾਰਾਸ਼ਟਰ ਦੀ ਸ਼ਿਵ ਸੈਨਾ, ਹਰਿਆਣਾ ਦੇ ਕੁਲਦੀਪ ਬਿਸ਼ਨੋਈ ਦੀ ਪਾਰਟੀ ਅਤੇ ਅਸਮ ਗਣ ਪ੍ਰੀਸ਼ਦ ਨੂੰ ਸਮਝੌਤੇ ਕਰਕੇ ਭਾਰਤੀ ਜਨਤਾ ਪਾਰਟੀ ਨਿਗਲੀ, ਠੀਕ ਓਸੇ ਤਰ੍ਹਾਂ ਭਾਜਪਾ ਦੀ ਹੁਣ ਅਕਾਲੀ ਦਲ, ਨਿਤੀਸ਼ ਕੁਮਾਰ ਦੀ ਜੇਡੀਯੂ, ਯੂ.ਪੀ. ਦੇ ਜੈਯੰਤ ਚੌਧਰੀ ਅਤੇ ਕਰਨਾਟਕ ਵਿੱਚ ਦੇਵਗੌੜਾ ਦੀ ਪਾਰਟੀ ਨੂੰ ਨਿਗਲ ਜਾਣ ਦੀ ਰਣਨੀਤੀ ਜਾਪਦੀ ਹੈ। ਇਸ ਦੀਆਂ ਐਨਾ ਡੀਐਮਕੇ ਅਤੇ ਆਂਧਰਾ ਪ੍ਰਦੇਸ਼ ਵਾਲੇ ਚੰਦਰ ਬਾਬੂ ਨਾਇਡੂ ਵੱਲ ਵੀ ਨਜ਼ਰਾਂ ਹਨ।

ਉਂਜ ਸ਼੍ਰੋਮਣੀ ਅਕਾਲੀ ਦਲ ਦੀ ਜਥੇਬੰਦੀ ਅਤੇ ਬਹੁਤੇ ਲੀਡਰਾਂ ਨੂੰ ਤਾਂ ਭਾਜਪਾ ਅੰਦਰੋਂ ਅੰਦਰੀ 25 ਸਾਲਾਂ 'ਚ ਖਾ ਚੁੱਕੀ ਹੈ, ਸਿਰਫ਼ ਚਿਹਰੇ-ਮੋਹਰੇ ਤੋਂ ਹੀ ਅਕਾਲੀ ਦਲ ਜਾਪ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬੀ ਅਣਖ ਤੇ ਵਿਚਾਰਧਾਰਾ ਮੁਰਝਾ ਗਈ ਹੈ। ਸਿੱਖੀ, ਪੰਜਾਬੀਅਤ ਅਤੇ ਤਮਾਮ ਇਤਿਹਾਸਕ ਵਿਰਾਸਤ ਦੀ ਆਰਐੱਸਐੱਸ ਨੁਮਾ ਵਿਆਖਿਆ ਦਾ ਅਕਾਲੀ ਦਲ ਮੋਹਰਾ ਅਤੇ ਪਲੇਟਫਾਰਮ ਬਣ ਗਿਆ ਹੈ। ਮੌਜੂਦਾ ਸਮੇਂ ਭਾਜਪਾ ਨਾਲ ਸਮਝੌਤਾ ਅਕਾਲੀਆਂ ਦੇ ਬਚੇ ਖੁਚੇ ਕਿਸਾਨੀ ਆਧਾਰ ਨੂੰ ਹੋਰ ਖੋਰੇਗਾ।

ਵਿਰੋਧੀ ਦਲਾਂ ਦੇ 'ਇੰਡੀਆ ਫਰੰਟ' ਨੇ ਜੇਕਰ ਸਿਆਸੀ ਲਚਕ ਤੇ ਫੁਰਤੀ ਸਿੱਖਣੀ ਹੈ ਤਾਂ ਮੋਦੀ ਤੋਂ ਸਿੱਖੇ। ਉਂਜ ਟੀ.ਵੀ 'ਤੇ ਬੜਾ ਸ਼ੋਰ ਸੁਣੀਂਦਾ ਹੈ ਕਿ ਫਿਰ ਮੋਦੀ ਸਰਕਾਰ ਆ ਰਹੀ ਹੈ ਕਿਉਂਕਿ ਇਸ ਨੇ ਫਲਾਣੀ ਫਲਾਣੀ ਇਮਾਰਤ ਬਣਾ ਦਿੱਤੀ। ਉਨ੍ਹਾਂ ਦਾ ਕਹਿਣਾ ਹੈ ਕਿ ਲੋਕੀਂ ਜਜ਼ਬਾਤੀ ਹੋ ਜਾਵੇ, ਹੋਰ ਕੁਝ ਨਾ ਸੋਚੇ ਪਰ ਜਾਪਦਾ ਹੈ ਕਿ ਭਾਜਪਾ ਨੇ 200 ਸੀਟਾਂ ਦੇ ਆਸ ਪਾਸ ਹੀ ਰਹਿਣਾ ਹੈ ਕਿਉਂਕਿ ਹਰੇਕ ਨੂੰ ਤਿੰਨ ਵੇਲੇ ਭੁੱਖ ਵੀ ਲੱਗਦੀ ਹੈ, ਮਹਿੰਗਾਈ ਨੇ ਲੱਕ ਤੋੜਿਆ ਪਿਆ ਹੈ, ਲੋਕਾਂ ਨੂੰ ਆਪਣੀ ਔਲਾਦ ਦੀ ਪੜ੍ਹਾਈ ਤੇ ਰੁਜ਼ਗਾਰ ਦੀ ਚਿੰਤਾ ਹੈ, ਬੇਇਲਾਜੇ ਮਰ ਰਹੇ ਹਨ, ਕਿਸਾਨੀ ਨੂੰ ਫ਼ਸਲਾਂ ਦਾ ਘੱਟੋ ਘੱਟ ਭਾਅ ਦੇਣ ਨੂੰ ਵੀ ਸਰਕਾਰ ਤਿਆਰ ਨਹੀਂ, ਮਜ਼ਦੂਰ ਢੰਗ ਖਾਣ ਤੇ ਕਮਾਉਣ ਨੂੰ ਤਰਸ ਰਹੇ ਹਨ, ਜਿਉਣ ਜੋਗੀ ਬੁਢਾਪਾ ਪੈਨਸ਼ਨ ਕਿਸੇ ਦੇ ਏਜੰਡੇ ਉੱਤੇ ਨਹੀਂ, ਪੈਨਸ਼ਨ ਤਾਂ ਸਰਕਾਰੀ ਮੁਲਾਜ਼ਮਾਂ ਦੀ ਵੀ ਬੰਦ ਕਰ ਦਿੱਤੀ ਗਈ, 'ਅਗਨੀਵੀਰ' ਨਾਲ ਮੋਦੀ ਨੇ ਫ਼ੌਜ ਪ੍ਰਤੀ ਖਿੱਚ ਵੀ ਖ਼ਤਮ ਕਰ ਦਿੱਤੀ ਹੈ। ਅਜਿਹੀ ਨਿਰਾਸ਼ਾ ਵਿੱਚ ਬਹੁਤੀ ਪੜ੍ਹੀ ਲਿਖੀ ਨੌਜਵਾਨੀ ਵਿਦੇਸ਼ ਜਾ ਰਹੀ ਹੈ।

ਦੇਸ਼ ਵਿੱਚ ਸਨਅਤੀਕਰਨ ਵਿਕਾਸ ਲਈ ਤਰਸ ਰਿਹਾ ਹੈ, ਖੇਤੀ ਆਧਾਰਿਤ ਜਾਂ ਰੁਜ਼ਗਾਰ-ਮੁਖੀ ਵਿਕਾਸ ਮਾਡਲ ਵੱਲ ਮੌਜੂਦਾ ਕੇਂਦਰ ਸਰਕਾਰ ਨੇ ਪਿੱਠ ਕੀਤੀ ਹੋਈ ਹੈ, ਵੱਡੇ ਕਾਰੋਬਾਰੀਆਂ ਤੋਂ ਚੋਣ ਫੰਡ ਲੈ ਕੇ ਉਨ੍ਹਾਂ ਨੂੰ ਗੱਫੇ ਦਿੱਤੇ ਗਏ, ਸਭ ਸਰਕਾਰੀ ਕੰਮ ਹਿੱਸਾ-ਪੱਤੀ ਲੈ ਕੇ ਠੇਕੇਦਾਰਾਂ ਹਵਾਲੇ, ਫ਼ਸਲੀ ਬੀਮਾ ਯੋਜਨਾ ਰਾਹੀਂ ਸਿੱਧੀ ਕਿਸਾਨੀ ਲੁੱਟ, ਮੰਡੀ ਤੰਤਰ ਉੱਤੇ ਬੇਲਗਾਮ ਵਪਾਰੀਆਂ ਦਾ ਕਬਜ਼ਾ, ਇੱਥੋਂ ਤੱਕ ਕਿ ਜਿਹੜੀ ਸਰਕਾਰ ਸਿਰਫ਼ ਪੰਜ ਸਾਲ ਦੇਸ਼ ਚਲਾਉਣ ਲਈ ਚੁਣੀ ਗਈ, ਉਹ ਦੇਸ਼ ਦੇ ਸਭ ਅਹਿਮ ਸਰਕਾਰੀ ਅਦਾਰੇ ਹੀ ਆਪਣੇ ਬੇਲੀਆਂ ਨੂੰ ਵੇਚਣ ਦੇ ਰਾਹੇ ਪੈ ਗਈ। ਕੇਂਦਰ ਸਰਕਾਰ ਦੇ ਸਿਰ ਚੜ੍ਹੇ ਕਰਜ਼ੇ ਦਾ ਵਿਆਜ ਕੁੱਲ ਬਜਟ ਦੇ ਤੀਜੇ ਹਿੱਸੇ ਤੋਂ ਵੀ ਵੱਧ ਹੈ। 'ਤਰੱਕੀ' ਤਾਂ ਏਨੀ ਹੋ ਚੁੱਕੀ ਹੈ ਕਿ ਦੇਸ਼ ਦੇ 85 ਕਰੋੜ ਲੋਕ ਮਹੀਨੇ ਦਾ ਪੰਜ ਕਿਲੋ ਆਟਾ ਲੈਣ ਲਈ ਮੰਗਤਿਆਂ ਵਾਂਗ ਹਰ ਮਹੀਨੇ ਝੋਲੀ ਫੈਲਾਉਂਦੇ ਹਨ। ਇਹ 'ਵਿਕਾਸ' ਦਾ ਮਤਲਬ ਨਹੀਂ ਹੈ। ਵਿਕਾਸ ਦਾ ਮਤਲਬ ਉਹ ਹੁੰਦਾ ਜਦੋਂ ਸਭ ਲੋਕਾਂ ਦੀ ਜ਼ਿੰਦਗੀ ਵਿੱਚ ਹਾਂ ਪੱਖੀ ਤਬਦੀਲੀ ਆਵੇ।

ਇੱਕ ਹੋਰ ਪੱਖ ਹੈ ਸਰਕਾਰ ਅਤੇ ਉਸ ਦੇ ਮੀਡੀਆ ਵੱਲੋਂ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਗੰਭੀਰ ਮੁੱਦਿਆਂ 'ਤੇ ਵਿਚਾਰ ਚਰਚਾ ਜਾਂ ਫ਼ਿਕਰਮੰਦੀ ਕਰਨ ਦੀ ਬਜਾਏ, ਧਰਮ ਆਧਾਰਿਤ ਨਫ਼ਰਤੀ ਗੱਲਾਂ ਨੂੰ ਹਵਾ ਦੇ ਕੇ ਆਪਣੇ ਫਾਇਦੇ ਦੇਖਣੇ। ਉਨ੍ਹਾਂ ਨੇ ਡਰ ਪੈਦਾ ਕਰਨਾ ਅਤੇ ਵੋਟਾਂ ਲੈਣ ਨੂੰ ਹੀ ਆਪਣਾ ਮੂਲ ਏਜੰਡਾ ਬਣਾਇਆ ਹੋਇਆ ਹੈ। ਇਸ ਵਕਤੀ ਵੋਟ ਲਾਭ ਲਈ ਅੱਗ ਨਾਲ ਖੇਡਿਆ ਜਾ ਰਿਹਾ ਹੈ। ਇਸ ਤੋਂ ਜਾਪਦਾ ਹੈ ਕਿ ਮੁਲਕ ਦੇ ਵੱਕਾਰ ਅਤੇ ਅਮਨ ਸ਼ਾਂਤੀ ਦੀ ਕਿਸੇ ਨੂੰ ਕੋਈ ਫ਼ਿਕਰ ਹੀ ਨਹੀਂ। ਕੇਂਦਰ ਸਰਕਾਰ ਦਾ ਆਪਣਾ ਸਾਬਕਾ ਰਾਜਪਾਲ ਸਤਪਾਲ ਮਲਿਕ ਕਈ ਵਾਰ ਕਹਿ ਚੁੱਕਾ ਹੈ ਕਿ ਮੋਦੀ ਸਰਕਾਰ ਭਾਵੁਕ ਕਰਕੇ ਚੋਣ ਜਿੱਤਣ ਲਈ ਕੋਈ ਵੀ ਵੱਡੀ ਵਾਰਦਾਤ ਖ਼ੁਦ ਕਰਵਾ ਸਕਦੀ ਹੈ। ਉਹ ਵਾਰ ਵਾਰ ਕਹਿ ਰਿਹਾ ਹੈ ਕਿ "ਜੇ ਮੋਦੀ ਤੀਜੀ ਵਾਰ ਜਿੱਤ ਗਿਆ ਤਾਂ ਇਸ ਤੋਂ ਬਾਅਦ ਕੋਈ ਚੋਣ ਨਹੀਂ ਹੋਵੇਗੀ।" ਇਸ ਤੋਂ ਇਲਾਵਾ ਗੁੱਝਾ ਏਜੰਡਾ ਤਾਂ ਅਮਰੀਕੀ ਤਰਜ਼ ਉੱਤੇ ਰਾਸ਼ਟਰਪਤੀ ਪ੍ਰਣਾਲੀ ਲਿਆਉਣ ਦਾ ਵੀ ਝਾਉਲਾ ਜਿਹਾ ਪਾਉਂਦਾ ਹੈ ਤਾਂ ਕਿ ਇੱਕ ਬੰਦਾ ਹੀ ਸਭ ਉੱਤੇ ਭਾਰੂ ਹੋਇਆ ਰਹੇ। ਮਨਸ਼ਾ ਤਾਂ ਇੰਗਲੈਂਡ-ਅਮਰੀਕਾ ਵਾਂਗ ਦੋ-ਪਾਰਟੀ ਸਿਸਟਮ ਬਣਾ ਦੇਣ ਦੀਆਂ ਗੋਂਦਾਂ ਗੁੰਦਣ ਦੀ ਵੀ ਲੱਗਦੀ ਹੈ ਤਾਂ ਕਿ ਅਦਲ ਬਦਲ ਕੇ ਵੱਡੀਆਂ ਪਾਰਟੀਆਂ ਵਾਰੀ ਬੰਨ੍ਹ ਲੈਣ। ਸ਼ਾਇਦ ਤਾਂ ਹੀ ਸੰਘੀ ਢਾਂਚੇ ਨੂੰ ਲਗਾਤਾਰ ਕਮਜ਼ੋਰ ਕੀਤਾ ਜਾ ਰਿਹਾ ਹੈ ਤੇ ਕੇਂਦਰ ਨੂੰ ਅਸੀਮ ਤਾਕਤਾਂ ਦੇਣ ਦਾ ਰੁਝਾਨ ਜ਼ੋਰ ਫੜ ਰਿਹਾ ਹੈ। ਵੇਖਿਆ ਗਿਆ ਹੈ ਕਿ ਕਿਸੇ ਸਿਰਫਿਰੇ ਆਗੂ ਵਿੱਚ ਤਾਨਾਸ਼ਾਹੀ ਰੁਝਾਨ ਜਦੋਂ ਝੱਖੜ ਵਾਂਗ ਝੁੱਲਦਾ ਹੈ ਤਾਂ ਉਹ ਕੇਵਲ ਵਿਰੋਧੀਆਂ ਲਈ ਹੀ ਤਬਾਹੀ ਨਹੀਂ ਬਣਦਾ ਸਗੋਂ ਆਪਣੇ ਸਿਰਕੱਢ ਸਾਥੀਆਂ ਨੂੰ ਵੀ ਰਗੜ ਸੁੱਟਦਾ ਹੈ। ਫਿਰ ਸਦੀਆਂ ਤੱਕ ਕਈ ਪੀੜ੍ਹੀਆਂ ਜ਼ਖ਼ਮ ਹੰਢਾਉਂਦੀਆਂ ਹਨ। ਇਸੇ ਲਈ ਜ਼ਰੂਰੀ ਹੈ ਕਿ ਜਾਗਰੂਕ ਲੋਕ ਕਦੀ ਕਿਸੇ ਬੰਦੇ ਨੂੰ ਮੁਲਕ ਤੇ ਧਰਮ ਨਾਲੋਂ ਵੱਡਾ ਹੋਣ ਦਾ ਭਰਮ ਨਾ ਪਾਲਣ ਦੇਣ।

ਰਾਜਨੀਤੀ ਬੁਰੀ ਨਹੀਂ, ਰਾਜਨੀਤੀ ਨੇ ਹੀ ਕਿਸੇ ਮੁਲਕ ਦੀ ਅਗਵਾਈ ਕਰਨੀ ਹੈ ਤੇ ਤਰੱਕੀ ਨੂੰ ਦਿਸ਼ਾ ਦੇਣੀ ਹੈ। ਬਸ ਲੋੜ ਹੈ ਲੋਕਾਂ ਨੂੰ ਚੇਤੰਨ ਹੋਣ ਦੀ, ਆਪਣਾ ਭਲਾ ਬੁਰਾ ਪਛਾਣਨ ਦੀ। ਲੀਡਰਾਂ ਨੂੰ ਆਖਣ ਕਿ ਉਹ ਸਾਡੀ ਖ਼ੁਸ਼ਹਾਲੀ ਦੀ ਗੱਲ ਕਰਨ ਤੇ ਸਾਡੀਆਂ ਮੁਸ਼ਕਿਲਾਂ ਦਾ ਹੱਲ ਕਰਨ। ਪਾਠ ਪੂਜਾ ਅਸੀਂ ਆਪੇ ਜਿਵੇਂ ਸਾਡਾ ਜੀਅ ਕਰੂ ਅਸੀਂ ਕਰ ਲਵਾਂਗੇ, ਤੁਸੀਂ ਇੰਨੇ ਵੱਡੇ ਵਿਚੋਲੇ ਨਾ ਬਣੋ। ਰੱਬ ਲਈ ਸਭ ਇੱਕ ਬਰਾਬਰ ਹੈ।

Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD